# ਬਾਰਹਮਾਹਾ
# ਮਹੀਨਾ ਸਾਵਣਿ

***ਡਾ. ਜਗਜੀਤ ਸਿੰਘ***

ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚੋਂ ਸਾਵਣ ਮਹੀਨੇ ਦਾ ਪਾਠ ਤੇ ਵਿਆਖਿਆ–

***ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥***
***ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥***

ਹਾੜ ਦੀ ਕਹਿਰਾਂ ਦੀ ਤਪਸ਼ ਤੋਂ ਬਾਅਦ ਸਾਵਣ ਵਿਚ ਅਤਿ ਦੀ ਗਰਮੀ ਤੋਂ ਰਾਹਤ ਮਿਲਣ ਦੀ ਆਸ ਬੱਝਦੀ ਹੈ। ਇਸ ਮਹੀਨੇ ਆਕਾਸ਼ ਤੇ ਘਟਾਂ ਚੜ੍ਹਦੀਆਂ ਹਨ। ਮਨੁੱਖ, ਪਸ਼ੂ, ਪੰਛੀ ਸਭਨਾਂ ਨੂੰ ਵਰਖਾ ਦੀ ਰੁੱਤ ਮਾਣ ਕੇ ਖੁਸ਼ੀ ਹੁੰਦੀ ਹੈ, ਤਪਸ਼ ਨਾਲ ਸੁੱਕਿਆ ਮੁਰਝਾਇਆ ਘਾਹ ਵੀ ਹਰਿਆ ਹੋ ਜਾਂਦਾ ਹੈ। ਸਾਰੀ ਬਨਸਪਤੀ ਮੌਲ ਉਠਦੀ ਹੈ। ਐਸੇ ਸੁਹਾਵਣੇ ਵਾਤਾਵਰਣ ਵਿਚ ਹਰੇਕ ਪ੍ਰਾਣੀ ਦਾ ਮਨ ਵੀ ਰਸ ਭਰਪੂਰ ਹੋ ਕੇ ਬੋਲ ਉਠਦਾ ਹੈ –

ਹੇ ਮੇਰੇ ਮਨ! ਸਾਵਣ ਮਹੀਨੇ ਵਿਚ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਤੂੰ ਵੀ ਹਰਿਆ ਹੋ, ਉਮਾਹ ਵਿਚ ਆ, ਪਿਆਰੇ ਪ੍ਰੀਤਮ ਦੇ ਮਿਲਾਪ ਲਈ ਉਦਮ ਕਰ। ਪਰ ਜੇ ਜੀਵ ਇਸਤ੍ਰੀ ਦਾ ਪਿਆਰਾ ਪ੍ਰਭੂ-ਪ੍ਰਮੇਸ਼ੂਰ ਪਰਦੇਸ ਗਿਆ ਹੋਵੇ ਤਾਂ ਕਾਲੀਆਂ ਘਟਾਂ ਨੂੰ ਵੇਖ ਕੇ ਉਸ ਦਾ ਹਿਰਦਾ ਸਗੋਂ ਤੜਪ ਉਠਦਾ ਹੈ। ਕਾਲੀਆਂ ਘਟਾਵਾਂ, ਸੰਘਣੇ ਬੱਦਲ, ਰਿਮਝਿਮ ਵਰ੍ਹਦੀ ਵਰਖਾ ਉਮਾਹ ਅਤੇ ਉਤਸ਼ਾਹ ਪੈਦਾ ਕਰਨ ਦੀ ਥਾਂ ਵਿਛੋੜੇ ਨੂੰ ਹੋਰ ਦੁਖਦਾਈ ਬਣਾਉਂਦੇ ਹਨ। ਬਿਰਹੋਂ ਕੁੱਠੀ ਜੀਵ ਇਸਤ੍ਰੀ ਦੇ ਅੰਦਰੋਂ ਹਉਕਾ ਨਿਕਲਦਾ ਹੈ ਅਤੇ ਉਹ ਇਉਂ ਕਹਿੰਦੀ ਹੈ – ਹੇ ਮੇਰੀ ਮਾਂ, ਮੇਰਾ ਪਤੀ ਮੇਰੇ ਰੋਮ ਰੋਮ ਨੂੰ ਪਿਆਰਾ ਲਗ ਰਿਹਾ ਹੈ, ਮਿਲਣ ਦੀ ਲੋਚਾ ਤੀਬਰ ਹੋ ਰਹੀ ਹੈ ਪਰ ਉਹ ਤਾਂ ਪ੍ਰਦੇਸ ਗਿਆ ਹੋਇਆ ਹੈ–

***ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥***
***ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥***

ਜਿੰਨਾ ਚਿਰ ਪਤੀ ਘਰ ਨਹੀਂ ਆਉਂਦਾ, ਜਿੰਨਾ ਚਿਰ ਪਿਆਰੇ ਦਾ ਮਿਲਾਪ ਪ੍ਰਾਪਤ ਨਹੀਂ ਹੁੰਦਾ, ਮੈਂ ਬਿਰਹਾ ਦੀ ਤੜਪ ਵਿਚ ਹੌਕਿਆਂ ਨਾਲ ਮਰ ਰਹੀ ਹਾਂ। ਬਿਜਲੀ ਵੀ ਚਮਕ ਚਮਕ ਕੇ ਸਗੋਂ ਮੈਨੂੰ ਹੋਰ ਡਰਾ ਰਹੀ ਹੈ, ਮੇਰੇ ਦੁਖ ਦੀ ਪੀੜਾ ਵਧਾ ਰਹੀ ਹੈ। ਪਤੀ ਤੋਂ ਵਿਛੜੀ ਦੀ ਮੇਰੀ ਸਖਣੀ ਸੇਜਾ ਮੈਨੂੰ ਬਹੁਤ ਦੁਖਦਾਈ ਪ੍ਰਤੀਤ ਹੋ ਰਹੀ ਹੈ, ਮੇਰੇ ਲਈ ਵਿਛੋੜੇ ਦਾ ਇਹ ਦੁੱਖ ਮੌਤ ਬਰਾਬਰ ਹੋ ਗਿਆ ਹੈ।

***ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥***
***ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥***
***ਪੰਨਾ – 1107***

ਪ੍ਰਭੂ ਪਿਆਰ ਵਾਲੀ ਜੀਵ ਇਸਤ੍ਰੀ, ਪ੍ਰਭੂ ਦੇ ਵਿਛੋੜੇ ਵਿਚ ਕਿਵੇਂ ਸੁੱਖ ਮਾਣ ਸਕਦੀ ਹੈ? ਬਿਰਹਣੀ ਨੂੰ ਨਾ ਨੀਂਦ ਆਉਂਦੀ ਹੈ, ਨਾ ਭੁੱਖ ਲਗਦੀ ਹੈ, ਨਾ ਹੀ ਕੋਈ ਕਪੜਾ ਉਸ ਦੇ ਸਰੀਰ ਨੂੰ ਸੁਖਾਂਦਾ ਹੈ। ਸੁੱਖਾਂ ਦੇ ਕੋਈ ਵੀ ਸਾਧਨ ਉਸ ਨੂੰ ਖੁਸ਼ੀ ਨਹੀਂ ਦੇ ਸਕਦੇ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਉਹੀ ਭਾਗਾਂ ਵਾਲੀ ਜੀਵ ਇਸਤ੍ਰੀ ਹੈ ਅਤੇ ਓਹੀ ਪ੍ਰਭੂ ਪਿਆਰ ਨੂੰ ਮਾਣ ਸਕਦੀ ਹੈ ਜੋ ਸਦਾ ਪਤੀ ਪ੍ਰਮੇਸ਼ੂਰ ਦੀ ਯਾਦ ਵਿਚ ਲੀਨ ਰਹਿੰਦੀ ਹੈ। ਪ੍ਰਭੂ ਪਿਆਰ ਵਿਚ ਵਿਚਰਦੇ ਜੀਵਾਂ ਨੂੰ ਸੰਸਾਰਕ ਸੁਖਾਂ ਦੇ ਸਾਧਨ ਧ੍ਰੂਹ ਨਹੀਂ ਪਾ ਸਕਦੇ, ਪ੍ਰਭੂ ਪਿਆਰ ਵਿਚ ਲੀਨਤਾ ਹੀ ਉਨ੍ਹਾਂ ਦਾ ਜੀਵਨ ਲਕਸ਼ ਹੁੰਦਾ ਹੈ।

---

ਰਾਗੁ ਮਾਝ ਵਿਚ ਪ੍ਰਾਪਤ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹਾ ਵਿਚੋਂ ਸਾਵਣ ਮਹੀਨੇ ਦਾ ਪਾਠ ਅਤੇ ਸਰਲ ਵਿਆਖਿਆ

***ਰਾਗੁ ਮਾਝ ਬਾਰਹਮਾਹਾ ਮਹਲਾ ੫***

***ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥***
***ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥***
***ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥***

ਜਿਵੇਂ ਸਾਵਣ ਵਿਚ ਬਰਖਾ ਨਾਲ ਸਾਰੀ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇਂ ਹੀ ਜੀਵ ਇਸਤ੍ਰੀ ਨੂੰ ਹਾੜ ਦੀ ਤਪਸ਼ ਤੋਂ ਰਾਹਤ ਮਿਲਦੀ ਹੈ ਤੇ ਉਸ ਦਾ ਮਨ ਪਿਆਰ-ਰਸ ਨਾਲ ਭਰਪੂਰ ਹੋ ਜਾਂਦਾ ਹੈ, ਉਸਦਾ ਹਿਰਦਾ ਖਿੜ ਜਾਂਦਾ ਹੈ ਕਿਉਂਕਿ ਉਸ ਨੇ ਆਪਣੇ ਪਿਆਰੇ ਦੇ ਸੋਹਣੇ ਚਰਨਾਂ ਵਿਚ ਧਿਆਨ ਜੋੜ ਲਿਆ ਹੈ। ਉਸ ਦਾ ਤਨ ਅਤੇ ਮਨ ਪ੍ਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਪਿਆਰੇ ਪ੍ਰੀਤਮ ਦਾ ਨਾਮ ਹੀ ਉਸ ਦੀ ਜ਼ਿੰਦਗੀ ਦਾ ਸੱਚਾ ਆਸਰਾ ਬਣ ਜਾਂਦਾ ਹੈ। ਪਿਆਰ ਭਿੱਜੀ ਜੀਵ ਇਸਤ੍ਰੀ ਨੂੰ ਮਾਇਆ ਦੇ ਨਾਸ਼ਵੰਤ ਰੰਗ ਤਮਾਸ਼ੇ, ਨਿਕੰਮੇ, ਨਿਰਜਿੰਦ ਅਤੇ ਸੁਆਹ ਵਰਗੇ ਪ੍ਰਤੀਤ ਹੁੰਦੇ ਹਨ।

***ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥***
***ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥***
***ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥***

ਸਾਵਣ ਦੇ ਮਹੀਨੇ ਵਿਚ ਜਿਵੇਂ ਵਰਖਾ ਦੀਆਂ ਬੂੰਦਾਂ ਸਭਨਾਂ ਨੂੰ ਸੋਹਣੀਆਂ ਤੇ ਸੁਹਾਵਣੀਆਂ ਲਗਦੀਆਂ ਹਨ, ਤਿਵੇਂ ਪਿਆਰ ਭਿੱਜੀ ਜੀਵ ਇਸਤ੍ਰੀ ਨੂੰ ਪ੍ਰਭੂ ਪ੍ਰਮਾਤਮਾ ਦੇ ਨਾਮ ਦੀ ਆਤਮਿਕ ਜੀਵਨ ਦੇਣ ਵਾਲੀ ਅੰਮ੍ਰਿਤ ਬੂੰਦ ਮਿੱਠੀ ਤੇ ਪਿਆਰੀ ਲਗਦੀ ਹੈ। ਗੁਰੂ ਦੀ ਸੰਗਤ ਵਿਚ, ਗੁਰੂ ਪਿਆਰ ਵਾਲੇ ਸਾਧ ਜਨਾਂ ਦੀ ਸੰਗਤ ਵਿਚ ਪ੍ਰਭੂ ਪਿਆਰ ਵਾਲਾ ਨਾਮ ਅੰਮ੍ਰਿਤ ਦਾ ਰਸ ਮਾਣਦਾ ਹੈ।

ਜਿਸ ਸਰਬ ਵਿਆਪੀ ਪ੍ਰਭੂ ਦੇ ਮੇਲ ਸਦਕਾ ਸਾਰਾ ਜਗਤ, ਜੀਵ ਜੰਤ, ਬਨਸਪਤੀ ਸਭ ਕੁਝ ਹਰਿਆ ਭਰਿਆ



Sri Satguru Jagjit Singh Ji eLibrary NamdhariElibrary@gmail.com

ਹੋਇਆ ਹੈ, ਜੋ ਪ੍ਰਭੂ ਸਰਬ-ਸਮਰੱਥ ਹੈ, ਸਭ ਕੁਝ ਕਰਨਜੋਗ ਹੈ, ਸਰਬ ਵਿਆਪਕ ਹੈ ਅਤੇ ਬੇਅੰਤ ਹੈ, ਉਸ ਪ੍ਰਭੂ ਨੂੰ ਮਿਲਣ ਵਾਸਤੇ ਮੇਰਾ ਮਨ ਵੀ ਲੋਚ ਰਿਹਾ ਹੈ ਪਰ ਇਹ ਮਿਲਾਪ ਤਾਂ ਉਸ ਦੀ ਬਖਸ਼ਿਸ਼ ਹੈ, ਨਦਰ ਹੈ, ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਪ ਬਖਸ਼ਣ ਦੇ ਸਮਰੱਥ ਹੈ। ਮਨੁੱਖ ਆਪਣੀ 'ਹਉ' ਸਦਕਾ ਇਹ ਬਖਸ਼ਿਸ਼ ਪ੍ਰਾਪਤ ਨਹੀਂ ਕਰ ਸਕਦਾ।

***ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰ॥***
***ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥***
***ਸਾਵਣ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥***

ਜਿਨ੍ਹਾਂ ਜੀਵ ਇਸਤ੍ਰੀਆਂ, ਸਖੀਆਂ ਸਹੇਲੀਆਂ, ਗੁਰਮੁਖ ਪਿਆਰਿਆਂ ਪ੍ਰਭੂ ਮਿਲਾਪ ਦੀ ਬਖਸ਼ਿਸ਼ ਪ੍ਰਾਪਤ ਕਰ ਲਈ ਹੈ, ਮੈਂ ਉਨ੍ਹਾਂ ਤੋਂ ਸਦਾ ਸਦਾ ਕੁਰਬਾਨ ਜਾਂਦਾ ਹਾਂ, ਬਲਿਹਾਰ ਜਾਂਦਾ ਹਾਂ, ਉਹ ਧੰਨਤਾਯੋਗ ਹਨ। ਹੇ ਪ੍ਰਭੂ ਪ੍ਰਮਾਤਮਾ! ਮੇਰੇ ਤੇ ਵੀ ਮਿਹਰ ਕਰ, ਦਇਆ ਕਰ। ਤੂੰ ਆਪ ਹੀ ਸ਼ਬਦ ਦੇ ਅਭਿਆਸ ਦੀ ਬਖਸ਼ਿਸ਼ ਕਰਕੇ ਮੇਰੀ ਜਿੰਦ ਨੂੰ ਸਵਾਰਣਯੋਗ ਹੈਂ, ਮੇਰੀ ਸੁਰਤਿ ਨੂੰ ਨਾਮ ਵਿਚ ਜੋੜ ਕੇ ਆਪਣਾ ਪਿਆਰ ਅਤੇ ਦੀਦਾਰ ਬਖਸ਼ਿਸ਼ ਕਰ! ਮਿਹਰ ਕਰ!

ਨਿਰਸੰਦੇਹ ਸਾਵਣ ਦਾ ਮਹੀਨਾ ਉਨ੍ਹਾਂ ਜੀਵ ਇਸਤ੍ਰੀਆਂ ਵਾਸਤੇ ਸੋਹਣਾ ਸੁਹਾਵਣਾ ਅਤੇ ਸੁਖਦਾਈ ਹੈ, ਖੇੜਾ ਤੇ ਠੰਢ ਲਿਆਉਣ ਵਾਲਾ ਹੈ, ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਗਲ ਵਿਚ ਪ੍ਰਮਾਤਮਾ ਦੇ ਨਾਮ ਦਾ ਹਾਰ ਪਾਇਆ ਹੋਇਆ ਹੈ।

ਸਾਵਣ ਦੀ ਸੁਹਾਵਣੀ ਰੁੱਤ ਮਉਲੀ ਹੋਈ ਬਨਸਪਤੀ ਤੇ ਹਰਿਆਵਲ ਦਾ ਵਾਤਾਵਰਣ ਨਾਮ ਅਭਿਆਸ, ਪ੍ਰਭੂ ਪਿਆਰ ਅਤੇ ਪ੍ਰਭੂ ਮਿਲਾਪ ਲਈ ਬਹੁਤ ਅਨੁਕੂਲ ਹੈ।

### 'ਹੋਵੈ ਅਨੰਦ ਘਣਾ' ਵਿਚ ਪ੍ਰਾਪਤ 'ਸਾਵਣਿ' ਮਹੀਨੇ ਪ੍ਰਤੀ ਮਹਾਂਪੁਰਸ਼ਾਂ ਦੇ ਅਮੋਲਕ ਬਚਨ

ਹਾੜ ਦਾ ਮਹੀਨਾ ਉਨ੍ਹਾਂ ਨੂੰ ਤਪਦਾ ਪ੍ਰਤੀਤ ਨਾ ਹੋਇਆ ਜਿਨ੍ਹਾਂ ਨੇ ਅੰਦਰ ਵਾਹਿਗੁਰੂ ਜੀ ਦੇ ਚਰਨਾਂ ਦਾ ਵਾਸਾ ਸਾਖਸ਼ਾਤ ਰੂਪ ਵਿਚ ਪ੍ਰਗਟ ਤੱਕਿਆ। ਜਿਵੇਂ ਹਾੜ ਦੇ ਮਹੀਨੇ ਅੱਧੇ ਹਾੜ ਤੋਂ ਘਟਾਂ ਉਮੰਡ ਪੈਂਦੀਆਂ ਹਨ ਅਤੇ ਬੱਦਲ ਅਸਮਾਨ ਨੂੰ ਢੱਕ ਲੈਂਦੇ ਹਨ, ਠੰਢੀ ਵਾਯੂ ਰੁਮਕ ਪੈਂਦੀ ਹੈ, ਮੀਂਹ ਵਰ੍ਹਦੇ ਹਨ, ਨਦੀਆਂ, ਨਾਲੇ ਉਛਲ-ਉਛਲ ਕੇ ਚਲਦੇ ਹਨ, ਜੀਵ ਜੰਤੂ ਸੁਖ ਦਾ ਸਾਹ ਲੈਂਦੇ ਹਨ ਅਤੇ ਧਰਤੀ ਉਪਰ ਹਰਿਆਵਲ ਦ੍ਰਿਸ਼ਟੀਗੋਚਰੇ ਹੋਣ ਲਗ ਜਾਂਦੀ ਹੈ। ਸਾਰੀ ਪ੍ਰਕ੍ਰਿਤੀ ਮੀਂਹ ਦਾ ਮਿਲਾਪ ਹੋਣ ਨਾਲ ਨਿਖਾਰ ਵਿਚ ਆ ਜਾਇਆ ਕਰਦੀ ਹੈ। ਪਹਾੜਾਂ ਦੀਆਂ ਚੋਟੀਆਂ, ਕੁਠਾਰਾਂ ਧੋ ਹੋ ਜਾਂਦੀਆਂ ਹਨ, ਦਰਖਤਾਂ ਦੇ ਮੁਰਝਾਏ ਹੋਏ ਪੱਤੇ ਹਨੇਰ੍ਹੀਆਂ ਚਲ ਕੇ ਧੂੜ ਨਾਲ ਲੱਥ-ਪੱਥ ਹੋਏ ਧੋਤੇ ਜਾਂਦੇ ਹਨ ਅਤੇ ਨਿਖਰ ਕੇ ਝੂੰਮਣੀਆਂ ਵਿਚ ਆ ਜਾਂਦੇ ਹਨ। ਪਾਂਧੀ ਅਰਾਮ ਕਰਨ ਲਈ ਨਿਖਰੇ ਹੋਏ ਬ੍ਰਿਛਾਂ ਹੇਠ ਬੈਠ ਕੇ ਅਰਾਮ ਕਰਦੇ ਹਨ। ਇਸ ਵਾਤਾਵਰਣ ਦਾ ਅਸਰ, ਇਸ ਨਿਖਾਰ ਦਾ ਦ੍ਰਿਸ਼ ਆਦਮੀ ਦੇ ਸਰੀਰ ਅੰਦਰ ਇਕ ਅਜੀਬ ਹੀ ਅਸਰ ਪੈਦਾ ਕਰਿਆ ਕਰਦਾ ਹੈ। ਜੇਠ ਤੇ ਹਾੜ ਦੀ ਤਪਸ਼ ਵਿਚ ਇਹ ਤਬਦੀਲੀ ਆਦਮੀ ਦੇ ਅੰਦਰ ਇਕ ਝੁਣ-ਝੁਣੀ ਵੀ ਪੈਦਾ ਕਰਦੀ ਹੈ ਅਤੇ ਸਾਵਣ ਸ਼ੁਰੂ ਹੁੰਦੇ ਹੀ ਸਾਰਾ ਵਾਤਾਵਰਣ ਬਦਲ ਜਾਇਆ ਕਰਦਾ ਹੈ। ਪਤੀ ਦੇ ਮਿਲਾਪ ਵਿਚ ਵਿਆਕੁਲ ਹੋਈ ਸੁਹਾਗਣ ਇਸ ਠੰਢਕ ਨੂੰ ਮਹਿਸੂਸ ਕਰਕੇ ਪਿਆਰ ਦੇ ਰੰਗ ਵਿਚ ਰੱਤੀ ਜਾਂਦੀ ਹੈ ਅਤੇ ਖੇੜਾ ਉਸ ਤੋਂ ਸਾਂਭਿਆ ਨਹੀਂ ਜਾਂਦਾ, ਉਸ ਦਾ ਰੋਮ-ਰੋਮ ਖਿੜਦਾ ਹੈ-ਖਿੜਦਾ ਜਾਂਦਾ ਹੈ; ਉਹ ਖਿੜ ਜਾਂਦੀ ਹੈ -

***ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।।***
***ਪੰਨਾ - 134***

ਇਸ ਤਰ੍ਹਾਂ ਪ੍ਰਭੂ ਦੇ ਪਿਆਰ ਵਿਚ ਤੜਫ ਰਹੇ ਪਿਆਰੇ ਇਸ ਠੰਢਕ ਨੂੰ ਮਹਿਸੂਸ ਕਰਦੇ ਹਨ। ਪਿਆਰ ਦੀਆਂ ਖਿੱਚਾਂ ਉਨ੍ਹਾਂ ਦੇ ਜੀਵਨ ਨੂੰ ਕਿਸੇ ਖਾਸ ਰੰਗ ਵਿਚ ਰੰਗ ਦਿੰਦੀਆਂ ਹਨ ਅਤੇ ਨਾਮ ਧੁਨ ਇਸ ਪਿਆਰ ਵਿਚੋਂ ਗੂੰਜਦੀ ਹੈ ਅਤੇ ਪ੍ਰਭੂ ਨੂੰ ਅੰਤਸ਼ਕਰਣ ਦੀ ਸੇਜਾ ਉਤੇ ਆਇਆ ਮਹਿਸੂਸ ਕਰਦੇ ਹਨ। ਇਸ ਸੱਚੇ ਪਿਆਰ ਵਿਚ ਮਨ ਤੇ ਤਨ ਭਿੱਜ ਜਾਂਦਾ ਹੈ ਅਤੇ ਇਹ ਪਿਆਰ, ਇਹ ਨਾਮ ਧੁਨ ਉਸਦੇ ਜੀਵਨ ਦਾ ਅਧਾਰ ਬਣ ਜਾਂਦੀ ਹੈ-

***ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ।।***
***ਪੰਨਾ - 134***

ਉਸ ਜਗਿਆਸੂ ਦਾ ਜੀਅ ਕਰਦਾ ਹੈ ਕਿ ਹੁਣ ਮੇਰੇ ਨਾਲੋਂ ਪ੍ਰਭੂ ਇਕ ਛਿਨ ਵੀ ਦੂਰ ਨਾ ਹੋਵੇ ਅਤੇ ਮੈਂ ਇਸ ਪਿਆਰ ਦੇ ਰੰਗ ਨੂੰ ਆਪਣੇ ਅੰਤਸ਼ਕਰਣ ਦੀ ਸੇਜਾ ਉਪਰ ਜੀਅ ਭਰ ਕੇ ਮਾਣਾਂ। ਉਸਨੂੰ ਪ੍ਰਤੱਖ ਰੂਪ ਵਿਚ ਮਾਇਆ ਦੇ ਪਿਆਰ ਅਤੇ ਵਾਹਿਗੁਰੂ ਜੀ ਦੇ ਪਿਆਰ ਦਾ ਫਰਕ ਮਹਿਸੂਸ ਹੋ ਜਾਇਆ ਕਰਦਾ ਹੈ। ਮਾਇਆ ਦੇ ਰੰਗ ਸਾਰੇ ਫਿੱਕੇ ਹਨ, ਇਹ ਕੁਸੰਭੇ ਦੇ ਰੰਗ ਵਾਂਗੂੰ ਕੱਚੇ ਰੰਗ ਹਨ। ਇਕ ਛਿਨ ਲਈ ਚੜ੍ਹਦੇ ਹਨ ਤੇ ਦੂਜੇ ਛਿਨ ਉਤਰ ਜਾਂਦੇ ਹਨ ਪਰ ਉਹ ਸੁਭਾਗੇ ਹਨ, ਜਿਹੜੇ ਨਾਮ ਦੇ ਰੰਗ ਵਿਚ ਰੰਗੇ ਗਏ ਹਨ। ਇਹ ਰੰਗ ਕਦੇ ਮੈਲਾ ਨਹੀਂ ਹੁੰਦਾ ਅਤੇ ਨਾ ਹੀ ਲਹਿੰਦਾ ਹੈ-

***ਰਾਮ ਰੰਗੁ ਕਦੇ ਉਤਰਿ ਨ ਜਾਇ।।***
***ਗੁਰੁ ਪੂਰਾ ਜਿਸੁ ਦੇਇ ਬੁਝਾਇ।। ਪੰਨਾ - 194***

ਉਹ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਪ੍ਰਭੂ ਦਾ ਪਿਆਰ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਪਿਆਰ ਨੂੰ ਮਾਣਦੇ ਹਨ। ਉਹ ਪਿਆਰ ਇਕ ਵਾਰੀ ਆ ਗਿਆ ਫੇਰ ਸਾਰੇ ਸਰੀਰ ਦੇ ਅੰਦਰ, ਰਸਨਾ ਦੇ ਅੰਦਰ, ਸਵਾਸਾਂ ਦੇ ਅੰਦਰ, ਪਸੰਤੀ ਬਾਣੀ ਦੇ ਅੰਦਰ, ਪਰਾ ਬਾਣੀ ਦੇ ਅੰਦਰ, ਆਗਿਆ ਚੱਕਰ ਦੇ ਅੰਦਰ, ਤ੍ਰਿਕੁਟੀ ਦੇ ਅੰਦਰ, ਸਹੰਸਰਾਰ ਦਲ ਕਮਲ ਦੇ ਅੰਦਰ, ਦਸਵੇਂ ਦੁਆਰ ਦੇ ਅੰਦਰ, ਰੋਮ-ਰੋਮ ਵਿਚ, ਕਣ-ਕਣ ਵਿਚ ਸਮਾਅ ਜਾਂਦਾ ਹੈ। ਉਹ ਫੇਰ ਛੱਡ ਨਹੀਂ ਹੁੰਦਾ। ਇਸ ਅੰਮ੍ਰਿਤ ਦੀ ਕੀਮਤ ਦੁਨੀਆਂ ਵਿਚ ਕੋਈ ਨਹੀਂ ਪਾ ਸਕਦਾ -

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ।।***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ।।***
***ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ।।***
***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ।।***
***ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ।।***



Sri Satguru Jagjit Singh Ji eLibrary NamdhariElibrary@gmail.com

*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥*
*ਪੰਨਾ - 808*

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ॥ ਪੰਨਾ - 985*

ਇਹ ਰੰਗ ਚਲੂਲ ਹੈ, ਇਸ ਰੰਗ ਦੇ ਵਿਚ ਮਸਤੀ ਹੈ। ਇਹ ਪਿਆਰ ਜਦੋਂ ਨੇਤਰਾਂ ਵਿਚ ਵਸਦਾ ਹੈ ਤਾਂ ਆਪਣੇ ਪਿਆਰੇ ਤੋਂ ਬਗੈਰ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ। ਇਹ ਵਧਦਾ ਹੀ ਜਾਂਦਾ ਹੈ -

*ਸਤਿਸੰਗ ਕੀ ਰੇਣੁ ਮੁਖਿ ਲਾਗੀ*
*ਕੀਏ ਸਗਲ ਤੀਰਥ ਮਜਨੀਠਾ॥*
*ਕਹੁ ਨਾਨਕ ਰੰਗਿ ਚਲੂਲ ਭਏ ਹੈ*
*ਹਰਿ ਰੰਗੁ ਨ ਲਹੈ ਮਜੀਠਾ॥ ਪੰਨਾ - 1212*

ਅਨੰਦਪੁਰ ਸਾਹਿਬ ਦੇ ਅੰਦਰ ਭਿਅੰਕਰ ਜੁੱਧ ਹੋ ਰਿਹਾ ਹੈ। ਅੱਜ ਦੇ ਜੁੱਧ ਦੀ ਕਮਾਨ ਮੁਗਲ ਫੌਜਾਂ ਦੇ ਜਰਨੈਲ, ਰੋਪੜ ਦੇ ਪਠਾਣ, ਮੁਗਲ ਖਾਨ ਦੇ ਹੱਥ ਵਿਚ ਹੈ। ਉਸਨੇ ਪ੍ਰਣ ਕੀਤਾ ਹੋਇਆ ਹੈ ਕਿ ਅੱਜ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਜਾਂ ਸ਼ਹੀਦ ਕਰਕੇ ਜਾਂ ਜਿਉਂਦੇ ਫੜ ਕੇ ਵਾਪਸ ਆਵਾਂਗੇ। ਨਹੀਂ ਤਾਂ ਮੈਦਾਨੇ ਜੰਗ ਵਿਚ ਹੀ ਜੂਝ ਕੇ ਮਰ ਜਾਵਾਂਗੇ। ਸਾਰਾ ਦਿਨ ਇਹ ਜੁੱਧ ਬਹੁਤ ਹੀ ਭਿਆਨਕ ਚਲਦਾ ਰਿਹਾ, ਰਾਤ ਪੈ ਗਈ। ਗੁਰੂ ਮਹਾਰਾਜ ਨੇ ਜੁੱਧ ਦਾ ਹਾਲ ਪੁਛਿਆ। ਇਕ ਸ਼ਕਾਇਤ ਹੋਈ ਕਿ ਭਾਈ ਘਨਈਆ ਮੁਗਲਾਂ ਨੂੰ ਯਾਨਿ ਕਿ ਜੋ ਵੀ ਜ਼ਖਮੀ ਹੋ ਕੇ ਗਿਰਦਾ ਸੀ ਉਸ ਦੇ ਮੂੰਹ ਵਿਚ ਪਾਣੀ ਪਾਉਂਦਾ ਸੀ। ਉਹ ਹੋਸ਼ ਵਿਚ ਆ ਕੇ ਫੇਰ ਖੜ੍ਹਾ ਹੋ ਜਾਂਦਾ ਸੀ। ਉਸਨੇ ਮੁਗਲਾਂ ਦੀ ਫੌਜ ਦੇ ਫਟੜਾਂ ਨੂੰ ਪਾਣੀ ਪਿਲਾਇਆ, ਪਹਾੜੀਆਂ ਦੀ ਫੌਜ ਦੇ ਸਿਪਾਹੀਆਂ ਨੂੰ ਪਾਣੀ ਪਿਲਾਇਆ ਹੈ। ਮਹਾਰਾਜ ਜੀ! ਉਸ ਤੋਂ ਪੁੱਛ ਕਰਨੀ ਚਾਹੀਦੀ ਹੈ। ਮਹਾਰਾਜ ਜੀ ਨੇ ਭਾਈ ਘਨਈਆ ਨੂੰ ਬੁਲਾਇਆ ਜੋ ਅਜੇ ਤਕ ਵੱਡੀ ਰਾਤ ਜਾਣ ਦੇ ਵਿਪਰੀਤ ਵੀ ਫੱਟੜਾਂ ਨੂੰ ਟੋਲ੍ਹ-ਟੋਲ੍ਹ ਕੇ ਪਾਣੀ ਪਿਲਾ ਰਿਹਾ ਸੀ। ਦੇਵ ਨੇਤ ਨਾਲ ਉਸੇ ਮੁਗਲ ਜਰਨੈਲ ਖਾਨ ਦੀ ਦੰਦਲ ਭੰਨ ਕੇ, ਉਸ ਦਾ ਸੀਸ ਆਪਣੇ ਪੱਟ ਤੇ ਰੱਖ ਕੇ ਉਸਨੂੰ ਪਾਣੀ ਪਿਲਾ ਰਿਹਾ ਸੀ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆਉਣ ਤੇ ਉਸਨੂੰ ਪੁਛਿਆ ਗਿਆ ਕਿ ਤੂੰ ਪਾਣੀ ਕਿਸਨੂੰ ਪਿਲਾਉਂਦਾ ਸੀ। ਇਸ ਰੰਗ ਰਤੜੇ ਪਿਆਰੇ ਦੇ ਰੋਮ-ਰੋਮ ਵਿਚ ਪ੍ਰਭੂ ਪਿਆਰ ਦੀ ਅਤਿ ਠੰਢੀ ਠਾਰ ਰੌ ਚਲ ਰਹੀ ਸੀ। ਇਸ ਦੇ ਨੇਤਰਾਂ ਦੀ ਮੈਲ ਉਸ ਪਿਆਰੇ ਨੇ ਧੋ ਦਿਤੀ ਸੀ। ਉਸਨੂੰ ਸੰਸਾਰ ਤੋਂ ਵਿਪਰੀਤ ਦਿਸਦਾ ਸੀ। ਉਸ ਨੇ ਗੁਰੂ ਮਹਾਰਾਜ ਜੀ ਨੂੰ ਕਿਹਾ, "ਪਾਤਸ਼ਾਹ! ਮੈਂ ਤੇਰੇ ਪਿਆਰ ਵਿਚ ਰੱਤਿਆ ਗਿਆ ਹਾਂ, ਮੈਨੂੰ ਨਾ ਤੁਰਕ ਦਿਸਦਾ ਹੈ ਅਤੇ ਨਾ ਹੀ ਕੋਈ ਅਤੁਰਕ ਦਿਸਦਾ ਹੈ; ਜੇ ਦਿਸਦਾ ਹੈ ਤਾਂ ਤੇਰਾ ਪਿਆਰਾ ਨੂਰ ਭਰਿਆ ਦੀਦਾਰ ਹੀ ਹੁੰਦਾ ਹੈ, ਮੈਂ ਕੀ ਕਰਾਂ ਮੇਰੇ ਅੰਦਰ ਹੁਣ ਆਪਣੇ-ਬੇਗਾਨੇ ਦੀ ਪਰਖ ਮਿਟ ਗਈ ਹੈ। ਤੂੰ ਮੇਰੇ ਨੇਤਰਾਂ ਵਿਚ ਪ੍ਰਕਾਸ਼ ਕਰਕੇ ਆਪਣਾ ਹੀ ਰੂਪ ਸਭ ਥਾਂ ਵਿਖਾਉਣਾ ਸ਼ੁਰੂ ਕੀਤਾ ਹੋਇਆ ਹੈ।" ਗੁਰੂ ਮਹਾਰਾਜ ਜੀ ਮੁਸਕਰਾਏ, ਪੱਟੀਆਂ ਤੇ ਮਲ੍ਹਮ ਦੀ ਡੱਬੀ ਫੜਾ ਕੇ ਕਿਹਾ ਕਿ ਮੇਰੇ ਪਿਆਰੇ ਰੰਗ ਰੱਤਿਆ ਸੱਜਣਾਂ! ਤੂੰ ਲਾਲ ਰੰਗ ਵਿਚ ਰੱਤਿਆ ਗਿਆ, ਹੁਣ ਤੂੰ ਮੇਰੇ ਜਖਮ ਸਾਫ ਕਰਕੇ ਮਲ੍ਹਮ ਲਾਈਂ ਅਤੇ ਪੱਟੀਆਂ ਵੀ ਬੰਨ੍ਹੀਂ।

ਇਹ ਹੈ ਅਵਸਥਾ ਉਨ੍ਹਾਂ ਰੰਗ ਰੱਤੜਿਆਂ ਦੀ ਜਿਨ੍ਹਾਂ ਦੇ ਨੇਤਰਾਂ ਤੋਂ ਮਾਇਆ ਦਾ ਕੁਸੰਭਾ ਰੰਗ ਲਹਿ ਚੁੱਕਿਆ ਹੈ। ਮਾਇਆ ਦਾ ਰੰਗ ਉਨ੍ਹਾਂ ਨੂੰ ਵਿਹੁ ਦਾ ਭਰਿਆ ਪ੍ਰਤੀਤ ਦਿੰਦਾ ਹੈ ਅਤੇ ਝੂਠਾ ਰੰਗ ਹੋਣ ਕਰਕੇ ਸੁਆਹ (ਰਾਖ) ਤੋਂ ਵੱਧ ਮੁੱਲ ਨਹੀਂ ਰਖਦਾ। ਉਨ੍ਹਾਂ ਨੂੰ ਮੋਤੀਆਂ ਦੇ ਮੰਦਰ, ਰਤਨਾਂ ਨਾਲ ਜੜੇ ਹੋਏ, ਕਸਤੂਰੀ ਤੇ ਲਪਟਾਂ ਮਾਰਦੀਆਂ ਸੁਗੰਧੀਆਂ ਕੁਝ ਮਹੱਤਤਾ ਨਹੀਂ ਰਖਦੀਆਂ ਕਿਉਂਕਿ ਉਨ੍ਹਾਂ ਨੇ ਨਾਮ ਦੇ ਰੰਗ ਨੂੰ ਚੱਖ ਲਿਆ ਹੈ, ਮਾਣ ਲਿਆ ਹੈ। ਉਨ੍ਹਾਂ ਨੂੰ ਪਤਾ ਹੈ ਕਿ ਅਸਲੀ ਰੰਗ ਪ੍ਰਭੂ ਦੇ ਪਿਆਰ ਦਾ ਹੈ।

*ਹਰਿ ਬਿਨ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥*
*ਪੰਨਾ - 14*

*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਪੰਨਾ - 134*

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ੇ ਉਨ੍ਹਾਂ ਦੇ ਮਨ ਨੂੰ ਰੱਤੀ ਭਰ ਵੀ ਨਹੀਂ ਖਿਚਦੇ ਕਿਉਂਕਿ ਉਨ੍ਹਾਂ ਨੂੰ ਸਭ ਤੋਂ ਉਤਮ ਰਸ ਦਾ ਗਿਆਨ ਹੋ ਗਿਆ ਹੈ। ਦੁਨੀਆਂ ਦੇ ਝੂਠੇ ਤਮਾਸ਼ਿਆਂ ਵਿਚ ਨਹੀਂ ਫਸਦੇ। ਉਹ ਸਾਧੂਆਂ ਦੀ ਸੰਗਤ, ਤੱਤ ਬੇਤੇ ਸਾਧੂਆਂ ਦੀ ਨੇੜਤਾ ਵਿਚ ਰਹਿੰਦੇ ਹਨ ਜਿਥੋਂ ਸੁਆਂਤੀ ਬੂੰਦ ਝਰਦੀ ਹੈ ਅਤੇ ਜਨਮਾਂ-ਜਨਮਾਂਤਰਾਂ ਦੀ ਮੈਲ ਲਹਿ ਜਾਂਦੀ ਹੈ। ਪਿਆਸ, ਭਟਕਣਾ ਬੁਝ ਜਾਂਦੀ ਹੈ।

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਪੰਨਾ - 134*

ਪ੍ਰਭੂ ਕਣ-ਕਣ ਦੇ ਵਿਚ ਦ੍ਰਿਸ਼ਟੀ ਆਉਣ ਲਗ ਜਾਂਦਾ ਹੈ-

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 293*

*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਪੰਨਾ - 134*

ਉਹ ਧੰਨ ਹਨ ਜਿਨ੍ਹਾਂ ਦੇ ਅੰਦਰ ਪ੍ਰਭੂ ਮਿਲਾਪ ਦੀ ਇੱਛਾ ਜਾਗ ਪੈਂਦੀ ਹੈ ਕਿਉਂਕਿ ਇਹ ਸਾਵਣ ਦਾ ਮਹੀਨਾ ਮਿਲਾਪ ਲੋਚਦਾ ਹੈ। ਇਸ ਵਿਚ ਭਾਦੋਂ ਵਾਲਾ ਹੁੱਸੜ ਨਹੀਂ ਹੁੰਦਾ।



Sri Satguru Jagjit Singh Ji eLibrary NamdhariElibrary@gmail.com

ਠੰਢੀਆਂ ਹਵਾਵਾਂ ਰੁਮਕਦੀਆਂ ਹਨ, ਬਨਸਪਤੀ ਝੂੰਮਦੀ ਹੈ, ਹਰ ਥਾਂ ਆਪਨਾ ਪੂਰਨ ਰੂਪ ਨਗਨ ਰੂਪ ਵਿਚ ਦ੍ਰਿਸ਼ਟੀਗੋਚਰੇ ਹੁੰਦਾ ਹੈ। ਪ੍ਰਭੂ ਦੀ ਯਾਦ ਦੀਆਂ ਝੂੰਮਣੀਆਂ ਅੰਦਰ ਝਰਨ੍ਹਾਟਾਂ ਦਿੰਦੀਆਂ ਮਹਿਸੂਸ ਹੁੰਦੀਆਂ ਹਨ। ਵਾਹਿਗੁਰੂ ਦੀ ਮੇਹਰ ਦੀ ਲੋਚਾ ਕਰਦਾ ਹੈ –

***ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ।।***
***ਪੰਨਾ – 134***

ਬਲਿਹਾਰ ਜਾਂਦੇ ਹਾਂ ਉਨ੍ਹਾਂ ਪ੍ਰਭੂ ਪਿਆਰਿਆਂ ਤੋਂ, ਜਿਨ੍ਹਾਂ ਦੇ ਉਤੇ ਪ੍ਰਭੂ ਦੀ ਦ੍ਰਿਸ਼ਟੀ ਹੋ ਗਈ, ਜਿਨ੍ਹਾਂ ਨੂੰ ਮਿਲਾਪ ਦਾ ਰਸ ਪ੍ਰਾਪਤ ਹੋ ਗਿਆ –

***ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ।।*** ***ਪੰਨਾ – 134***

ਬਲਿਹਾਰ ਜਾਂਦੇ ਹਾਂ ਉਨ੍ਹਾਂ ਪਿਆਰਿਆਂ ਤੋਂ ਜਿਨ੍ਹਾਂ ਨੇ ਜੀਵਨ ਮਨੋਰਥ ਨੂੰ ਪ੍ਰਾਪਤ ਕਰ ਲਿਆ ਹੈ ਅਤੇ ਰਸੀਏ ਹੋ ਕੇ ਆਪਣੇ ਪਿਆਰੇ ਦੇ ਪਿਆਰ ਵਿਚ ਵਿਚਰ ਰਹੇ ਹਨ। ਜਿਨ੍ਹਾਂ ਨੂੰ ਸ਼ਬਦ ਦੀ ਪ੍ਰਾਪਤੀ ਹੋ ਗਈ, ਸ਼ਬਦ ਸਦਕੇ ਉਹ ਸੰਵਾਰੇ ਗਏ –

***ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ।।***
***ਪੰਨਾ – 134***

ਉਹ ਸੋਹਾਗਣੀਆਂ ਹਨ ਅਤੇ ਉਨ੍ਹਾਂ ਨੇ ਸੁਹਾਗ ਦਾ ਰਸ ਪੂਰੀ ਤਰ੍ਹਾਂ ਨਾਲ ਮਾਣ ਲਿਆ ਹੈ ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਦੇ ਨਾਮ ਦੀ ਧੁਨ ਸਦਾ ਹੀ ਗੁੰਜਾਰਾਂ ਪਾਉਂਦੀ ਹੈ; ਝਿਮ-ਝਿਮ ਕਰਕੇ ਅੰਮ੍ਰਿਤ ਵਰਸਾਉਂਦੀ ਹੈ ਤੇ ਪਿਆਰ ਦੀਆਂ ਘਟਾਵਾਂ ਉਮਡ-ਉਮਡ ਕੇ ਆਉਂਦੀਆਂ ਹਨ। ਇਹ ਸਾਵਣ ਦਾ ਮਹੀਨਾ ਉਨ੍ਹਾਂ ਸੁਹਾਗਣਾਂ ਨੂੰ ਸਦਾ ਹੀ ਸਹਾਈ ਬਣਿਆ ਰਹਿੰਦਾ ਹੈ –

***ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ।।***
***ਪੰਨਾ – 134***

ਰਾਮ ਨਾਮ ਦਾ ਹਾਰ ਜਿਨ੍ਹਾਂ ਦੇ ਗਲ ਵਿਚ ਨਹੀਂ ਸੋਭ ਰਿਹਾ, ਉਹ ਆਪਣੇ ਮਨ ਦੀ ਮਤ, ਫੋਕੀ ਵਿਦਿਆ ਦੀ ਅਗਨ ਅਤੇ ਪਦਾਰਥਾਂ ਦੀ ਲੋਚਾ ਦੀ ਅਗਨ ਵਿਚ ਸੜ ਕੇ ਸੁਆਹ ਬਣੇ ਰਹਿੰਦੇ ਹਨ ਅਤੇ ਜੀਵਨ ਵਿਅਰਥ ਗੁਆ ਕੇ ਸੰਸਾਰ ਤੋਂ ਪਛਤਾਉਂਦੇ ਹੋਏ ਚਲੇ ਜਾਂਦੇ ਹਨ।

ਅਰਦਾਸ ਕਰੀਏ ਕਿ ਹੇ ਮੇਰੇ ਪਿਆਰੇ! ਮੇਰੇ ਅੰਦਰ ਬਾਹਰ ਘਟ-ਘਟ ਵਿਚ ਵਿਆਪਕ, ਮੇਰੇ ਪ੍ਰਮ ਆਪੇ! ਮੈਨੂੰ ਵੀ ਮਾਇਆ ਅਗਨ ਵਿਚੋਂ ਖਿੱਚ ਕੇ, ਇਸ ਚਲੂਲੇ ਰੰਗ ਦੇ ਨਾਲ ਰੰਗ ਦੇ, ਅਤੇ ਆਪਣੇ ਰਸਕ ਬੈਰਾਗੀਆਂ ਦੀ ਸੰਗਤ ਦੇਹ ਜਿਸ ਕਰਕੇ ਮੇਰੇ ਉਤੇ ਵੀ ਸਾਵਣ ਦੀ ਫੁਹਾਰ ਵਾਂਗੂੰ ਉਸ ਨਾਮ ਫੁਹਾਰ ਦਾ ਰਸ ਲੈਣ ਦਾ ਅਵਸਰ ਬਣ ਸਕੇ। ਮੈਂ ਰਸੀਆ ਹੋ ਕੇ ਰੰਗ ਰਤੜਾ ਹੋ ਜਾਵਾਂ, ਇਸ ਹਉਮੈ ਦੀ ਕੋਹਝੀ ਸੁਰਤ ਵਿਚੋਂ ਉਠ ਕੇ ਆਤਮ ਰੰਗ ਦੇ ਹੁਲਾਰੇ ਮਾਣਾਂ। ਇੰਤਜ਼ਾਰ ਕਰਦਿਆਂ ਉਮਰਾਂ ਬੀਤ ਗਈਆਂ। ਹੁਣ ਤੇਰਾ ਜਲਵਾ ਤੱਕਾਂ ਅਤੇ ਤਕਦਾ ਹੀ ਰਹਾਂ। ਮੂਸਾ ਜੀ ਨੇ ਕੋਹੇ-ਤੂਰ ਤੇ ਤੇਰਾ ਜਲਵਾ ਤੱਕਿਆ, ਤੇਰਾ ਹੀ ਬਣ ਗਿਆ।

ਅਸਾਡੀਆਂ ਭੁਲਾਂ ਨਾ ਤੱਕ, ਅਸੀਂ ਭੁੱਲਣ ਵਿਚ ਪੈ ਗਏ ਹਾਂ। ਤੂੰ ਘਟ-ਘਟ ਵਿਚ ਵਿਆਪਕ ਹੈਂ, ਮੈਂ ਆਪਣੀ ਹਉਂ ਦੀ ਕੰਧ ਓਹਲੇ ਰਹਿ ਕੇ ਇਸ ਮਹਾਨ ਠੰਢੇ ਪ੍ਰਕਾਸ਼ ਤੋਂ ਹੀਣਾ ਰਹਿ ਜਾਂਦਾ ਹਾਂ। ਮੇਰੇ ਅੰਦਰ ਭੀ ਹਨ੍ਹੇਰਾ ਹੈ, ਬਾਹਰ ਭੀ ਹਨ੍ਹੇਰਾ ਹੈ। ਮੇਰੀਆਂ ਅੱਖੀਆਂ ਨੂੰ ਮੋਤੀਆ ਬਿੰਦ ਹੋ ਗਿਆ ਹੈ। ਅੱਖਾਂ ਵਾਲੇ ਦੱਸ ਰਹੇ ਹਨ ਤੇਰਾ ਪ੍ਰਕਾਸ਼ ਕਣ-ਕਣ ਤੇ ਨੂਰ ਝਲਕਾਰੇ ਮਾਰਦਾ ਹੈ। ਉਹ ਕਹਿੰਦੇ ਹਨ ਤੇਰੀਆਂ ਅੱਖੀਆਂ ਅੰਨ੍ਹੀਆਂ ਹਨ, ਗੁਰੂ ਡਾਕਟਰ ਪਾਸ ਜਾਣਾ ਮੰਨ ਲੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਨੂੰ ਤੂੰ ਟੋਲ੍ਹ ਰਿਹਾ ਹੈਂ, ਉਹ ਤਾਂ ਤੂੰ ਆਪ ਹੀ ਹੈਂ, "ਮੈਂ ਕਿਵੇਂ ਮੰਨਾਂ?" ਤੇਰੀ 'ਮੈਂ' ਹੀ ਇਸ ਵਿਚ ਪੜਦਾ ਹੈ, ਪੜਦੇ ਨਾਲ ਨਾ ਚਿੰਬੜ। ਗੁਰੂ ਸ਼ਬਦ ਤੇ ਈਮਾਨ ਲਿਆ ਜੋ ਫੁਰਮਾ ਰਿਹਾ ਹੈ –

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।।***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।।*** ***ਪੰਨਾ – 1291***

***ਪਸਰਿਓ ਆਪਿ ਹੋਇ ਅਨਤ ਤਰੰਗ।।***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।*** ***ਪੰਨਾ – 275***

---

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਊਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**


Sri Satguru Jagjit Singh Ji eLibrary NamdhariElibrary@gmail.com

# ਸੰਪਾਦਕੀ

ਅੱਜ 23 ਮਈ 2002 ਅੰਮ੍ਰਿਤ ਵੇਲੇ 4.25 ਵਜੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਨਿਮਨ ਹੁਕਮਨਾਮਾ ਪ੍ਰਾਪਤ ਹੋਇਆ ਜਿਸ ਨੂੰ ਬਾਅਦ ਵਿਚ ਸੁਘੜ ਰਾਗੀ ਸਿੰਘਾਂ ਨੇ ਸੁਰੀਲੀ ਸੁਰ ਵਿਚ ਗਾਇਨ ਵੀ ਕੀਤਾ। ਮਨ ਵਿਚ ਖਿਆਲ ਆਇਆ ਕਿ ਇਸ ਵਿਚ ਪ੍ਰਾਪਤ ਗੁਰੂ ਜੀ ਦੇ ਵਿਚਾਰਾਂ ਨੂੰ 'ਆਤਮ ਮਾਰਗ' ਦੇ ਸੁਹਿਰਦ ਪਾਠਕਾਂ ਨਾਲ ਸਾਂਝਾ ਕੀਤਾ ਜਾਵੇ। ਹੁਕਮਨਾਮਾ ਇਹ ਸੀ –

**ਟੋਡੀ ਮਹਲਾ ੫**

***ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥***
***ਅਨਿਕ ਸਾਜ ਸੀਗਾਰ ਬਹੁ ਕਰਤਾ***
***ਜਿਉ ਮਿਰਤਕੁ ਓਢਾਇਆ॥ ਰਹਾਉ॥***
***ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥***
***ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥***
***ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ॥***
***ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ॥***
***ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ॥***
***ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ॥***
***ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ ਤਿਸੁ ਹਿਰਦੈ ਨਾਮੁ ਵਸਾਇਆ॥***
***ਸਾਧਸੰਗਤਿ ਕੈ ਪਾਛੈ ਪਰਿਅਉ ਜਨ ਨਾਨਕ ਹਰਿ ਰਸੁ ਪਾਇਆ॥***

***ਪੰਨਾ – 712***

ਭਾਵ ਇਹ ਹੈ ਕਿ ਜੇ ਮਨੁੱਖ ਜੀਵਨ ਦੀ ਅਸਲੀਅਤ ਨਹੀਂ ਜਾਣਦਾ ਤਾਂ ਉਸ ਦਾ ਸੰਸਾਰ ਵਿਚ ਆਉਣਾ ਬਿਰਥਾ ਹੈ, ਫਜ਼ੂਲ ਹੈ, ਅਜਾਈਂ ਹੈ, ਕਿਸੇ ਲਾਭ ਦਾ ਨਹੀਂ, ਬਿਨਾਂ ਮਕਸਦ ਤੋਂ ਹੈ। ਉਸ ਦਾ ਸੰਸਾਰਕ ਜੀਵਨ – ਸਕੂਲ, ਕਾਲਜ, ਯੂਨੀਵਰਸਿਟੀ ਦੀ ਉਚ ਵਿਦਿਆ, ਉਸ ਦੀ ਉਚੀ ਪਦਵੀ ਜਾਂ ਚੰਗਾ ਵਪਾਰ, ਉਸ ਦਾ ਮਾਤਾ ਪਿਤਾ ਭੈਣ ਭਰਾ, ਪਤਨੀ, ਬੱਚਿਆਂ ਸਾਕ-ਸਬੰਧੀਆਂ ਨਾਲ ਮੋਹ ਪਿਆਰ, ਉਸ ਦੀ ਸਮਾਜ ਭਾਈਚਾਰੇ ਵਿਚ ਮਾਣ ਇਜ਼ਤ, ਉਸ ਦੀ ਜਾਇਦਾਦ, ਦੌਲਤ, ਕਾਰਾਂ ਕੋਠੀਆਂ ਆਦਿ ਸਭ ਕੁਝ ਉਸ ਦੀ ਆਪਣੀ ਅਤੇ ਸਮਾਜ ਦੀ ਸੰਸਾਰਕ ਦ੍ਰਿਸ਼ਟੀ ਤੋਂ ਭਾਵੇਂ ਸਫਲਤਾ ਦੇ ਚਿੰਨ੍ਹ ਹਨ ਪਰ ਗੁਰੂ ਮਹਾਰਾਜ ਦੀ ਆਤਮਿਕ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਪ੍ਰਾਪਤੀ ਫਜ਼ੂਲ ਹੈ, ਅਜਾਈਂ ਹੈ, ਇਹ ਜੀਵਨ ਦਾ ਸਹੀ ਨਿਸ਼ਾਨਾ ਨਹੀਂ, ਕਿਉਂਕਿ ਬਾਹਰ ਦਿਸਦੇ ਸਰੀਰਕ ਜੀਵਨ ਦੀਆਂ ਲੋੜਾਂ ਅਤੇ ਲੋਚਾਂ ਵਿਚ ਰੁਚਿਤ ਹੋਏ ਮਨੁੱਖ ਨੂੰ ਕਦੀ ਅੰਦਰ ਵਲ ਝਾਤ ਮਾਰਨ ਦਾ ਅਵਸਰ ਹੀ ਨਹੀਂ ਮਿਲਿਆ। ਗੁਰੂ ਮਹਾਰਾਜ ਅਨੁਸਾਰ ਅਸਲੀਅਤ ਤੋਂ ਅਣਜਾਣ ਮਨੁੱਖ ਦੀ ਸੰਸਾਰਕ ਜੀਵਨ ਦੀ ਸਾਰੀ ਸ਼ਾਨੋ ਸ਼ੌਕਤ ਇੰਜ ਹੈ ਜਿਵੇਂ ਕਿਸੇ ਮੁਰਦੇ ਨੂੰ ਸੋਹਣੇ ਵਸਤਰਾਂ, ਸ਼ਾਲਾਂ, ਦੁਸ਼ਾਲਿਆਂ ਅਤੇ ਫੁਲਾਂ ਹਾਰਾਂ ਨਾਲ ਸ਼ਿੰਗਾਰਿਆ ਜਾਵੇ। ਕੀ ਸੱਚਮੁਚ ਅਸੀਂ ਨਾਮ-ਵਿਹੂਣੇ, ਨਾਮ-ਰਸ-ਹੀਣੇ ਮਨੁੱਖ ਤੁਰਦੀਆਂ ਫਿਰਦੀਆਂ ਲਾਸ਼ਾਂ ਹਾਂ? 'ਮਿਰਤਕ' ਦਾ ਭਾਵ ਤਾਂ ਮੁਰਦਾ/ਲਾਸ਼ ਹੀ ਹੁੰਦਾ ਹੈ। ਮੁਰਦੇ ਨੂੰ ਕੌਣ ਪਿਆਰ ਕਰਦਾ ਹੈ? ਸਭ ਤੋਂ ਨਿਕਟ ਸਬੰਧ ਤਾਂ ਪਤੀ ਪਤਨੀ ਦਾ ਹੁੰਦਾ ਹੈ ਪਰ ਅਸਲੀਅਤ ਇਹ ਹੈ –

***ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥***
***ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥***

***ਪੰਨਾ – 634***

ਮੈਨੂੰ ਯਾਦ ਹੈ, ਕੁਝ ਸਾਲ ਹੋਏ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਪ੍ਰਲੋਕ ਸਿਧਾਰ ਗਏ। ਦਾਸ ਉਸ ਸਮੇਂ ਗੁਰਮਤਿ ਕਾਲਜ ਪਟਿਆਲਾ ਪ੍ਰਿੰਸੀਪਲ ਦੀ ਸੇਵਾ ਨਿਭਾ ਰਿਹਾ ਸੀ। ਸਤਿਬੀਰ ਸਿੰਘ ਜੀ ਵੀ ਇਸ ਕਾਲਜ ਦੇ ਪ੍ਰਿੰਸੀਪਲ ਰਹਿ ਚੁੱਕੇ ਸਨ, ਨਿਜੀ ਮਿਤ੍ਰ ਵੀ ਸਨ। ਬੜੀ ਮਾਨ ਪ੍ਰਤਿਸ਼ਠਾ ਵਾਲੇ ਸਨ। ਉਨ੍ਹਾਂ ਦੇ ਸਤਿਕਾਰ ਵਿਚ ਬਹੁਤ ਸੰਸਥਾਵਾਂ ਅਤੇ ਮਾਨਵਰ ਵਿਅਕਤੀਆਂ ਨੇ ਉਨ੍ਹਾਂ ਦੇ ਮਿਰਤਕ ਸਰੀਰ ਤੇ ਕੀਮਤੀ ਸ਼ਾਲਾਂ ਅਤੇ ਦੁਸ਼ਾਲੇ ਪਾਏ। ਸਾਰੀ ਕਿਰਿਆ ਵਿਚ ਸ਼ਾਮਲ ਹੋਣ ਉਪਰੰਤ ਮੇਰੇ ਮਨ ਵਿਚ ਆਇਆ ਕਿ ਇਹ ਕੀਮਤੀ ਵਸਤਰ ਗਰੀਬਾਂ ਨੂੰ ਵੰਡ ਦੇਣੇ ਚਾਹੀਦੇ ਹਨ। ਕਿਸੇ ਮਿਤ੍ਰ ਨਾਲ ਵਿਚਾਰ ਸਾਂਝੇ ਕੀਤੇ। ਉਹ ਕਹਿਣ ਲੱਗੇ, ਤੁਹਾਡੇ ਕਾਲਜ ਵਿਚ ਬਥੇਰੇ ਗਰੀਬ ਹਨ – ਮਾਲੀ, ਚਪੜਾਸੀ ਆਦਿ, ਪੁੱਛ ਵੇਖੋ। ਜਦੋਂ ਬੜੇ ਪਿਆਰ ਭਰੇ ਢੰਗ ਨਾਲ ਮੈਂ ਮਾਲੀਆਂ ਨੂੰ ਪੁਛਿਆ ਤਾਂ ਬੜਾ ਅਜੀਬ ਜਵਾਬ ਮਿਲਿਆ। 'ਕੀ ਤੁਸੀਂ ਸਾਨੂੰ ਐਨਾ ਗਿਆ ਗੁਜ਼ਰਿਆ ਸਮਝਦੇ ਹੋ ਕਿ ਅਸੀਂ ਮੁਰਦੇ ਤੋਂ ਲੱਥੇ ਕਪੜੇ ਆਪਣੇ ਲਈ ਜਾਂ ਪਰਿਵਾਰ ਲਈ ਵਰਤੀਏ? ਮੁਰਦਾ ਸਰੀਰ ਨਾਲ, ਸੰਸਾਰ ਅੰਦਰੋਂ ਘ੍ਰਿਣਾ ਕਰਦਾ ਹੈ, ਉਸ ਤੋਂ ਡਰਦਾ ਹੈ, ਉਸ ਨੂੰ ਛੂਹ ਕੇ ਰਾਜ਼ੀ ਨਹੀਂ, ਉਸ ਦੇ ਨਿਕਟ ਨਹੀਂ ਜਾਂਦਾ। ਉਸ ਨਾਲ ਛੋਹੇ ਹੋਏ ਵਸਤਰ ਗਰੀਬ ਤੋਂ ਗਰੀਬ ਆਦਮੀ ਵੀ ਵਰਤ ਕੇ ਰਾਜ਼ੀ ਨਹੀਂ। ਐਸੀ ਦਸ਼ਾ ਹੈ ਮਿਰਤਕ ਦੀ ਅਤੇ ਗੁਰੂ ਜੀ ਨਾਮ-ਰਸ-ਹੀਣੇ ਮਨੁੱਖ ਨੂੰ ਮੁਰਦਾ ਕਹਿ ਰਹੇ ਹਨ।

ਅੱਗੇ ਕਿਹਾ ਹੈ ਕਿ ਐਸੇ ਮਨੁੱਖ ਦੌੜ ਭੱਜ ਕਰਕੇ, ਹਰ ਹੀਲੇ ਵਸੀਲੇ ਮਾਇਆ ਇਕੱਠੀ ਕਰਨ ਦੇ ਆਹਰ ਵਿਚ ਜੁਟੇ ਹੋਏ ਹਨ, ਪਰ ਜੇ ਇਸ ਮਾਇਆ ਨਾਲ ਕੋਈ ਚੰਗੇਰਾ ਭਲੇਰਾ, ਸੇਵਾ, ਪੁੰਨ, ਪਰਉਪਕਾਰ ਦਾ ਕੰਮ ਨਹੀਂ ਕੀਤਾ ਤਾਂ ਇਸ ਦਾ ਕੀ ਲਾਭ? ਅਗਲੀ ਉਦਾਹਰਣ ਇਹ ਦਿਤੀ ਹੈ ਕਿ ਜਿਵੇਂ ਕੋਈ ਇਸਤ੍ਰੀ ਅਨੇਕ ਪ੍ਰਕਾਰ ਦਾ ਹਾਰ ਸ਼ਿੰਗਾਰ ਵੀ ਕਰੇ, ਪੂਰੀ ਸਜਾਵਟ ਭਰੀ ਸੇਜਾ ਦਾ ਪ੍ਰਬੰਧ ਵੀ ਕਰ ਲਵੇ ਪਰ ਜੇ ਕੰਤ ਦਾ ਸਾਥ ਨਾ ਮਿਲੇ ਤਾਂ ਸਗੋਂ ਇਹ ਸਜਾਵਟਾਂ, ਸੁਖ ਦੀ ਥਾਂ ਦੁਖ ਦਾ ਕਾਰਨ ਸਿੱਧ ਹੁੰਦੀਆਂ ਹਨ। ਭਾਵ ਇਹ ਹੋਇਆ ਕਿ ਜੀਵ ਇਸਤ੍ਰੀ ਲਈ ਭਰਤੇ ਦਾ ਮਿਲਾਪ ਹੀ ਅਸਲ ਜੀਵਨ ਮਕਸਦ ਹੈ। ਭਰਤਾ ਤਾਂ ਅੰਦਰ ਵਸਦਾ ਹੈ ਪਰ ਮਨੁੱਖ ਬਾਹਰੀ ਜੀਵਨ ਵਿਚ ਹੀ ਦੌੜਿਆ ਭੱਜਿਆ ਫਿਰਦਾ ਹੈ। ਇਹੋ ਤਰਾਸਦੀ ਹੈ। ਇਹੋ ਦੁਖਾਂਤ ਹੈ।

ਨਾਮ-ਵਿਹੂਣੇ ਮਨੁੱਖ ਦੇ ਜੀਵਨ ਦੀ ਸਾਰੀ ਘਾਲ ਇੰਜ

(ਬਾਕੀ ਪੰਨਾ 27 ਤੇ)



Sri Satguru Jagjit Singh Ji eLibrary NamdhariElibrary@gmail.com

# ਮੁਰਦਾ ਹੋਇ ਮੁਰੀਦ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

**(ਮਿਤੀ 18.1.2001 ਨੂੰ ਧਮੋਟ ਵਿਖੇ ਲੱਗਿਆ ਚੌਥਾ ਦੀਵਾਨ)**

ਸ਼ਾਨ .....................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***
***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***
***ਧਾਰਨਾ - ਰਾਖੋ ਰਾਖਨਹਾਰ ਦਇਆਲਾ,***
***ਨਾਨਕ ਘਰ ਕੇ ਗੋਲੇ ਜੀ -2, 2.***
***ਨਾਨਕ ਘਰ ਕੇ ਗੋਲੇ ਜੀ -4, 2.***
***ਰਾਖੋ ਰਾਖਨਹਾਰ ਦਇਆਲਾ,.......... -2.***

***ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥***
***ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥***
***ਜਿਹਵਾ ਏਕ ਕਵਨ ਗੁਨ ਕਹੀਐ॥***
***ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥***
***ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥***
***ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥***
***ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥***
***ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥***
***ਪੰਨਾ - 673***

ਸਾਧ ਸੰਗਤ ਜੀ! ਗੱਜ ਕੇ ਬੋਲੋ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਬਹੁਤ ਦੂਰ-ਦਰਾਜ਼ ਤੋਂ ਘੰਟਿਆਂ ਬੱਧੀ ਸਫਰ ਕਰਕੇ ਟਰੱਕਾਂ ਰਾਹੀਂ, ਟਰਾਲੀਆਂ ਰਾਹੀਂ ਆਏ ਹੋ। ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਕਰਕੇ ਆਪਾਂ ਏਸ ਥਾਂ ਦੇ ਉਤੇ ਹਾਜ਼ਰ ਹੋਏ ਹਾਂ। ਪਿਛਲੇ ਤਿੰਨ ਦਿਨਾਂ ਤੋਂ ਵਿਚਾਰਾਂ ਚਲਦੀਆਂ ਸਨ ਕਿ ਕੋਈ ਤਰੀਕਾ ਹੈ ਜਿਸ ਦੇ ਨਾਲ ਆਪਾਂ ਏਸ ਸਰੀਰ ਦੇ ਵਿਚ ਹੁੰਦੇ-ਹੁੰਦੇ ਪ੍ਰਮੇਸ਼ਰ ਨਾਲ ਮਿਲ ਲਈਏ ਕਿਉਂਕਿ ਸੁਣਦਿਆਂ ਦੀਆਂ ਸਾਡੀਆਂ ਉਮਰਾਂ ਬੀਤ ਗਈਆਂ। ਜਾਂ ਤਾਂ ਰਸਤਾ ਸਹੀ ਨਹੀਂ ਮਿਲਦਾ ਜਾਂ ਫੇਰ ਸਾਨੂੰ ਕੋਈ ਰਾਹ ਨਹੀਂ ਦਸਦਾ। ਦੋਹਾਂ ਵਿਚੋਂ ਇਕ ਗੱਲ ਹੈ, ਉਸ ਦੀ ਵਿਚਾਰ ਚੱਲ ਰਹੀ ਹੈ।

ਪਹਿਲੇ ਦਿਨ ਬੇਨਤੀ ਕੀਤੀ ਗਈ ਸੀ ਕਿ ਨਾਮ ਦੀ ਕਿੰਨੀ ਕੀਮਤ ਹੈ? ਨਾਮ ਦੀ ਕੀ ਮਹਿਮਾ ਹੈ? ਨਾਮ ਹਰ ਬੰਦੇ ਦੇ ਅੰਦਰ ਹੈ, ਬਾਹਰੋਂ ਨਹੀਂ ਹੁੰਦਾ। ਅਸੀਂ ਭੁਲੇਖੇ ਨਾਲ ਕਹਿ ਦਿੰਦੇ ਹਾਂ ਕਿ ਮੈਂ ਨਾਮ ਤਾਂ ਲਿਆ ਹੋਇਆ ਹੈ। ਕੱਲ੍ਹ ਹੀ ਮੈਨੂੰ ਇਕ ਬੀਬੀ ਕਹਿੰਦੀ ਸੀ ਕਿ ਨਾਮ ਤਾਂ ਅਸੀਂ ਲਿਆ ਹੋਇਆ ਹੈ। ਸਾਡੇ ਨਾਮ ਨੂੰ ਹੁਣ ਤੋਰ ਦਿਓ। ਮੈਂ ਕਿਹਾ ਕਿ ਨਾਮ ਤੁਰਦਾ ਨਹੀਂ ਹੁੰਦਾ ਬੀਬੀ! ਨਾਮ ਅੰਦਰ ਹੁੰਦਾ ਹੈ, ਪ੍ਰਗਟ ਕਰੀਦਾ ਹੈ। ਨਾਮ ਮਿਲਦਾ ਨਹੀਂ ਕਿਸੇ ਕੋਲੋਂ ਵੀ। ਜੇ ਤੁਸੀਂ ਕਹੋ ਕਿ ਮੈਨੂੰ ਫਲਾਣੇ ਕੋਲੋਂ ਨਾਮ ਮਿਲਿਆ ਹੈ ਪਰ ਉਹ ਤਾਂ ਸਤਿਗੁਰੂ ਦੇ ਅਖਤਿਆਰ ਵਿਚ ਹੁੰਦਾ ਹੈ, ਉਸ ਨੂੰ ਪ੍ਰਗਟ ਕਰਨਾ, ਜਗਾਉਣਾ ਹੁੰਦਾ ਹੈ। ਸਤਿਗੁਰ ਮੰਤਰ ਦਿੰਦਾ ਹੈ। ਮੰਤਰ ਅਨੇਕ ਨੇ। ਸਾਡਾ ਮੰਤਰ ਹੈ -

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***
***ਭਾਈ ਗੁਰਦਾਸ ਜੀ ਦੀ ਵਾਰ 31/2***

ਕਿਉਂਕਿ ਹਉਮੈ ਦਾ ਝਗੜਾ ਹੈ ਸਾਰਾ। ਹਉਮੈ ਦਾ ਨਾਸ਼ ਹੋ ਜਾਵੇ ਤਾਂ ਪ੍ਰਮੇਸ਼ਰ ਅੰਦਰ ਹੀ ਹੈ ਕਿਤੇ ਬਾਹਰ ਤਾਂ ਹੈ ਨਹੀਂ। ਉਸ ਦੇ ਬਾਰੇ ਪਹਿਲਾਂ ਕੁਝ ਰਹਿਤਾਂ ਹੁੰਦੀਆਂ ਨੇ, ਜਿੰਨਾਂ ਚਿਰ ਆਦਮੀ ਬਾਹਰੋਂ ਆਪਣੀ ਸੁਰਤ ਨਹੀਂ ਸੰਕੋਚਦਾ ਤੇ ਅੰਦਰ ਨਹੀਂ ਲੈ ਕੇ ਜਾਂਦਾ, ਨਾਲ ਹੀ ਅੰਦਰਲੀ ਵਸਤੂ ਨੂੰ ਬਹੁਤ ਜ਼ਿਆਦਾ ਕੀਮਤੀ ਮਹਿਸੂਸ ਨਹੀਂ ਕਰ ਲੈਂਦਾ, ਓਨੀ ਦੇਰ ਤੱਕ ਇਸ ਦੀ ਸੁਰਤ ਬਾਹਰੋਂ ਅੰਦਰ ਆਉਂਦੀ ਨਹੀਂ ਹੈ, ਖਿੰਡੀ ਰਹਿੰਦੀ ਹੈ। ਵਾਰ-ਵਾਰ ਬਾਹਰ ਵੱਲ ਜਾਂਦੀ ਹੈ ਕਿਉਂਕਿ ਸੁਰਤ ਦਾ ਸੁਭਾਅ ਹੈ ਇਹ। ਇਸ ਨੂੰ ਸੰਕੋਚ ਕੇ ਇਕ point (ਬਿੰਦੂ) ਤੇ ਕਰਨਾ ਹੈ। ਫੇਰ ਗੁਰੂ ਸਾਧਨ ਦਸਦਾ ਹੈ ਅੱਗੇ ਕਿ ਰਹਿਤ ਇਹੋ ਜਿਹੀ ਰੱਖਣੀ ਹੈ ਤੂੰ, ਵਰਤ ਵਰਤਾਰਾ ਸੰਸਾਰ ਵਿਚ ਇਹੋ ਜਿਹਾ ਕਰਨਾ ਹੈ। ਇਹ ਪੰਜ ਸੱਤ ਸਤਿਸੰਗਾਂ (ਦਿਵਾਨਾਂ) ਵਿਚ ਤਾਂ ਗੱਲ ਹੋ ਨਹੀਂ ਸਕਦੀ। ਵੈਸੇ 'ਆਤਮ-ਮਾਰਗ' ਪੰਜ ਸਾਲਾਂ ਤੋਂ ਚੱਲ ਰਿਹਾ ਹੈ, ਕਿਤਾਬਾਂ ਵੀ 20-25 ਬਣੀਆਂ ਹੋਈਆਂ ਨੇ। ਵਿਚਾਰ ਆਈ ਜਾਂਦੇ ਨੇ ਤੇ ਕਿਤਾਬਾਂ ਬਣੀ ਜਾਂਦੀਆਂ ਨੇ। ਲੰਮਾਂ ਵਿਸ਼ਾ ਹੈ ਇਹ ਕਿਉਂਕਿ ਏਧਰ ਵੀ ਸਾਡਾ ਲੰਮਾ ਵਿਸ਼ਾ ਹੈ, ਅੱਧੀ ਉਮਰ ਗੁਜ਼ਰ ਗਈ, ਉਸ ਨੂੰ ਸਾਫ ਕਰਨਾ ਕੋਈ ਖੇਡ ਨਹੀਂ ਹੈ ਕਿ ਛੇਤੀ ਹੀ ਸਾਫ ਹੋ ਜਾਵੇ। ਹਾਂ! ਤਰੀਕਾ ਹੈ। ਹੁਣ ਇਥੇ ਆਪਾਂ ਬੇਨਤੀ ਕਰੀ ਹੈ ਕਿ ਹੇ ਪਾਤਿਸ਼ਾਹ! ਮੈਨੂੰ ਤਾਂ ਪਤਾ ਨਹੀਂ ਲਗਦਾ ਪਰ ਇਕ ਗੱਲ ਕਰ, ਮੈਨੂੰ ਤੂੰ ਆਪਣੇ ਘਰ ਦਾ ਗੁਲਾਮ ਰੱਖ ਲੈ। ਪੜ੍ਹ ਤਾਂ ਲਿਆ ਸ਼ਬਦ ਆਪਾਂ ਸਾਰਿਆਂ ਨੇ। ਬਹੁਤ ਵਧੀਆ ਹੈ -

***ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥***
***ਪੰਨਾ - 673***

ਪਰ ਆਪਾਂ ਰਹਿਣ ਨੂੰ ਕੋਈ ਤਿਆਰ ਨਹੀਂ ਹਾਂ, ਗੋਲੇ ਬਣਨ ਨੂੰ ਤਿਆਰ ਨਹੀਂ ਹਾਂ ਕਿਉਂਕਿ ਕਿਹੜਾ ਗੋਲਾ ਹੁੰਦਾ ਹੈ -

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਚਾਰ ਚੀਜ਼ਾਂ ਕਹੀਆਂ ਨੇ -

***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***



Sri Satguru Jagjit Singh Ji eLibrary NamdhariElibrary@gmail.com

ਅੱਠ ਰਹਿਤਾਂ ਦੱਸ ਦਿੱਤੀਆਂ ਇਸ ਦੇ ਵਿਚ ਭਾਈ ਗੁਰਦਾਸ ਜੀ ਨੇ ਕਿ ਗੁਲਾਮ ਬਾਰੇ ਐਵੇਂ ਹੀ ਨਾ ਕਹੋ ਕਿ ਮੈਂ ਗੁਲਾਮ ਬਣ ਜਾਵਾਂ। ਗੁਲਾਮ ਦੀ ਨਾ ਕੋਈ ਰਾਏ ਹੁੰਦੀ ਹੈ, ਨਾ ਕੋਈ ਹੱਕ ਹੈ, ਨਾ ਕਾਨੂੰਨ ਉਸ ਦੀ ਕੋਈ ਮਦਦ ਕਰਦਾ ਹੈ। ਉਹ ਤਾਂ ਮੁੱਲ ਖਰੀਦ ਲਿਆ। ਜਿਵੇਂ ਪਸ਼ੂ ਮੁੱਲ ਖਰੀਦ ਲਿਆ, ਏਸ ਤਰ੍ਹਾਂ ਬੰਦਾ ਮੁੱਲ ਖਰੀਦ ਲਿਆ। ਪਹਿਲਾਂ ਬੰਦੇ ਵਿਕਦੇ ਸਨ।

ਇਕ ਬਾਦਸ਼ਾਹ ਹੋਇਆ ਹੈ ਅਫਗਾਨਿਸਤਾਨ ਦਾ। ਉਹ ਬੜਾ ਚੰਗਾ ਬਾਦਸ਼ਾਹ ਸੀ। ਫੇਰ ਸੂਫੀ ਪੀਰ ਬਣ ਗਿਆ ਸੀ ਉਹ। ਉਸ ਨੇ ਇਕ ਚੰਗਾ ਛਾਂਟ ਕੇ ਗੁਲਾਮ ਲਿਆਂਦਾ ਵਧੀਆ। ਸੋਹਣਾ-ਸੁਨੱਖਾ, ਤੁਰਦਾ ਵੀ ਵਧੀਆ ਲੱਗੇ, ਬੋਲਦਾ ਵੀ ਵਧੀਆ ਲੱਗੇ, ਕੰਮ ਵੀ ਉਹ ਪੂਰੇ ਦਿਲ ਨਾਲ ਕਰੇ। ਕੰਮ-ਕਾਰ ਤੋਂ ਖੁਸ਼ ਹੋ ਕੇ ਉਸ ਨੇ ਸੋਚਿਆ ਕਿ ਇਸ ਗੁਲਾਮ ਨੂੰ ਕੁਝ ਰਿਆਇਤ ਦੇਣੀ ਚਾਹੀਦੀ ਹੈ ਕਿਉਂਕਿ ਜਿਹੜੇ ਚੰਗੇ ਗੁਲਾਮ ਨੇ ਉਹ ਰਿਆਇਤਾਂ ਲੈ ਲੈਂਦੇ ਨੇ। ਹੁਣ ਮੁਹੰਮਦ ਗੌਰੀ ਦਾ ਗੁਲਾਮ ਸੀ ਕੁਤਬਦੀਨ ਐਬਕ। ਮੁਹੰਮਦ ਗੌਰੀ ਤੋਂ ਬਾਅਦ ਉਸ ਨੇ ਦਿੱਲੀ ਦਾ ਤਖਤ ਕੁਤਬਦੀਨ ਨੂੰ ਦਿੱਤਾ। ਬੜੀ ਵੱਡੀ ਪਦਵੀ ਦੇ ਦਿਤੀ ਕਿਉਂਕਿ ਗੁਲਾਮ ਸੀ ਤੇ ਗੁਲਾਮਾਂ ਦੇ ਪੂਰੇ ਫਰਜ਼ ਉਸ ਨੇ ਅਦਾ ਕੀਤੇ ਸਨ।

ਸੋ ਬਾਦਸ਼ਾਹ ਨੇ ਆਪਣੇ ਗੁਲਾਮ ਨੂੰ ਬੁਲਾਇਆ ਤੇ ਕਹਿਣ ਲੱਗਿਆ ਕਿ ਹੇ ਗੁਲਾਮ! ਚਾਰ ਮੇਰੇ ਸਵਾਲ ਨੇ, ਤੂੰ ਚੌਹਾਂ ਦੇ ਜਵਾਬ ਦੇਹ। ਪਹਿਲਾ ਸੁਆਲ ਹੈ ਕਿ ਤੂੰ ਕੀ ਖਾਣਾ ਚਾਹੁੰਦਾ ਹੈਂ ਭਾਵ ਤੇਰੇ ਖਾਣ ਦੇ ਸ਼ੌਕ ਕੀ ਨੇ - ਸਵੇਰ ਵੇਲੇ ਕੀ ਖਾਂਦਾ ਹੈਂ, ਦੁਪਹਿਰ ਵੇਲੇ ਕੀ ਖਾਂਦਾ ਹੈਂ, ਸ਼ਾਮ ਨੂੰ ਕੀ ਖਾਂਦਾ ਹੈਂ ਰਾਤ ਨੂੰ ਕੀ ਖਾਂਦਾ ਹੈਂ, ਦੁੱਧ ਕਦੋਂ ਪੀਂਦਾ ਹੈ, ਕੋਈ ਰਸ ਆਦਿ ਕਦੋਂ ਪੀਂਦਾ ਹੈਂ। ਇਹ ਸਭ ਮੈਨੂੰ ਦੱਸ ਦੇ, ਉਸੇ ਤਰ੍ਹਾਂ ਦਾ ਮੈਂ ਹੁਕਮ ਦੇ ਦਿਆਂਗਾ। ਬੜੀ ਚੰਗੀ ਉਸ ਦੀ ਪੇਸ਼ਕਸ਼ ਸੀ। ਦੂਸਰੀ ਗੱਲ ਕਹੀ ਕਿ ਤੂੰ ਕਿਹੋ ਜਿਹੇ ਕੱਪੜੇ ਪਹਿਨਣੇ ਚਾਹੁੰਦਾ ਹੈਂ? ਸੂਟ ਪਹਿਨਣਾ ਚਾਹੁੰਦਾ ਹੈਂ, ਕੋਈ ਸ਼ਾਹੀ ਲਿਬਾਸ ਪਹਿਨਣਾ ਚਾਹੁੰਦਾ ਹੈਂ, ਜਿਹੋ ਜਿਹਾ ਵੀ ਚਾਹੁੰਦਾ ਹੈਂ ਉਹੋ ਜਿਹਾ ਹੀ ਮੈਂ ਬਣਵਾ ਦਿਆਂਗਾ। ਤੀਸਰਾ ਉਸ ਨੇ ਕਿਹਾ ਕਿ ਤੇਰਾ ਨਾਮ ਕੀ ਹੈ ਕਿਉਂਕਿ ਅਸੀਂ ਤਾਂ ਗੁਲਾਮ ਕਹਿ ਕੇ ਤੈਨੂੰ ਆਵਾਜ਼ ਮਾਰਦੇ ਹਾਂ। ਤੇ ਤੂੰ ਆਪਣਾ ਨਾਮ ਦੱਸ ਦੇ, ਫੇਰ ਤੈਨੂੰ ਅਸੀਂ ਉਸੇ ਨਾਮ ਨਾਲ ਬੁਲਾ ਲਿਆ ਕਰਾਂਗੇ। ਚੌਥਾ ਉਸ ਨੇ ਕਿਹਾ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਜਾਗਣਾ ਚਾਹੁੰਦਾ ਹੈਂ, ਦਿਨ ਵਿਚ ਵੀ ਤੂੰ ਅਰਾਮ ਚਾਹੁੰਦਾ ਹੈਂ, ਸਵੇਰੇ ਕਿੰਨੇ ਵਜੇ ਉਠਣਾ ਚਾਹੁੰਦਾ ਹੈਂ? ਉਸੇ ਤਰ੍ਹਾਂ ਅਸੀਂ ਕਰ ਲਵਾਂਗੇ, ਤੈਨੂੰ ਉਸੇ ਵੇਲੇ ਹੀ ਅਵਾਜ਼ ਦੇ ਦਿਆ ਕਰਾਂਗੇ।

ਉਸ ਨੇ ਜਵਾਬ ਦਿਤਾ ਕਿ ਹਜ਼ੂਰ! ਬਾਦਸ਼ਾਹ ਸਲਾਮਤ! ਤੁਹਾਡੀ ਪੇਸ਼ਕਸ਼ ਇਨਸਾਨੀਅਤ ਦੇ ਉਤੇ ਹੈ, ਚੰਗਾ ਇਨਸਾਨ ਦੂਸਰੇ ਨੂੰ ਵੀ ਸੁਖੀ ਦੇਖਣਾ ਚਾਹੁੰਦਾ ਹੈ ਪਰ ਇਕ ਗੱਲ ਤੁਸੀਂ ਭੁੱਲ ਗਏ ਕਿ ਮੈਂ ਮੁੱਲ ਵਿਕਿਆ ਹੋਇਆ ਬੰਦਾ ਹਾਂ। ਮੇਰਾ ਨਾ ਕੋਈ ਦੀਨ ਹੈ, ਨਾ ਕੋਈ ਧਰਮ ਹੈ ਤੇ ਮੇਰਾ ਜਿਹੋ ਜਿਹਾ ਤੁਸੀਂ ਨਾਉਂ ਲੈ ਲਓਗੇ - ਕੁੱਤਾ-ਬਿੱਲਾ ਜਾਂ ਕੁਝ ਵੀ ਮੈਨੂੰ ਦੱਸ ਦਿਓ ਕਿ ਆਹ ਅਵਾਜ਼ ਜਦੋਂ ਮਾਰਾਂਗੇ ਤਾਂ ਤੂੰ ਬੋਲ ਪਿਆ ਕਰੀਂ। ਜੇ ਤੁਸੀਂ ਮੇਰਾ ਪਿਛਲਾ ਨਾਉਂ ਪੁੱਛਦੇ ਹੋ, ਉਹ ਤਾਂ ਬਹੁਤ ਵੱਡਾ ਹੈ। ਉਹ ਤਾਂ ਲੈ ਹੀ ਨਹੀਂ ਸਕਦਾ ਕੋਈ, ਉਸ ਦੇ ਨਾਲ ਤਾਂ ਉਪਾਧੀਆਂ ਹੀ ਬੜੀਆਂ ਨੇ - ਖਾਨ ਬਹਾਦਰ, ਫਲਾਣਾ ਬਹਾਦਰ। ਹੁਣ ਤਾਂ ਮੈਂ ਗੁਲਾਮ ਬਣ ਗਿਆ, ਹੁਣ ਤਾਂ ਤੁਸੀਂ ਕੋਈ ਵੀ ਮੇਰਾ ਨਾਉਂ ਰੱਖ ਦਿਓ, ਓਹੀ ਮੈਨੂੰ ਮਨਜ਼ੂਰ ਹੈ। ਦੂਸਰਾ ਇਹ ਹੈ ਕਿ ਕੱਪੜੇ ਜਿਹੜੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ ਮੇਰੇ ਪਹਿਨੇ ਹੋਏ, ਓਹੋ ਜਿਹੇ ਪਹਿਨਾਅ ਦਿਓ। ਤੀਸਰਾ ਹੈ ਕਿ ਜਦੋਂ ਤੁਸੀਂ ਕਹੋਗੇ ਕਿ ਜਾਹ ਸੌਂ ਜਾ! ਉਦੋਂ ਸੌਂ ਜਾਵਾਂਗਾ। ਜਦੋਂ ਅਵਾਜ਼ ਮਾਰੋਗੇ, ਉਦੋਂ ਉਠ ਜਾਵਾਂਗਾ। ਖਾਣ ਦੀਆਂ ਰੁਚੀਆਂ ਜਿਹੜੀਆਂ ਪਹਿਲੀਆਂ ਨੇ ਉਹ ਤਾਂ ਮੈਂ ਗਿਣ ਹੀ ਨਹੀਂ ਸਕਦਾ। ਜ਼ਰਾ-ਕੁ ਨਮਕ ਘੱਟ-ਵੱਧ ਪੈ ਗਿਆ ਤਾਂ ਮੈਂ ਆਫਤ ਲਿਆ ਦਿੰਦਾ ਸੀ। ਮਿਰਚ ਘੱਟ ਵੱਧ ਪੈ ਗਈ, ਸੁਆਦੀ ਨਾ ਹੋਇਆ ਖਾਣਾ ਤਾਂ ਨੌਕਰ ਨੂੰ ਮੈਂ ਕੱਢ ਦਿੰਦਾ ਸੀ, ਰਹਿਣ ਨਹੀਂ ਸੀ ਦਿੰਦਾ ਪਰ ਹੁਣ ਤਾਂ ਮੈਂ ਗੁਲਾਮ ਹਾਂ, ਚਾਹੇ ਜੂਠੀਆਂ ਰੋਟੀਆਂ ਦਈ ਜਾਓ, ਚਾਹੇ ਸੁੱਕੇ ਟੁੱਕਰ ਦੇਈ ਜਾਓ, ਉਹ ਤਾਂ ਮੈਂ ਖਾਣੇ ਹੀ ਨੇ।

ਸੋ ਅਸੀਂ ਗੁਰੂ ਮਹਾਰਾਜ ਜੀ ਨੂੰ ਬੇਨਤੀ ਕਰੀ ਹੈ ਕਿ ਸਾਨੂੰ ਗੁਲਾਮ ਰੱਖ ਲੈ ਆਪਣੇ ਘਰ ਦਾ ਪਰ ਗੁਰੂ ਸਾਹਿਬ ਦੀਆਂ ਹਦਾਇਤਾਂ ਵਿਚੋਂ ਅਸੀਂ ਕੋਈ ਵੀ ਪੂਰੀ ਨਹੀਂ ਕਰ ਸਕਦੇ। ਗੁਲਾਮ ਤਾਂ ਬਣ ਜਾਵਾਂਗੇ ਪਰ ਆਕੜ ਓਵੇਂ ਹੀ ਰੱਖਾਂਗੇ ਕਿ ਨਾ-ਨਾ, ਇਹ ਨਹੀਂ ਸਾਨੂੰ ਮਨਜ਼ੂਰ ਮਹਾਰਾਜ! ਆਹ ਕੰਮ ਨਾ ਕਰੀਂ। ਗੁਲਾਮ ਦਾ ਤਾਂ ਕੋਈ ਹੱਕ ਹੀ ਨਹੀਂ। ਹੁਣ ਪਸ਼ੂ ਦਾ ਕੀ ਹੱਕ ਹੈ? ਕੀ ਪੁਲਿਸ ਆ ਜਾਏਗੀ ਕਿ ਤੁਸੀਂ ਆਪਣੀ ਬੱਕਰੀ ਮਾਰ ਦਿੱਤੀ ਜਾਂ ਬੱਕਰਾ ਮਾਰ ਕੇ ਖਾ ਲਿਆ ਜਾਂ ਮੁਰਗਾ ਮਾਰ ਦਿੱਤਾ? ਉਸ ਦਾ ਹੱਕ ਨਹੀਂ ਹੈ।

ਸੋ ਇਹ ਚੀਜ਼ ਬੜੀ ਔਖੀ ਹੈ ਕਿਉਂਕਿ ਸਿੱਖ ਬਣਨ ਵਾਸਤੇ ਜਿਹੜੇ ਰਸਤੇ ਦੀ ਆਪਾਂ ਵਿਚਾਰ ਕਰ ਰਹੇ ਹਾਂ ਕਿ ਕਿਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਮਿਲ ਸਕਦਾ ਹੈ, ਮਨੋ-ਬਿਰਤੀ ਇਥੇ ਲਿਆਉਣੀ ਪੈਂਦੀ ਹੈ।

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਚਾਰ ਚੀਜ਼ਾਂ - ਸਾਨੂੰ ਤਾਂ ਨੀਂਦ ਵੀ ਹੈ, ਭੁੱਖ ਵੀ ਹੈ, ਖਾਣਾ ਵੀ ਹੈ, ਸੌਣਾ ਵੀ ਹੈ। ਗੁਰੂ ਕਹਿੰਦਾ ਹੈ ਕਿ ਅੰਮ੍ਰਿਤ ਵੇਲੇ ਜਾਗ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***
***ਪੰਨਾ - 611***

ਉਠ ਕੇ ਤੂੰ ਇਸ਼ਨਾਨ ਕਰ, ਫੇਰ ਵਾਹਿਗੁਰੂ ਦਾ ਨਾਮ ਜਪ। ਫੇਰ ਤੇਰਾ ਤਨ ਵੀ ਅਰੋਗ ਤੇ ਮਨ ਵੀ ਅਰੋਗ। ਅਸੀਂ ਇਸ ਦੇ ਨਾਲ ਸਹਿਮਤ ਹੀ ਨਹੀਂ। ਅਸੀਂ ਕਹਿੰਦੇ ਹਾਂ ਕਿ ਸੱਚੇ ਪਾਤਿਸ਼ਾਹ! ਤੜਕੇ ਤਾਂ ਉਠ ਨਹੀਂ ਹੁੰਦਾ, ਇਸ਼ਨਾਨ ਕੌਣ ਕਰੇ? ਘੌਲ ਕਰਦੇ ਹਾਂ। ਸਾਰਿਆਂ ਨੂੰ ਗੀਜ਼ਰ (geyser) ਨਹੀਂ ਮਿਲਦੇ, ਮਹਿੰਗੇ ਬੜੇ ਆਉਂਦੇ ਨੇ। ਉਹ ਕਹਿੰਦੇ ਕਿ ਜਿਹੜਾ


Sri Satguru Jagjit Singh Ji eLibrary NamdhariElibrary@gmail.com

ਪਾਣੀ ਹੈ ਉਸੇ ਨਾਲ ਨਹਾ ਲੈ, ਜੇ ਠੰਡਾ ਹੈ ਤਾਂ ਠੰਡੇ ਨਾਲ ਹੀ ਨਹਾ ਲੈ। ਪਹਿਲਾਂ ਠੰਡੇ ਨਾਲ ਨਹਾਉਂਦੇ ਹੀ ਸਨ, ਗਰਮ ਤਾਂ ਕੋਈ ਕਰਦਾ ਹੀ ਨਹੀਂ ਸੀ। ਹੁਣ ਸਾਡੀਆਂ ਰੁਚੀਆਂ ਬਦਲ ਗਈਆਂ। ਇਸ ਕਰਕੇ ਜਿਹੜੀ ਸ਼ਰਤ ਹੈ ਗੁਰੂ ਦੀ ਇਸ ਨੂੰ ਅਸੀਂ ਮੰਨ ਨਹੀਂ ਸਕਦੇ। ਹੁਣ ਕਸੂਰ ਕਿਸ ਦੇ ਵਿਚ ਹੋਇਆ?

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
***ਪੰਨਾ - 1372***

ਪੂਰਾ ਸਤਿਗੁਰੂ ਗੁਰੂ ਨਾਨਕ ਸਾਹਿਬ ਕੀ ਕਰੇ? ਸਾਡੇ ਵਿਚ ਚੂਕ ਹੈ। ਉਪਦੇਸ਼ ਸੁਣਦੇ ਹਾਂ ਜਿਵੇਂ ਬਾਂਸ ਵਿਚ ਫੂਕ ਮਾਰੋ ਤਾਂ ਪਾਰ ਲੰਘ ਜਾਂਦੀ ਹੈ। ਇਸੇ ਤਰ੍ਹਾਂ ਸਾਡੇ ਹਿਰਦੇ ਵਿਚ ਗੁਰੂ ਦਾ ਉਪਦੇਸ਼ ਨਹੀਂ ਹੈ, ਨਹੀਂ ਤਾਂ ਇਕ ਦੋ ਬਚਨ ਹੀ ਬਹੁਤ ਹੋਇਆ ਕਰਦੇ ਨੇ, ਘੰਟਿਆਂ ਬੱਧੀ ਸਤਿਸੰਗ ਦੀ ਲੋੜ ਨਹੀਂ ਹੈ। ਸੋ ਵਿਚਾਰ ਕੱਲ੍ਹ ਇਹ ਕਰ ਰਹੇ ਸੀ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਪੰਨਾ - 12***

ਪਰ ਜਿੰਨੀ ਦੇਰ ਤੱਕ ਸਮਰੱਥ ਗੁਰੂ ਨਾ ਮਿਲੇ, ਪੂਰਾ ਗੁਰੂ ਨਾ ਮਿਲੇ, ਏਸ ਰਸਤੇ ਵਿਚ ਅਧਿਆਪਕ ਦੀ ਬੜੀ ਲੋੜ ਹੈ। ਇਕ ਤਾਂ ਅਧਿਆਪਕ ਜਿਹੜੇ ਸਾਡੇ ਸਕੂਲਾਂ ਵਿਚ ਪੜ੍ਹਾਉਂਦੇ ਨੇ, ਇਹ ਤਾਂ ਹਨ ਦੁਨਿਆਵੀ ਮਾਸਟਰ। ਦੂਜੇ ਨੇ ਅਧਿਆਤਮਕ ਮਾਸਟਰ, ਤੀਸਰੇ ਉਹ ਨੇ ਜਿਹੜੇ ਕਦੇ-ਕਦੇ ਆਉਂਦੇ ਨੇ ਸੰਸਾਰ ਵਿਚ, ਹਮੇਸ਼ਾ ਨਹੀਂ ਆਉਂਦੇ। ਜਦੋਂ ਸੰਸਾਰ ਵਿਚ ਹਨ੍ਹੇਰ ਗਰਦੀ ਆ ਜਾਂਦੀ ਹੈ ਉਸ ਵੇਲੇ ਆਉਂਦਾ ਹੈ ਉਹ। ਉਹ ਨੇ ਸਤਿਗੁਰੂ ਨਾਨਕ ਸਾਹਿਬ ਜਿਹੜੇ ਸਾਨੂੰ ਮਿਲੇ ਨੇ। ਸਾਨੂੰ ਤਾਂ ਬਹੁਤ ਫਕਰ ਕਰਨਾ ਚਾਹੀਦਾ ਹੈ ਕਿ ਸਾਡਾ ਮਾਸਟਰ ਬਹੁਤ ਵੱਡਾ ਹੈ ਤੇ ਉਸ ਨੂੰ ਇਹ ਗੱਲ ਕਹੀ ਗਈ ਅਕਾਲ ਪੁਰਖ ਵਲੋਂ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਜਿਹੜਾ ਤੇਰਾ ਹੁਕਮ ਮੰਨੇਗਾ, ਤੇਰੇ ਨਾਲ ਪਿਆਰ ਕਰੇਗਾ ਉਹ ਮੇਰੀ ਦਰਗਾਹ ਵਿਚ ਆਏਗਾ, ਮੈਂ ਉਸ ਦੀ ਸਹਾਇਤਾ ਕਰਾਂਗਾ। ਸੋ ਗੁਰੂ ਪ੍ਰਮੇਸ਼ਰ ਸਾਨੂੰ ਮਿਲਿਆ ਹੋਇਆ ਹੈ। ਉਸ ਦੀਆਂ ਹਦਾਇਤਾਂ ਦੀ ਹੀ ਅਸੀਂ ਸਤਿਸੰਗ ਦੇ ਅੰਦਰ ਵਿਚਾਰ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਵਿਚਾਰਦੇ ਹਾਂ, ਹੋਰ ਆਪਾਂ ਕੁਝ ਨਹੀਂ ਕਰਦੇ। ਜੇ ਕੋਈ ਪ੍ਰਮਾਣ ਜਾਂ ਹਵਾਲਾ ਦਿੰਦੇ ਹਾਂ ਤਾਂ ਉਸ ਦੀ ਪ੍ਰੋੜ੍ਹਤਾ ਵਾਸਤੇ ਹੁੰਦਾ ਹੈ ਕਿ ਜਿਹੜੀ ਗੱਲ ਕਹਿੰਦੇ ਹਾਂ ਉਹ ਸਮਝ ਵਿਚ ਆ ਜਾਵੇ - ਕੋਈ ਮਿਸਾਲ ਦੇ ਕੇ। ਕਿਸੇ ਦਾ ਜੀਵਨ ਵਿਚਾਰ ਕੇ ਉਸ ਨੂੰ (ਗ੍ਰਹਿਣ ਕਰਨਾ, ਕਿਸੇ ਵਲੋਂ ਦੱਸੇ ਗਏ ਰਾਹ ਤੇ ਚਲਨਾ ਤਾ ਕਿ ਜਿਵੇਂ ਉਹ ਲੰਘ ਗਿਆ, ਅਸੀਂ ਵੀ ਕੋਸ਼ਿਸ਼ ਕਰੀਏ -

***ਰਾਮ ਜਪਉ ਜੀ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥*** ***ਪੰਨਾ - 337***

ਧ੍ਰੂ ਨੇ ਨਾਮ ਕਿਵੇਂ ਜਪਿਆ, ਪ੍ਰਹਿਲਾਦ ਨੇ ਕਿਵੇਂ ਜਪਿਆ? ਫੇਰ ਸਾਡੇ ਮਨ ਵਿਚ ਵੀ ਚਾਓ ਉਠ ਖੜ੍ਹਦਾ ਹੈ-

***ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ॥***
***ਪੰਨਾ - 703***

ਮੈਨੂੰ ਕਦ ਮਿਲੇਗਾ? ਇਹ ਚਾਓ ਹੁੰਦਾ ਹੈ। ਇਨ੍ਹਾਂ ਨੂੰ ਤਾਂ ਮਿਲ ਗਿਆ। ਵਾਹਿਗੁਰੂ ਵਲੋਂ ਕਿਸੇ ਨਾਲ ਵੀ ਨਜ਼ਾਇਜ਼ ਨਹੀਂ ਹੁੰਦੀ, ਵਾਹਿਗੁਰੂ ਕਿਸੇ ਨੂੰ ਨਫਰਤ ਨਹੀਂ ਕਰਦਾ ਕਿਉਂਕਿ ਸਾਰੇ ਉਸੇ ਦੇ ਨੇ। ਜਿਹੜਾ ਨੁਕਸਾਨ ਹੁੰਦਾ ਹੈ ਉਹ ਕਰਮਾਂ ਦਾ ਹੁੰਦਾ ਹੈ। ਆਦਮੀ ਕਰਮ ਕਰਦਾ ਹੈ ਤੇ ਉਨ੍ਹਾਂ ਦੇ ਫਲ ਭੋਗਦਾ ਹੈ, ਵਾਹਿਗੁਰੂ ਨਹੀਂ ਕਿਸੇ ਨੂੰ ਕੁਝ ਕਹਿੰਦਾ। ਉਹ ਤਾਂ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥***
***ਪੰਨਾ - 544***

ਜਦੋਂ ਵੀ ਕੋਈ ਸੱਚੇ ਦਿਲੋਂ ਉਸ ਦੀ ਸ਼ਰਨ ਲੈ ਲਵੇ, ਉਹ ਫੇਰ ਗਿਣਦਾ ਨਹੀਂ ਕਿ ਤੂੰ ਇਉਂ ਕਰਿਆ ਜਾਂ ਇਉਂ ਕਰਿਆ, ਹਟ ਪਰ੍ਹੇ, ਕਿਉਂਕਿ ਵਾਹਿਗੁਰੂ ਬਾਰੇ ਮਹਾਰਾਜ ਜੀ ਨੇ ਲਿਖਿਆ ਹੈ ਕਿ -

***ਸਦਾ ਸਦਾ ਸਦਾ ਦਇਆਲ॥*** ***ਪੰਨਾ - 275***

ਉਹ ਦਇਆਲੂ ਹੈ, ਉਹ ਕਿਸੇ ਦੇ ਔਗੁਣ ਨਹੀਂ ਵਿਚਾਰਦਾ -

***ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥***
***ਪੰਨਾ - 784***

ਕਿਸੇ ਨਾਲ ਵੀ ਉਹ ਕੌੜਾ ਨਹੀਂ ਬੋਲਦਾ। ਪਹਿਲਾਂ ਰੱਬ ਬਾਰੇ ਜਾਣੀਏ ਤਾਂ ਸਹੀ, ਸਾਡੀ ਸਮਝ ਵਿਚ ਤਾਂ ਆਵੇ ਕਿ ਜਿਸ ਨੂੰ ਅਸੀਂ ਮਿਲਣਾ ਹੈ ਉਹ ਹੈ ਕਿਹੋ-ਜਿਹਾ ਹੈ? ਉਸ ਦਾ ਸੁਭਾਅ ਕਿਹੋ ਜਿਹਾ ਹੈ? ਉਸ ਦਾ ਸੁਭਾਅ ਹੈ ਹਰ ਵਕਤ ਦਇਆਲੂ ਤੇ ਫੇਰ ਉਹ ਨਿਰ੍ਹਾ ਹੀ ਪਿਆਰ ਹੈ -

***ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***(ਜਾਪੁ ਸਾਹਿਬ)***

ਉਹ ਪਿਆਰ ਦਾ ਰੂਪ ਧਾਰ ਕੇ ਸੰਸਾਰ ਵਿਚ ਫੈਲਿਆ ਹੋਇਆ ਹੈ। ਸੋ ਏਸ ਤਰ੍ਹਾਂ ਜੋ ਵਾਹਿਗੁਰੂ ਹੈ ਉਸ ਦੇ ਨਾਲ ਪਿਆਰ ਹੋਣਾ ਚਾਹੀਦਾ ਹੈ ਕਿਉਂਕਿ ਉਹ ਸਾਨੂੰ ਪਿਆਰ ਕਰਦਾ ਹੈ, ਬਿਨਾ ਮੰਗਿਆਂ ਸਭ ਕੁਝ ਦੇ ਰਿਹਾ ਹੈ। ਸਾਨੂੰ ਪਤਾ ਹੀ ਨਹੀਂ ਕਿ ਲੋੜਾਂ ਸਾਡੀਆਂ ਕੀ ਨੇ? ਉਹ ਆਪ ਹੀ ਪੂਰੀਆਂ ਕਰ ਰਿਹਾ ਹੈ। ਸੋ ਉਸ ਦੇ ਨਾਲ ਪਿਆਰ ਕਿਵੇਂ ਹੋ ਸਕਦਾ ਹੈ? ਉਸ ਦੇ ਬਾਰੇ ਜੋ ਸਾਧਨ ਪੱਖ ਹੈ, ਮਿਲਾਉਣ ਵਾਲਾ ਹੈ ਸਮਰੱਥ ਗੁਰੂ। ਜਿੰਨਾ ਚਿਰ ਗੁਰੂ ਨਹੀਂ ਮਿਲਦਾ ਓਨਾ ਚਿਰ ਗੱਲ ਨਹੀਂ ਬਣਦੀ। ਸੋ ਮਹਾਰਾਜ ਜੀ ਕਹਿੰਦੇ ਕਿ ਭਾਗਾਂ ਤੋਂ ਬਿਨਾ ਸਤਿਗੁਰੂ ਨਹੀਂ ਮਿਲਦਾ। ਜੇ ਸਤਿਗੁਰੂ ਨਾ ਮਿਲੇ ਤਾਂ ਨਾਮ ਨਹੀਂ ਮਿਲਦਾ। ਜੇ ਸਤਿਗੁਰੂ ਮਿਲ ਜਾਵੇ ਤਾਂ ਹਮੇਸ਼ਾ ਦਾ ਸੁਖ ਪ੍ਰਾਪਤ ਹੋ ਜਾਂਦਾ ਹੈ। ਬਾਕੀ ਜੇ ਕੋਈ ਜ਼ੋਰ ਲਾਵੇ ਕਿ ਪੁੱਠੇ ਲਟਕਦੇ ਹਾਂ, ਜਲਧਾਰੇ ਕਰ ਰਹੇ ਹਾਂ, ਅਸੀਂ ਤਾਂ ਪਤੀਜ ਜਾਵਾਂਗੇ ਕਿ ਪੋਹ-ਮਾਘ ਦਾ ਮਹੀਨਾ ਹੈ ਤੇ ਸੌ ਘੜਾ ਉਤੇ ਪਾਣੀ ਦਾ ਪਾ ਰਿਹਾ ਹੈ, ਮੇਲੇ ਲਾ ਦਿਆਂਗੇ। ਪਤਾ ਹੀ ਨਹੀਂ ਕਿ ਇਹ ਕਿਥੇ ਜਾ ਰਿਹਾ ਹੈ, ਸਾਨੂੰ ਉਲਟੇ ਚੱਕਰ ਵਿਚ ਪਾ ਰਿਹਾ ਹੈ ਜਾਂ ਅਸੀਂ ਠੀਕ ਲੰਘ ਰਹੇ ਹਾਂ। ਉਹ ਗਰਮ ਚੀਜ਼ਾਂ ਖਾ ਲੈਂਦੇ ਨੇ ਜਿਵੇਂ ਸਿਗਰਟ, ਹਿਰਨ ਦੇ ਸਿੰਗ ਦਾ ਕੁਸ਼ਤਾ



Sri Satguru Jagjit Singh Ji eLibrary NamdhariElibrary@gmail.com

ਬਣਾ ਕੇ ਖਾ ਲਿਆ। ਜਾਂ ਤਾਂ ਪਾਣੀ ਵਿਚ ਖੜੋਵੇ ਲਗਾਤਾਰ ਜਾਂ ਉਤੇ ਪਾਣੀ ਪਾਵੇ ਤਾਂ ਉਹ ਹਜ਼ਮ ਹੁੰਦੇ ਨੇ, ਨਹੀਂ ਤਾਂ ਸਰੀਰ ਨੂੰ ਮਾਰ ਦਿੰਦਾ ਹੈ, ਇਹੋ ਜਿਹਾ ਸਖਤ ਹੁੰਦਾ ਹੈ। ਅਸੀਂ ਕਹਿੰਦੇ ਹਾਂ ਕਿ ਇਹ ਸੰਤ ਤਾਂ ਰੱਬ ਨੂੰ ਪਹੁੰਚੇ ਹੋਏ ਨੇ। ਇਹ ਧੋਖਾ ਹੋ ਜਾਂਦਾ ਹੈ ਸਾਡੇ ਨਾਲ। ਏਸ ਕਰਕੇ ਅਸੀਂ ਕਹਿੰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਏਧਰ-ਓਧਰ ਨਾ ਜਾਓ। ਮਹਾਰਾਜ ਜੀ ਕਹਿੰਦੇ -

***ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭ ਕੋਇ॥***

***ਪੰਨਾ - 39***

ਮਨ ਹਠ ਨਾਲ ਨਹੀਂ ਮਿਲਦਾ ਵਾਹਿਗੁਰੂ। ਉਹ ਤੁਹਾਡੇ ਅੰਦਰ ਹੈ। ਉਸ ਦਾ ਤਰੀਕਾ ਹੈ, ਅੰਦਰੋਂ ਤੁਸੀਂ ਖੋਜ ਕਰ ਲਓ। ਖੋਜ ਕਰਨ ਵਾਸਤੇ ਸਮਰੱਥ ਗੁਰੂ ਦੀ ਲੋੜ ਹੈ। ਉਹ ਤਰੀਕਾ ਦੱਸ ਦਿੰਦਾ ਹੈ ਕਿ ਇੰਜ ਕਰ ਲੈ ਖੋਜ, ਇੰਜ ਰਹਿ ਤੂੰ, ਤੇਰੇ ਅੰਦਰ ਪ੍ਰਗਟ ਹੋ ਜਾਏਗਾ। ਸੋ ਏਸ ਤਰ੍ਹਾਂ ਜਿਹੜੀ ਬੇਨਤੀ ਕੱਲ ਕਰੀ ਸੀ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***

***ਪੰਨਾ - 12***

ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਬਾਬਾ ਫਰੀਦ ਜੀ ਇਸਲਾਮ ਵਾਲੇ ਦਾ ਜ਼ਿਕਰ ਆ ਕੇ, ਗੁਰੂ ਬਣ ਕੇ ਸੁਸ਼ੋਭਤ ਹੋ ਜਾਣਾ ਬਹੁਤ ਵੱਡੀ ਬਾਤ ਹੈ। ਐਵੇਂ ਹੀ ਨਹੀਂ ਗੁਰੂ ਸਾਹਿਬ ਜੀ ਨੇ ਉਨ੍ਹਾਂ ਦੀ ਕਵਿਤਾ ਸੁਣੀ ਤੇ ਦਰਜ ਕਰ ਦਿੱਤੀ। ਨਾ! ਜੀਵਨ ਟਕਸਾਲ ਦਾ ਸੀ ਉਨ੍ਹਾਂ ਦਾ। ਗੁਰੂ ਮਹਾਰਾਜ ਜੀ ਨੇ ਪਰਖਿਆ ਤੇ ਗੁਰੂ ਦੀ ਪਦਵੀ ਦੇ ਕੇ ਬਿਠਾ ਦਿੱਤਾ। ਹੁਣ ਇਹ ਤਾਂ ਨਹੀਂ ਹੈ ਕਿ ਬਾਬੇ ਫਰੀਦ ਜੀ ਦੀ ਬਾਣੀ ਕੱਢ ਦਿਓ, ਫੇਰ ਅਸੀਂ ਮੱਥਾ ਟੇਕਾਂਗੇ। ਵਿਚ ਹੀ ਉਨ੍ਹਾਂ ਨੂੰ ਵੀ ਮੱਥਾ ਟੇਕਦੇ ਹਾਂ, ਉਨ੍ਹਾਂ ਨੇ ਸਤਿਗੁਰੂ ਦੀ ਪਦਵੀ ਪ੍ਰਾਪਤ ਕੀਤੀ ਹੋਈ ਹੈ। ਉਨ੍ਹਾਂ ਬਾਰੇ ਜਦੋਂ ਅਸੀਂ ਵਿਚਾਰ ਕਰਦੇ ਹਾਂ, ਉਸ ਦੇ ਜੀਵਨ ਤੇ, ਛੋਟਾ ਬੱਚਾ ਸੀ ਉਹ, ਉਸ ਦੀ ਮਾਤਾ ਦਾ ਨਾਂ ਮਰੀਅਮ ਸੀ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਕੁਲ ਨਾਲ ਸਬੰਧ ਰੱਖਦੀ ਸੀ, ਅਮੀਰ ਲੜਕੀ ਸੀ। ਉਸ ਨੇ ਆਪਣੇ ਬੱਚੇ ਫਰੀਦ ਜੀ ਨੂੰ ਛੋਟੀ ਉਮਰ ਤੋਂ ਹੀ ਭਜਨ ਕਰਨ ਵੱਲ ਤੇ ਕੁਰਾਨ ਸ਼ਰੀਫ ਪੜ੍ਹਨ ਵੱਲ ਲਾ ਲਿਆ। ਹੁਣ ਵੀ ਤਾਂ ਛੋਟੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਂਦੇ ਨੇ ਤੇ ਉਨ੍ਹਾਂ ਨੂੰ ਆ ਜਾਂਦੀ ਹੈ, ਕਿਤਾਬਾਂ ਪੜ੍ਹਾਉਂਦੇ ਨੇ, ਨਰਸਰੀ ਕਰਦੇ-ਕਰਦੇ ਕਿਤੇ ਤੋਂ ਕਿਤੇ ਜਾਂਦਾ ਹੈ ਬੱਚਾ। ਸੋ ਫਰੀਦ ਜੀ ਨੂੰ ਵੀ ਪੰਜ ਸਾਲ ਦੀ ਉਮਰ ਤੱਕ ਕੁਰਾਨ ਸ਼ਰੀਫ ਯਾਦ ਹੋ ਗਿਆ। ਗੁਰੂ ਅੱਠਵੇਂ ਪਾਤਿਸ਼ਾਹ ਜੀ ਦੇ ਗੁਰੂ ਗ੍ਰੰਥ ਸਾਹਿਬ ਯਾਦ ਹੋ ਗਿਆ ਸੀ ਇਸੇ ਉਮਰ ਵਿਚ। ਸਾਹਿਬਜ਼ਾਦਿਆਂ ਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਹੀ ਸਿਧਾਂਤ ਕੰਠ ਸੀ। ਯਾਦ ਸੀ ਬਾਣੀ। ਸੋ ਏਸ ਤਰ੍ਹਾਂ ਫਰੀਦ ਜੀ ਦੀ ਮਾਤਾ ਨੇ ਕਿਹਾ ਕਿ ਬੇਟਾ! ਇਹ ਜਿਹੜਾ ਜੀਵਨ ਮਿਲਿਆ ਹੈ, ਤੂੰ ਕੁਰਾਨ ਸ਼ਰੀਫ ਪੜ੍ਹਿਆ ਹੈ ਉਸ ਦੇ ਵਿਚ ਜੋਰ ਇਸ ਗੱਲ ਤੇ ਦਿੱਤਾ ਹੋਇਆ ਹੈ ਕਿ ਅੱਲਾ-ਤਾਲਾ ਨੂੰ ਮਿਲਣਾ ਹੈ ਤੇ ਉਸ ਦੇ ਮਿਲਣ ਵਾਸਤੇ ਤੂੰ ਇਬਾਦਤ ਕਰਿਆ ਕਰ। ਇਕ ਜ਼ੋਰ ਹੁੰਦਾ ਹੈ, ਜ਼ੋਹਦ ਕਹਿੰਦੇ ਨੇ ਤਪ ਨੂੰ, ਸਰੀਰ ਨੂੰ ਖੇਚਲ ਦੇਣੀ। ਉਹ ਤਿੰਨ ਤਰ੍ਹਾਂ ਦਾ ਹੁੰਦਾ ਹੈ। ਇਕ ਹੈ ਰਿਆਜ਼ਤ। ਰਿਆਜ਼ਤ ਹੁੰਦੀ ਹੈ ਭਗਤੀ। ਮਾਤਾ ਕਹਿੰਦੀ ਕਿ ਤੂੰ ਅੱਲਾ ਦਾ ਨਾਮ ਲਿਆ ਕਰ। ਉਹ ਕਹਿਣ ਲੱਗਿਆ ਕਿ ਮਾਂ! ਕਿਵੇਂ ਲਿਆ ਕਰਾਂ। ਮਾਂ ਕਹਿਣ ਲੱਗੀ ਕਿ ਮਾਲਾ ਫੇਰੀ ਜਾਇਆ ਕਰ ਤੇ ਇਕ-ਇਕ ਮਣਕੇ ਨਾਲ ਅੱਲ੍ਹਾ-ਹੂ, ਅੱਲ੍ਹਾ ਹੂ ਕਰਿਆ ਕਰ।

ਕਹਿੰਦਾ, "ਮੈਂ ਕਰ ਤਾਂ ਲਵਾਂਗਾ ਪਰ ਅੱਲ੍ਹਾ ਦਿੰਦਾ ਕੀ ਹੈ?"

ਉਸ ਨੂੰ ਸ਼ੱਕਰ ਖਾਣ ਦੀ ਆਦਤ ਸੀ ਬਚਪਨ ਵਿਚ। ਹੁੰਦੀ ਹੈ ਕੋਈ ਨਾ ਕੋਈ।

ਮਾਂ ਕਹਿਣ ਲੱਗੀ ਕਿ ਉਹ ਸ਼ੱਕਰ ਦੇ ਦਿੰਦਾ ਹੈ। ਬੈਠ ਗਿਆ ਮਾਂ ਦਾ ਉਪਦੇਸ਼ ਲੈ ਕੇ ਬੱਚਾ ਤੇ ਮਾਂ ਚੁੱਪ ਕਰਕੇ ਉਸ ਦੇ ਆਸਣ ਥੱਲੇ ਪੁੜੀ ਬੰਨ੍ਹ ਕੇ ਰੱਖ ਦਿੰਦੀ ਸੀ। ਕਰਦੇ-ਕਰਦੇ ਸਮਾਂ ਲੰਘ ਗਿਆ। ਨਾਮ ਜਪ ਕੇ ਰਸ ਆਉਂਦਾ ਹੈ, ਰਸ ਐਨਾ ਆਉਂਦਾ ਹੈ ਕਿ ਜੇ ਨਾ ਜਪੇ ਤਾਂ ਦਿਲ ਘਬਰਾਉਣ ਲੱਗ ਜਾਂਦਾ ਹੈ -

***ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥***
***ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥***

***ਪੰਨਾ - 1380***

ਨਾਮ ਜੱਪਣ ਵਾਲੇ ਦੀ ਲਿਵ ਟੁੱਟਦੀ ਹੈ, ਸੋ ਉਸ ਨੇ ਜਪਣਾ ਹੀ ਜਪਣਾ ਹੈ। ਇਕ ਦਿਨ ਮਾਂ ਕਿਤੇ ਚਲੀ ਗਈ, ਉਸ ਨੂੰ ਉਥੇ ਬੈਠੀ ਨੂੰ ਫਿਕਰ ਹੋਇਆ ਕਿ ਅੱਜ ਤਾਂ ਫਰੀਦ ਨੂੰ ਸ਼ੱਕਰ ਨਹੀਂ ਮਿਲਣੀ, ਕੀ ਬਹਾਨਾ ਲਾਵਾਂਗੀ ਮੈਂ, ਤੇ ਮੈਨੂੰ ਝੂਠ ਬੋਲਣਾ ਪੈ ਜਾਣਾ ਹੈ, ਐਵੇਂ ਹੀ ਕੋਈ ਬਹਾਨਾ ਲਾਉਣਾ ਪਏਗਾ ਮੈਨੂੰ। ਉਹ ਜਦੋਂ ਘਰ ਆਈ ਤਾਂ ਉਸ ਨੇ ਫਰੀਦ ਜੀ ਤੇ ਪਹਿਲਾ ਸੁਆਲ ਇਹ ਕਰਿਆ, ਉਹ ਖੇਡਦਾ ਫਿਰਦਾ ਸੀ,

ਕਹਿੰਦੀ, "ਫਰੀਦਾ! ਇਬਾਦਤ ਕਰੀ।"

ਕਹਿੰਦਾ, "ਹਾਂ ਮਾਂ! ਮੈਂ ਖੂੰਡੀ ਦੇ ਨਾਲ ਮਾਲਾ ਲਾਹ ਲਈ ਸੀ ਕੀਲੀ ਤੋਂ।"

ਕਹਿੰਦੀ, "ਫੇਰ ਸ਼ੱਕਰ ਮਿਲੀ ਤੈਨੂੰ?"

ਉਂਗਲੀ ਫੜ ਲਈ, ਜਵਾਬ ਨਹੀਂ ਦਿੱਤਾ। ਅੰਦਰ ਲੈ ਆਇਆ, ਭਾਂਡੇ ਭਰੇ ਪਏ ਨੇ। ਕਹਿੰਦਾ, "ਮਾਂ! ਪਹਿਲਾਂ ਤਾਂ ਇਕ ਪੁੜੀ ਹੁੰਦੀ ਸੀ, ਹੁਣ ਮੇਰੇ ਸਾਰੇ ਆਸਣ ਦੇ ਥੱਲੇ ਸ਼ੱਕਰ ਹੀ ਸ਼ੱਕਰ ਸੀ। ਫਰੀਦ ਜੀ ਦਾ ਨਾਉਂ ਉਸ ਦਿਨ ਤੋਂ ਸ਼ੱਕਰਗੰਜ ਪੈ ਗਿਆ - 'ਫਰੀਦ ਸ਼ੱਕਰ ਗੰਜ', ਸ਼ੱਕਰ ਦਾ ਢੇਰ। ਦੂਜਾ ਉਹ ਬੋਲਦਾ ਐਨਾ ਮਿੱਠਾ ਸੀ, ਇਸ ਕਰਕੇ ਵੀ ਉਸ ਨੂੰ ਸ਼ੱਕਰ ਗੰਜ ਕਹਿੰਦੇ ਸਨ ਕਿ ਮਿਠਾਸ ਦਾ ਢੇਰ ਹੈ ਇਹ। ਮਾਂ ਨੇ ਸਮਝ ਲਿਆ ਕਿ ਪੁੱਤਰ ਦਾ ਜਿਹੜਾ ਸ਼ਬਦ ਹੈ ਉਹ ਫਲ ਦੇ ਗਿਆ। ਇਕ ਦਿਨ ਮਾਂ ਨੇ ਜਾਣ ਕੇ ਹੀ ਕਿਹਾ ਕਿ ਬੇਟਾ! ਅੱਜ ਆਪਣੇ ਰਾਸ਼ਨ ਨਹੀਂ ਹੈ, ਜਦੋਂ ਤੂੰ ਇਬਾਦਤ ਕਰਕੇ ਹਟੇਂਗਾ ਤਾਂ ਅੱਲ੍ਹਾ ਨੂੰ ਕਹੀਂ ਕਿ ਸਾਨੂੰ ਰਾਸ਼ਣ ਦੇਹ।



Sri Satguru Jagjit Singh Ji eLibrary NamdhariElibrary@gmail.com

ਸਾਧ ਸੰਗਤ ਜੀ! ਇਕ ਗੱਲ ਮੈਂ ਦਸਦਾ ਹਾਂ ਤੁਹਾਨੂੰ ਕਿ ਵਾਹਿਗੁਰੂ ਇਹੋ ਜਿਹਾ ਨਹੀਂ ਹੈ ਜਿਹੜਾ ਸੁਣਦਾ ਨਹੀਂ ਹੈ। ਜਿੰਨਾ ਵਾਹਿਗੁਰੂ ਭੋਲਾ ਹੈ ਉਨਾ ਕੋਈ ਭੋਲਾ ਨਹੀਂ ਹੈ। ਕਿਸੇ ਤੋਂ ਬਦਲਾ ਲੈਂਦਾ ਹੀ ਨਹੀਂ। ਬਦਲਾ ਲੈਂਦੇ ਨੇ ਕਰਮ। ਉਹ ਭੋਲਾ ਹੈ, ਜੇ ਭੋਲਾ ਮਿਲ ਜਾਵੇ, ਫੇਰ ਉਹ ਪ੍ਰਗਟ ਹੋ ਜਾਂਦਾ ਹੈ। ਚਲਾਕ ਨੂੰ ਨਹੀਂ ਮਿਲਦਾ –

***ਭੋਲੇ ਭਾਇ ਮਿਲੇ ਰਘੁਰਾਇਆ॥ ਪੰਨਾ – 324***

ਸੋ ਏਸ ਤਰ੍ਹਾਂ ਛੋਟੇ ਬੱਚੇ ਨੇ ਇਬਾਦਤ ਕਰਕੇ ਕਿਹਾ ਕਿ ਅੱਜ ਸਾਡੇ ਰਾਸ਼ਨ ਨਹੀਂ ਹੈ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਿਆ ਕਿ ਪੁਛ ਰਹੇ ਨੇ ਕਿ ਫਰੀਦ ਦਾ ਘਰ ਇਹੋ ਹੀ ਹੈ? ਬਾਹਰ ਨਿਕਲਿਆ ਤੇ ਕਹਿਣ ਲੱਗਿਆ ਕਿ ਹਾਂ! ਆਹੀ ਹੈ। ਕਹਿਣ ਲੱਗੇ ਕਿ ਆਹ ਅੱਲ੍ਹਾ-ਤਾਲਾ ਨੇ ਰਾਸ਼ਨ ਭੇਜਿਆ ਹੈ। ਫਰੀਦ ਜੀ ਕਹਿਣ ਲੱਗੇ ਕਿ ਮੈਂ ਤਾਂ ਇਕ ਡੰਗ ਦਾ ਕਿਹਾ ਸੀ। ਉਹ ਕਹਿਣ ਲੱਗੇ ਕਿ ਠੀਕ ਹੈ, ਤੇਰਾ ਡੰਗ ਛੋਟਾ ਹੈ, ਅੱਲ੍ਹਾ ਦਾ ਵੱਡਾ ਹੈ, ਉਸ ਨੇ ਆਪਣੇ ਜੋਗਾ ਹੀ ਭੇਜ ਦਿੱਤਾ ਤੇ ਤੂੰ ਇਹ ਥੋੜ੍ਹਾ ਕਿਹਾ ਸੀ ਕਿ ਮੇਰੇ ਜੋਗਾ ਭੇਜ। ਭਾਂਡੇ ਥਾਂ-ਥਾਂ ਰੱਖੇ ਪਏ ਨੇ ਸਾਰੇ। ਮਾਂ ਆ ਗਈ ਤੇ ਉਸ ਨੇ ਕਿਹਾ ਕਿ ਫਰੀਦਾ! ਰਾਸ਼ਨ ਮੰਗਿਆ?

ਕਹਿੰਦਾ, "ਮਾਂ! ਅੰਦਰ ਤਾਂ ਪੈਰ ਧਰਨ ਨੂੰ ਥਾਂ ਨਹੀਂ ਹੈ ਅੱਜ।"

ਫੇਰ ਮਾਂ ਸਮਝ ਗਈ ਕਿ ਇਸ ਦੇ ਸ਼ਬਦ ਵਿਚ ਸਿਧੀ ਆ ਗਈ। ਤੁਸੀਂ ਕੋਈ ਸ਼ਬਦ ਜਪ ਲਓ, ਲੋਕ ਰਿਧੀਆਂ ਸਿਧੀਆਂ ਕਹਿੰਦੇ ਨੇ ਨਾਂਹ! ਇਹ ਕੀ ਹੁੰਦੀ ਹੈ! Repetition (ਦੁਹਰਾਈ) ਹੁੰਦੀ ਹੈ ਸ਼ਬਦ ਦੀ। ਤੁਸੀਂ ਕੋਈ ਸ਼ਬਦ ਜਪ ਲਓ, ਉਹ ਥੋੜ੍ਹੀ ਦੇਰ ਤੋਂ ਬਾਅਦ ਤਾਕਤ ਦੇਣੀ ਸ਼ੁਰੂ ਕਰ ਦਿੰਦਾ ਹੈ ਕਿਉਂਕਿ ਉਸ ਦੇ ਵਿਚ ਇਕ ਤਾਂ ਲਛਣ ਹੁੰਦਾ ਹੈ, ਦੂਜੇ ਸ਼ਕਤੀ ਹੁੰਦੀ ਹੈ। ਸ਼ਕਤੀ ਪ੍ਰਗਟ ਹੋ ਜਾਂਦੀ ਹੈ ਸ਼ਬਦ ਵਿਚੋਂ। ਪ੍ਰਗਟ ਹੋਈ ਸ਼ਕਤੀ ਨੂੰ ਲੋਕ ਰਿਧੀ ਸਿਧੀ ਤਾਕਤ ਕਹਿੰਦੇ ਨੇ ਕਿ ਇਸ ਨੂੰ ਤਾਕਤ ਮਿਲ ਗਈ, ਮੰਤਰ ਦੀ ਤਾਕਤ। ਛੋਟੇ-ਛੋਟੇ, ਬੇ-ਮਤਲਬੇ ਮੰਤਰ, ਆਹ ਬਿਛੂ ਲੜ ਜਾਂਦਾ ਹੈ, ਕੁਝ ਹੋਰ ਹੋ ਜਾਂਦਾ ਹੈ, ਇਥੇ ਰੋਜ਼ ਹੀ ਤੁਸੀਂ ਪੜ੍ਹਾਉਂਦੇ ਹੋ। ਸੋ ਏਸ ਤਰ੍ਹਾਂ ਨਾਲ ਉਸ ਦੀ ਮਾਂ ਨੇ ਸੋਚਿਆ ਕਿ ਮੰਤਰ ਸ਼ਕਤੀ ਮਿਲ ਗਈ ਇਸ ਨੂੰ ਤੇ ਹੁਣ ਮੈਂ ਇਸ ਨੂੰ ਹੋਰ ਸਿਖਲਾਈ ਦੇਵਾਂ। ਉਸ ਨੇ ਕਿਹਾ ਕਿ ਫਰੀਦਾ! ਤੂੰ ਆਰਫਾਂ ਦੀ ਸੰਗਤ ਵਿਚ ਬੈਠਿਆ ਕਰ, ਤੈਨੂੰ ਪਤਾ ਲੱਗੇ ਕਿ ਖੁਦਾ ਕੀ ਹੈ, ਇਹ ਮਿਲਦਾ ਕਿਵੇਂ ਹੈਂ ਪਰ ਤੂੰ ਆਹ ਤਸਬੀ ਫੇਰਨ ਤੋਂ ਨਾ ਹਟੀਂ। ਬਾਬੇ ਫਰੀਦ ਨੇ ਬੜੀ ਯਾਤਰਾ ਕੀਤੀ, ਸਪੇਨ ਤੋਂ ਲੈ ਕੇ ਮਲੇਸ਼ੀਆ ਤੱਕ ਉਨ੍ਹਾਂ ਨੇ ਸਫਰ ਕਰਿਆ – ਬਹੁਤ ਜ਼ਿਆਦਾ। ਗੁਰੂ ਨਾਨਕ ਸਾਹਿਬ ਜੀ ਵਾਂਗ ਥਾਂ-ਥਾਂ ਪਹੁੰਚੇ ਸਨ। ਬੜੀਆਂ ਸਾਖੀਆਂ ਨੇ ਉਸ ਦੀਆਂ, ਬੜੇ ਪੀਰਾਂ ਨੂੰ ਮਿਲਿਆ, ਵਿਦਵਾਨਾਂ ਨੂੰ, ਉਲਮਾ ਨੂੰ, ਪੜ੍ਹਦਾ ਵੀ ਰਿਹਾ ਬੈਠ ਬੈਠ ਕੇ। ਜਦੋਂ ਅਠਾਰਾਂ ਸਾਲਾਂ ਦਾ ਹੋ ਗਿਆ ਤਾਂ ਮਾਂ ਕਹਿਣ ਲੱਗੀ ਕਿ ਫਰੀਦਾ! ਤੇਰਾ ਨਾਉਂ ਤਾਂ ਬਹੁਤ ਹੋ ਗਿਆ ਤੇ ਤੇਰੀ ਮਹਿਮਾ ਵੀ ਸਾਰੇ ਕਰਦੇ ਨੇ ਪਰ ਜਿੰਨੀ ਦੇਰ ਤੱਕ ਤੂੰ ਜ਼ੋਹਦ (ਤਪ) ਨਹੀਂ ਕਰਦਾ, ਤੈਨੂੰ ਰੱਬ ਨਹੀਂ ਮਿਲਣਾ। ਜ਼ੋਹਦ ਕਹਿੰਦੇ ਨੇ ਤਪ ਨੂੰ। ਸੋ ਕਹਿੰਦੀ ਤੂੰ ਤਪ ਕਰ। ਅਠਾਰਾਂ ਸਾਲਾਂ ਦਾ ਹੋ ਗਿਆ, ਤਿਆਰ ਕਰ ਦਿੱਤਾ ਕਿ ਜੰਗਲਾਂ ਵਿਚ ਸੂਫੀ ਲੋਕ ਤਪ ਕਰਦੇ ਨੇ, ਕਿਸੇ ਨੇ ਆਪਣਾ ਛੋਟਾ ਆਸ਼ਰਮ ਬਣਾਇਆ ਹੈ, ਕਿਸੇ ਨੇ ਵੱਡਾ ਬਣਾਇਆ ਹੈ, ਉਥੇ ਜਾ ਕੇ ਤੂੰ ਵੀ ਤਪ ਕਰ। ਜਦੋਂ ਤੁਰਨ ਲੱਗਿਆ ਫਰੀਦ ਤਾਂ ਮਾਂ ਕਹਿਣ ਲੱਗੀ ਕਿ ਤਿੰਨ ਗੱਲਾਂ ਯਾਦ ਰੱਖੀਂ – ਪਹਿਲੀ ਗੱਲ ਤਾਂ ਇਹ ਹੈ ਕਿ ਤੂੰ ਰੇਸ਼ਮੀ ਗਦੈਲਿਆਂ ਤੇ ਸੌਂਇਆ ਕਰੀਂ। ਦੂਸਰੀ ਹੈ ਛੱਤੀ ਪ੍ਰਕਾਰ ਦੇ ਭੋਜਨ ਖਾਇਆ ਕਰੀਂ। ਤੀਸਰਾ ਕਿਲ੍ਹੇ ਵਿਚ ਰਹੀਂ।

ਫਰੀਦ ਕਹਿਣ ਲੱਗਿਆ ਕਿ ਮਾਤਾ! ਮੈਨੂੰ ਭੇਜਦੀ ਹੈਂ ਜੰਗਲਾਂ ਵਿਚ, ਉਥੇ ਕੌਣ ਲਈ ਬੈਠਾ ਹੈ ਐਨਾ ਕੁਝ ਮੇਰੇ ਲਈ? ਇਹ ਗੱਲ ਮੇਰੀ ਨਹੀਂ ਸਮਝ ਵਿਚ ਆਈ। ਉਹ ਕਹਿਣ ਲੱਗੀ ਕਿ ਬੇਟਾ! ਮੈਂ ਰਮਜ਼ ਮਾਰ ਕੇ ਗੱਲ ਕਰੀ ਹੈ। ਜਿਨ੍ਹਾਂ ਲੋਕਾਂ ਵਿਚ ਤੂੰ ਜਾਣਾ ਹੈ ਉਹ ਸਿੱਧੀ ਗੱਲ ਨਹੀਂ ਕਰਨਗੇ, ਰਮਜ਼ ਮਾਰਨਗੇ। ਜਿਹੜਾ ਮੈਂ ਤੈਨੂੰ ਕਿਹਾ ਕਿ ਕਿਲ੍ਹੇ ਵਿਚ ਰਹੀਂ, ਜਿਥੇ ਸਾਧੂ ਇਕੱਠੇ ਹੋਏ ਬੈਠੇ ਨੇ, ਤਪ ਕਰ ਰਹੇ ਨੇ ਉਨ੍ਹਾਂ ਦੇ ਵਿਚ ਰਹੀਂ, ਨਹੀਂ ਤਾਂ ਤੈਨੂੰ ਮਾਇਆ ਪੈ ਜਾਏਗੀ, ਉਸ ਨੂੰ ਮੈਂ ਕਿਲ੍ਹਾ ਕਿਹਾ ਹੈ ਸਤਿਸੰਗ ਨੂੰ। ਜਦੋਂ ਹੱਦ ਤੋਂ ਜ਼ਿਆਦਾ ਭੁੱਖ ਲੱਗ ਜਾਵੇ, ਉਸ ਵੇਲੇ ਸੁੱਕੇ ਟੁੱਕਰ ਵੀ ਜੇ ਪਾਣੀ ਵਿਚ ਭਿਉਂ ਕੇ ਖਾ ਲਏਂਗਾ ਤਾਂ ਉਹ ਛੱਤੀ ਪ੍ਰਕਾਰ ਦੇ ਭੋਜਨਾਂ ਤੋਂ ਵੀ ਜ਼ਿਆਦਾ ਸੁਆਦ ਦੇਣਗੇ। ਜਦੋਂ ਇਬਾਦਤ ਕਰਦਾ ਕਰਦਾ ਥੱਕ ਜਾਏਂਗਾ ਉਸ ਵੇਲੇ ਤੂੰ ਚਾਹੇ ਘਾਹ ਤੇ ਪੈ ਜਾਈਂ, ਚਾਹੇ ਡਲਿਆਂ ਤੇ ਪੈ ਜਾਈਂ, ਜਿਥੇ ਜੀਅ ਕਰਦਾ ਹੈ ਪੈ ਜਾਈਂ, ਉਹ ਤੈਨੂੰ ਗਦੈਲੇ ਹੀ ਲੱਗਣਗੇ ਰੇਸ਼ਮ ਦੇ। ਰੇਸ਼ਮ ਦੇ ਗਦੇਲਿਆਂ ਤੇ ਪੈਣ ਵਾਲਿਆਂ ਨੂੰ ਤਾਂ ਨੀਂਦ ਹੀ ਨਹੀਂ ਆਉਂਦੀ ਉਹ ਤਾਂ ਪਾਸੇ ਮਾਰੀ ਜਾਂਦੇ ਨੇ। ਸੋ ਤਿੰਨ ਗੱਲਾਂ ਸਮਝਾ ਕੇ ਮਾਂ ਨੇ ਕਿਹਾ ਕਿ ਤੂੰ ਪ੍ਰਮੇਸ਼ਰ ਨੂੰ ਮਿਲ ਕੇ ਆਈਂ। ਤੋਰ ਦਿੱਤਾ ਤੇ ਗੁਰੂ ਮਹਾਰਾਜ ਜੀ ਕਹਿੰਦੇ ਕਿ ਐਸੀਆਂ ਮਾਵਾਂ ਧੰਨ ਨੇ। ਜਿਹੜੀਆਂ ਮਾਵਾਂ ਬੱਚਿਆਂ ਨੂੰ ਉਲਟਾ ਉਪਦੇਸ਼ ਦਿੰਦੀਆਂ ਨੇ, ਉਨ੍ਹਾਂ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਇਕ ਤਰ੍ਹਾਂ ਦੀ ਗਾਲ੍ਹ ਕੱਢੀ ਹੋਈ ਹੈ, ਮਹਾਰਾਜ ਜੀ ਕਹਿੰਦੇ –

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
***ਬਿਧਵਾ ਕਸ ਨ ਭਈ ਮਹਤਾਰੀ॥ ਪੰਨਾ – 328***

ਇਹ ਗੱਲ ਕਿਥੇ ਚਲੀ ਗਈ? ਮਾਂ, ਤਾਂ ਹੋ ਗਈ ਵਿਧਵਾ ਜੇ ਪਿਓ ਮਰ ਗਿਆ। ਕਹਿੰਦੇ ਪਿਓ ਮਰ ਜਾਣਾ ਚਾਹੀਦਾ ਹੈ ਉਸ ਦਾ। ਜਿੰਮੇਵਾਰੀ ਦੋਹਾਂ ਦੀ ਹੈ, ਮਾਂ ਦੀ ਵੀ ਤੇ ਪਿਓ ਦੀ ਵੀ। ਸੋ ਕਹਿੰਦੇ, ਮਾਂ ਵਿਧਵਾ ਹੋ ਗਈ ਤੇ ਵਿਧਵਾ ਹੋ ਕੇ ਦੁਖੀ ਹੋਏਗੀ।

***ਜਿਹ ਨਰ ਰਾਮ ਭਗਤਿ ਨਹਿ ਸਾਧੀ॥***
***ਜਨਮਤ ਕਸ ਨ ਮੁਓ ਅਪਰਾਧੀ॥ ਪੰਨਾ – 328***

ਜੇ ਜੰਮਦਾ ਹੀ ਮਰ ਜਾਂਦਾ ਤਾਂ ਪਾਪ ਤਾਂ ਨਾ ਬੀਜਦਾ, ਫੇਰ ਭੋਗਣੇ ਨਾ ਪੈਂਦੇ। ਦੂਜੇ ਪਾਸੇ ਫਰੀਦ ਜੀ ਨੇ ਕਿਹਾ ਕਿ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਦੇ ਨੇ ਉਨ੍ਹਾਂ ਦੀਆਂ ਮਾਵਾਂ ਧੰਨ ਨੇ –

***ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥***



Sri Satguru Jagjit Singh Ji eLibrary NamdhariElibrary@gmail.com

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥*

***ਪੰਨਾ - 488***

ਉਨ੍ਹਾਂ ਦੀਆਂ ਮਾਵਾਂ ਧੰਨ ਨੇ, ਸੰਸਾਰ ਤੇ ਆਏ ਹੋਏ ਸਫਲ ਨੇ ਜਿਨ੍ਹਾਂ ਦੀਆਂ ਮਾਵਾਂ ਆਪਣੇ ਬੱਚਿਆਂ ਨੂੰ ਪ੍ਰਭੂ ਭਗਤੀ ਵੱਲ ਲਾਉਂਦੀਆਂ ਹਨ। ਇਉਂ ਪੜ੍ਹ ਲਓ -

***ਧਾਰਨਾ - ਧੰਨ ਧੰਨ ਨੇ ਜਣੇਦੀਆਂ ਮਾਵਾਂ,***
***ਜਿਨ੍ਹਾਂ ਦੇ ਪੁੱਤਰ ਨਾਮ ਜਪਦੇ -2, 2.***
***ਮੇਰੇ ਪਿਆਰੇ, ਜਿਨ੍ਹਾਂ ਦੇ ਪੁੱਤਰ ਨਾਮ ਜਪਦੇ -2, 2.***
***ਧੰਨ ਧੰਨ ਨੇ ਜਣੇਦੀਆਂ ਮਾਵਾਂ,....... -2.***

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥*

***ਪੰਨਾ - 488***

*ਤਿਨ ਕਾ ਜਨਮੁ ਸਫਲ ਹੈ ਜੋ ਚਲਹਿ ਸਤਗੁਰ ਭਾਇ॥*

***ਪੰਨਾ - 28***

ਉਹ ਕਰਦੇ ਕੀ ਨੇ?

***ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥***

***ਪੰਨਾ - 28***

ਕੁਲਾਂ ਦਾ ਉਧਾਰ ਕਰ ਦਿੰਦੇ ਨੇ, ਆਪ ਤਾਂ ਉਨ੍ਹਾਂ ਨੇ ਤਰਨਾ ਹੀ ਹੈ। ਚੌਵੀਂ ਕੁਲਾਂ ਦਾਦਕਿਆਂ ਦੀਆਂ ਤਰ ਜਾਂਦੀਆਂ ਨੇ ਜੇ ਇਕ ਬ੍ਰਹਮ ਗਿਆਨੀ ਕੁਲ ਵਿਚ ਪੈਦਾ ਹੋ ਜਾਵੇ। ਵੀਹ ਨਾਨਕਿਆਂ ਦੀਆਂ ਤਰ ਜਾਂਦੀਆਂ ਨੇ, ਸੋਲਾਂ ਜਿਥੇ ਉਸ ਦਾ ਵਿਆਹ ਹੋਇਆ ਹੋਵੇ, ਬਾਰਾਂ ਕੁਲਾਂ ਉਨ੍ਹਾਂ ਦੀਆਂ ਜਿਥੇ ਲੜਕੀ ਵਿਆਹੀ ਹੋਵੇ, ਗਿਆਰਾਂ ਭੂਆ ਦੀਆਂ, ਅੱਠ ਮਾਸੀ ਦੀਆਂ ਤਰ ਜਾਂਦੀਆਂ ਨੇ। ਸੋ ਐਡੀ ਦੂਰ ਤੱਕ ਮਹਾਰਾਜ ਜੀ ਕਹਿੰਦੇ -

***ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥***

***ਪੰਨਾ - 28***

ਮਾਂ ਫੇਰ ਧੰਨ ਹੋਈ ਜਾਂ ਨਾ, ਜਿਸ ਨੇ ਕੁਲਾਂ ਨੂੰ ਕੱਢ ਦਿੱਤਾ ਨਰਕਾਂ ਵਿਚੋਂ। ਕੋਈ ਕਿਤੇ ਪਸ਼ੂ ਬਣਿਆ ਹੋਇਆ ਹੈ। ਉਹ ਕਹਿੰਦੇ ਕਿ ਅਚਾਨਕ ਮਰ ਗਿਆ, ਕੋਈ ਉਸ ਦੀ ਕੁਲ ਵਿਚ ਬੰਦਗੀ ਕਰਨ ਵਾਲਾ ਆ ਗਿਆ, ਉਸ ਨੇ ਉਸ ਦੀ ਜੂਨ ਕੱਟ ਦਿੱਤੀ।

ਦੂਜੇ ਪਾਸੇ ਮਹਾਰਾਜ ਜੀ ਨੇ ਕਿਹਾ ਕਿ ਜਿਹੜੀ ਮਾਂ ਆਪਣੇ ਪੁੱਤਰ ਨੂੰ ਪ੍ਰਮਾਰਥਕ ਬਾਤ ਨਹੀਂ ਦਸਦੀ, ਉਹ ਤਾਂ ਵਿਧਵਾ ਹੋ ਜਾਂਦੀ। ਉਸ ਦਾ ਕੀ ਕਸੂਰ ਹੈ, ਕਿਉਂ ਉਸ ਨੂੰ ਇਹ ਦੋਸ਼ ਲਗਦਾ ਹੈ? ਜੇ ਇਕ ਪਾਸੇ ਕੁਲਾਂ ਤਾਰਨ ਵਾਲੇ ਨੇ ਤਾਂ ਦੂਜੇ ਪਾਸੇ ਕੁਲਾਂ ਡੋਬਣ ਵਾਲੇ ਵੀ ਪੈਦਾ ਹੋ ਜਾਂਦੇ ਨੇ-

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***
***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***
***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

***ਰਹਿਤਨਾਮਾ***

ਭੋਰਾ ਕੁ ਤੰਬਾਕੂ ਦੀ ਵਰਤੋਂ ਕਰਨ ਨਾਲ, ਉਸ ਦੇ ਬਜ਼ੁਰਗ ਜਿਹੜੇ ਪਿਤਰ ਲੋਕ ਵਿਚ ਰਹਿੰਦੇ ਨੇ, ਸਵਰਗ ਲੋਕ ਵਿਚ ਰਹਿੰਦੇ ਨੇ, ਉਹ ਛੱਡ ਜਾਂਦੇ ਨੇ। ਪਹਿਲੇ ਸਵਰਗ ਨੂੰ 'ਗੰਧਰਵ ਲੋਕ' ਕਹਿੰਦੇ ਨੇ। ਉਥੇ ਇਥੋਂ ਨਾਲੋਂ 100 ਗੁਣਾ ਜ਼ਿਆਦਾ ਸੁਖ ਹੋਇਆ ਕਰਦਾ ਹੈ। ਇਸ ਤੋਂ ਵੱਡਾ ਹੁੰਦਾ ਹੈ 'ਦੇਵ ਗੰਧਰਵ ਲੋਕ' ਉਥੇ ਉਸ ਦੇ ਨਾਲੋਂ ਸੌ ਗੁਣਾ ਸੁਖ ਜ਼ਿਆਦਾ ਹੁੰਦਾ ਹੈ। ਉਸ ਤੋਂ ਅੱਗੇ ਹੁੰਦਾ ਹੈ 'ਪਿੱਤਰ ਲੋਕ' ਉਥੇ ਉਸ ਤੋਂ ਸੌ ਗੁਣਾ ਜ਼ਿਆਦਾ, ਫੇਰ ਉਸ ਤੋਂ ਬਾਅਦ 'ਸਵਰਗ ਲੋਕ' ਹੁੰਦਾ ਹੈ, ਫੇਰ 'ਇੰਦਰ ਲੋਕ' ਹੁੰਦਾ ਹੈ। ਅੱਗੇ 'ਕਰਮ ਦੇਵ ਲੋਕ' ਹੁੰਦਾ ਹੈ, 'ਅਜਾਨ ਦੇਵ ਲੋਕ' ਹੁੰਦਾ ਹੈ, ਪ੍ਰਜਾਪਤਿ ਲੋਕ' ਹੈ, 'ਬ੍ਰਹਮ ਲੋਕ' ਹੈ, ਅੱਗੇ ਸ਼ਿਵ ਲੋਕ' ਹੈ। ਅੱਗੇ ਗਿਆਰ੍ਹਵਾਂ 'ਬੈਕੁੰਠ ਧਾਮ' ਹੁੰਦਾ ਹੈ। ਜਿਹੜੇ ਇਥੇ ਤੱਕ ਬੈਠੇ ਨੇ ਉਨ੍ਹਾਂ ਦੀ ਗਿਰਾਵਟ ਹੋ ਜਾਂਦੀ ਹੈ। ਪਿੱਤਰਾਂ ਨੂੰ ਓਲਾਂਭਾ ਮਿਲਦਾ ਹੈ ਕਿ ਤੇਰੀ ਕੁਲ ਦੇ ਵਿਚ ਕਿਹੋ ਜਿਹਾ ਪੈਦਾ ਹੋਇਆ। ਉਸ ਦਾ ਤਪ ਛੀਣ (ਖਤਮ) ਹੋ ਜਾਂਦਾ ਹੈ।

ਜਿਨ੍ਹਾਂ ਨੇ ਦੇਵਤਿਆਂ ਦੀ ਪਦਵੀ ਪ੍ਰਾਪਤ ਕਰੀ ਹੋਈ ਹੈ - ਬਜ਼ੁਰਗਾਂ ਨੇ ਤੇ 'ਪਿੱਤਰ ਲੋਕ' ਦੇ ਵਿਚ ਬੈਠੇ ਨੇ, ਪਿੱਤਰ ਇਥੋਂ ਦੀ ਸੰਭਾਲ ਕਰਦੇ ਨੇ, ਨਿਗ੍ਹਾ ਰਖਦੇ ਨੇ ਪਰਵਾਰ ਦੇ ਉਤੇ, ਦੇਖਦੇ ਰਹਿੰਦੇ ਨੇ ਕਿ ਪਰਵਾਰ ਮੇਰਾ ਠੀਕ ਚੱਲ ਰਿਹਾ ਹੈ, ਉਹ ਉਸੇ ਵੇਲੇ ਛੱਡ ਦਿੰਦੇ ਨੇ, ਬੇਦਾਵਾ ਦੇ ਦਿੰਦੇ ਨੇ ਕਿ ਅਸੀਂ ਤਾਂ ਗਏ ਥੱਲੇ ਨੂੰ ਤੇ ਸਾਡਾ ਇਹ ਕੁਝ ਨਹੀਂ ਲਗਦਾ। ਜਿਹੋ ਜਿਹੀ ਸ਼ਰਾਬ ਪੀ ਲਈ, ਉਹੋ ਜਿਹਾ ਉਸ ਦੇ ਹੱਥ ਦਾ ਪਾਣੀ ਪੀ ਲਿਆ। ਹੁਣ ਸ਼ਰਾਬ ਦਾ ਕੀ ਦੋਸ਼ ਹੈ? ਸੱਤ ਕੁਲਾਂ ਦਾ ਨਾਸ਼ ਕਰਦੀ ਹੈ ਸ਼ਰਾਬ - ਤਿੰਨ ਤਾਂ ਅਗਲੀ ਪੀੜ੍ਹੀ ਵਾਲਿਆਂ ਦਾ, ਤਿੰਨ ਪਹਿਲਿਆਂ ਦਾ ਇਕ ਆਪਣਾ। ਇਸ ਤਰ੍ਹਾਂ ਸੱਤ ਕੁਲਾਂ ਦਾ ਨਾਸ਼ ਕਰਦਾ ਹੈ। ਭੰਗ ਪੀਣ ਵਾਲਾ ਆਪਣੇ ਇਕ ਸਰੀਰ ਦਾ ਨਾਸ਼ ਕਰਦਾ ਹੈ। ਤੰਬਾਕੂ ਪੀਣ ਵਾਲਾ ਸੌ ਕੁਲਾਂ ਦਾ ਨਾਸ਼ ਕਰਦਾ ਹੈ।

ਜਿਸ ਘਰ ਵਿਚ ਇਕ ਨਿੰਦਕ ਆ ਗਿਆ, ਉਹ ਕੁਲਾਂ ਦੀਆਂ ਕੁਲਾਂ ਡੋਬ ਦਏਗਾ। ਸੋ ਏਸ ਕਰਕੇ ਮਹਾਰਾਜ ਜੀ ਕਹਿੰਦੇ ਨੇ ਕਿ ਜੇ ਉਹ ਨਾ ਹੀ ਹੁੰਦਾ ਬੱਚਾ ਤਾਂ ਚੰਗਾ ਹੀ ਸੀ। ਇਹੋ ਜਿਹਾ ਕੁਲ ਡੋਬੂ ਪੈਦਾ ਹੋ ਗਿਆ। ਇਸ ਲਈ ਮਾਂ ਦਾ ਫਰਜ਼ ਹੈ ਕਿ ਬੱਚੇ ਨੂੰ ਸਹੀ ਰਸਤੇ ਤੇ ਪਾਵੇ।

ਸੋ ਇਹ ਫਰੀਦ ਜੀ ਦੀ ਜਿਹੜੀ ਮਾਤਾ ਸੀ ਉਹ ਇਹ ਸਭ ਗੱਲਾਂ ਜਾਣਦੀ ਸੀ, ਉਹ ਕਰਨੀ-ਕਮਾਈ ਵਾਲੀ ਸੀ। ਇਕ ਮੈਂ ਗੱਲ ਦੱਸਾਂ, ਬਚਪਨ ਵਿਚ ਫਰੀਦ ਮਾਂ ਨਾਲ ਹੀ ਜ਼ਿਆਦਾ ਸੌਂਦਾ ਸੀ। ਚਾਰ ਸਾਲ ਦਾ ਸੀ, ਘਰ ਵਿਚ ਖੜਕਾ ਹੋਣ ਲੱਗ ਗਿਆ। ਉਸ ਨੇ ਮਾਂ ਦੇ ਕੰਨ ਕੋਲ ਹੌਲੀ ਜਿਹੇ ਜਾ ਕੇ ਕਿਹਾ ਕਿ ਮਾਂ! ਆਪਣੇ ਕੋਈ ਚੋਰ ਆ ਗਿਆ ਅੰਦਰ। ਮਾਂ ਕਹਿੰਦੀ ਕੋਈ ਨਾ, ਚੋਰ ਕੁਝ ਨਹੀਂ ਲਿਜਾਂਦਾ। ਉਸ ਚੋਰ ਨੇ ਵੀ ਸੁਣ ਲਿਆ ਕਿ ਇੰਜ ਕਹਿ ਦਿੱਤਾ ਹੈ ਕਿ ਕੁਝ ਨਹੀਂ ਲਿਜਾਂਦਾ। ਚੋਰ ਬੇਫਿਕਰ ਹੋ ਗਿਆ ਕਿ ਇਨ੍ਹਾਂ ਨੂੰ ਪਤਾ ਤਾਂ ਲੱਗ ਗਿਆ ਤੇ ਰੌਲਾ ਨਹੀਂ ਪਾਇਆ ਇਨ੍ਹਾਂ ਨੇ ਤੇ ਹੁਣ ਮੈਂ ਸਮਾਨ ਜੀਅ ਭਰ ਕੇ ਬੰਨ੍ਹ ਲਵਾਂ। ਜੋ ਹੱਥ ਆਇਆ ਇਸ ਨੇ ਗਠੜੀ ਬੰਨ੍ਹ ਲਈ। ਜਦੋਂ ਦਰਵਾਜੇ ਵੱਲ ਗਿਆ ਤਾਂ

(ਬਾਕੀ ਪੰਨਾ 16 ਤੇ)



Sri Satguru Jagjit Singh Ji eLibrary NamdhariElibrary@gmail.com

# ਸੁੰਦਰੀ

***ਡਾ. ਭਾਈ ਵੀਰ ਸਿੰਘ ਜੀ***

## 10. ਕਾਂਡ

ਸੁੰਦਰੀ ਜਿਸ ਵੇਲੇ ਆਪਣੇ ਪਿਆਰੇ ਭਰਾਵਾਂ ਵਿਚੋਂ ਪਿੰਡ ਨੂੰ ਤੁਰੀ ਸੀ, ਉਸ ਤੋਂ ਪਲ ਕੁ ਮਗਰੋਂ ਸਰਦਾਰ ਸ਼ਾਮ ਸਿੰਘ ਬਲਵੰਤ ਸਿੰਘ ਅਰ ਹੋਰ ਮੁਖੀਏ ਪੁਰਖ ਕੱਠੇ ਹੋ ਕੇ ਬੈਠੇ ਵਿਚਾਰਾਂ ਕਰ ਰਹੇ ਸਨ ਕਿ ਜਿਥੇ ਅਸੀਂ ਲੁਕੇ ਦਿਨ ਗੁਜ਼ਾਰ ਰਹੇ ਹਾਂ ਇਹ ਥਾਂ ਵੀ ਹੁਣ ਬਚਣਾ ਨਹੀਂ, ਜੋ ਅਵਾਈਆਂ ਲੱਖੂ ਦੀਆਂ ਆ ਰਹੀਆਂ ਹਨ ਭਿਆਨਕ ਹਨ। ਠੀਕ ਓਸ ਵੇਲੇ ਇਕ ਹੋਰ ਸਿੰਘ ਜਿਸਦਾ ਨਾਉ ਬਿਜਲਾ ਸਿੰਘ ਸੀ, ਆ ਪਹੁੰਚਾ। ਇਸਨੂੰ ਸ਼ਾਮ ਸਿੰਘ ਨੇ ਪਛਾਤਾ, ਆਦਰ ਨਾਲ ਪਾਸ ਬਿਠਾਯਾ ਤੇ ਦੂਸਰੇ ਜਥਿਆਂ ਦੀ ਸੁਖ ਸਾਂਦ ਪੁਛੀ। ਬਿਜਲਾ ਸਿੰਘ ਨੇ ਬੇਨਤੀ ਕੀਤੀ ਕਿ ਮੈਨੂੰ ਖਾਲਸਾ ਜੀ ਨੇ ਘਲਿਆ ਹੈ, ਤੁਸਾਂ ਨੂੰ ਪਤਾ ਹੀ ਹੈ ਕਿ ਲਖਪਤ ਰਾਏ ਨੇ ਡਾਢਾ ਹਨੇਰ ਚੁਕਿਆ ਹੋਇਆ ਹੈ, ਕਤਲਾਮ ਸ਼ੁਰੂ ਹੈ, ਧਰਮਸਾਲਾਂ ਦੀ ਬੇਅਦਬੀ ਕੀਤੀ ਹੈ, ਕਈ ਥਾਂ ਪੋਥੀਆਂ ਸਾੜੀਆਂ ਹਨ ਤੇ ਸਾਰੇ ਦੇਸ਼ ਅੰਦਰ ਘਮਸਾਨ ਚੌਦੇ ਮਚਾ ਰੱਖੀ ਹੈ ਸੋ ਇਸ ਕਰਕੇ ਸਰਦਾਰ ਜਸਾ ਸਿੰਘ, ਸਰਦਾਰ ਹਰੀ ਸਿੰਘ, ਸਰਦਾਰ ਸੁਖਾ ਸਿੰਘ, ਗਲ ਕੀ ਸਾਰੇ ਸਰਦਾਰ ਕੱਠੇ ਹੋ ਰਹੇ ਹਨ, ਕਿਉਂਕਿ ਲਖੂ ਰਾਵੀ ਦੇ ਝੱਲਾਂ ਤੇ ਹੋਰ ਲੁਕੇਵਿਆਂ ਤੋਂ ਖਾਲਸੇ ਨੂੰ ਕੱਢ ਰਿਹਾ ਹੈ, ਤੁਸੀਂ ਭੀ ਉਧਰ ਚਾਲੇ ਪੈ ਜਾਓ। ਇਸ ਪਾਸੇ ਵੀ ਦੁਸ਼ਮਨ ਸੈਨਾਂ ਝੱਲਾਂ ਬਨਾਂ ਨੂੰ ਖੋਜਣ ਆ ਰਹੀ ਹੈ, ਤੁਸੀਂ ਏਥੇ ਅਮਨ ਵਿਚ ਨਹੀਂ ਰਹਿ ਸਕਦੇ।

ਇਹ ਗੱਲ ਸੁਣ ਕੇ ਸ਼ਾਮ ਸਿੰਘ ਨੇ ਕਿਹਾ: ਸਤਿ ਬਚਨ। ਕਿਉਂ ਭਾਈ ਬਲਵੰਤ ਸਿੰਘਾ! ਖਾਲਸਾ ਜੀ ਨੂੰ ਆਖ ਦੇਵੋ ਜੋ ਕਮਰ-ਕਸੇ ਕਰਕੇ ਚੜ੍ਹਾਈ ਦਾ ਤਿਆਰਾ ਕਰ ਲੈਣ। ਹੁਣ ਤਾਂ ਸੂਰਜ ਡੁਬਣ ਦਾ ਵੇਲਾ ਹੈ, ਇਕ ਅੱਧ ਦਿਨ ਵਿਚ ਸਭ ਕੁਝ ਹੋ ਜਾਵੇ ਤੇ ਫੇਰ ਤੜਕੇ ਤਾਰਿਆਂ ਦੀ ਛਾਵੇਂ ਕੂਚ ਹੋ ਜਾਵੇ। ਹਾਂ, ਭਾਈ ਬਿਜਲਾ ਸਿੰਘ! ਕੱਠੇ ਕਿਥੇ ਹੋਣਾ ਹੈ?

ਬਿਜਲਾ ਸਿੰਘ – ਮਹਾਰਾਜ ਜੀ! ਹਾਲੇ ਕਾਹਨੂੰਵਾਨ ਦੇ ਛੰਭ ਕੋਲ ਸੰਘਣੇ ਬਨ ਵਿਚ ਜਾ ਰਹੇ ਹਨ।

ਬਲਵੰਤ ਸਿੰਘ – ਤਾਂ ਅਸਾਂ ਹੁਣ ਬਨੋਬਨ ਚਲਣਾ ਹੈ ਕਿ ਦੇਸ਼ ਵਿਚੋਂ ਦੀ?

ਬਿਜਲਾ ਸਿੰਘ – ਦੇਸ਼ ਵਿਚੋਂ ਹੀ ਫੱਟ ਦੇ ਕੇ ਨਿਕਲ ਚਲੋ, ਏਸ ਬੰਨੇ ਤੁਰਕ ਅਜੇ ਕੁਛ ਅਵੇਸਲੇ ਪਏ ਹਨ, ਚਾਰ ਪੰਜ ਦਿਨਾਂ ਬਾਦ ਤੁੰਮਣ ਏਧਰ ਵੀ ਆ ਨਿਕਲਣਗੇ।

ਬਲਵੰਤ ਸਿੰਘ – ਸਤਿ ਬਚਨ।

'ਸਤਿ ਬਚਨ' ਕਹਿਕੇ ਬਲਵੰਤ ਸਿੰਘ ਲੰਗਰ ਵੱਲ ਗਿਆ, ਅਗੋਂ ਸੁੰਦਰੀ ਨੂੰ ਨਾ ਦੇਖਕੇ ਪੁਛਿਆ! ਧਰਮ ਕੌਰ ਬੋਲੀ ਕਿ ਭੈਣ ਅਜ ਪਿੰਡ ਗਈ ਹੋਈ ਹੈ। ਬਲਵੰਤ ਸਿੰਘ ਵਿਚਾਰੇ ਨੂੰ ਕੀ ਪਤਾ ਸੀ ਕਿ ਭੈਣ ਕਿਹੜੇ ਦੁਖ ਨੂੰ ਫੜੀ ਗਈ ਹੈ? ਉਹ ਮਾਮੂਲੀ ਗੱਲ ਸਮਝਕੇ ਚਲਿਆ ਗਿਆ ਅਰ ਖਾਲਸੇ ਜੀ ਨੂੰ ਕੂਚ ਦੀ ਖਬਰ ਸੁਣਾ ਕੇ ਫੇਰ ਸਰਦਾਰ ਹੁਰਾਂ ਪਾਸ ਜਾ ਬੈਠਾ। ਇਥੇ ਅਗੇ ਗੱਲਾਂ ਬਾਤਾਂ ਛਿੜੀਆਂ ਹੋਈਆਂ ਸਨ। ਬਿਜਲਾ ਸਿੰਘ ਸਿਖਾਂ ਦੇ ਦੁਖੜੇ ਤੇ ਲਖਪਤ ਰਾਏ ਦੇ ਧਕੇ ਇਉਂ ਸੁਣਾ ਰਿਹਾ ਸੀ :

ਬਿਜਲਾ ਸਿੰਘ – ਬਸ ਸਰਦਾਰ ਜੀ! ਜਿਸ ਵੇਲੇ ਲਖਪਤ ਰਾਇ ਨੂੰ ਖਬਰ ਪਹੁੰਚੀ, ਭਈ ਮੇਰੇ ਭਰਾ ਨੇ ਸਿੱਖਾਂ ਨੂੰ ਤੰਗ ਕੀਤਾ ਤੇ ਦੱਬੀ ਜਾਂਦਾ ਸੀ, ਤਾਂ ਸਿੱਖਾਂ ਨੇ ਭੀ ਅੱਗੋਂ ਲੜਾਈ ਕੀਤੀ ਅਰ ਉਸਨੂੰ ਮਾਰ ਦਿੱਤਾ, ਤਦ ਤਾਂ ਅੱਗ ਦਾ ਅਵਾਂਡਾ ਹੋ ਗਿਆ ਅਰ ਕ੍ਰੋਧ ਵਿਚ ਭਰ ਕੇ ਬੋਲਿਆ : ਮੈਂ ਖਤ੍ਰੀ ਹਾਂ ਜੇਕਰ ਸਿੱਖਾਂ ਦਾ ਬੀਜ ਨਾਸ਼ ਕਰ ਦਿਆਂ ਤਾਂ। ਬੱਸ ਜੀ। ਓਸ ਵੇਲੇ ਲਾਹੌਰ ਦੇ ਨਵਾਬ ਕੋਲ ਜਾ ਪਿਟਿਆ ਕਿ ਵੇਖ ਤੇਰੇ ਰਾਜ ਵਿਚ ਸਿੱਖਾਂ ਨੇ ਮੇਰਾ ਭਰਾ ਮਾਰ ਸਿੱਟਿਆ ਹੈ ਅਰ ਕਿਸੇ ਬਹੁੜੀ ਨਾ ਕੀਤੀ। ਹੁਣ ਮੈਂ ਸਿੱਖਾਂ ਦਾ ਨਾਸ਼ ਕੀਤਾ ਚਾਹੁੰਦਾ ਹਾਂ। ਤਦ ਨਵਾਬ ਨੇ ਕਿਹਾ : ਲਖਪਤ ਰਾਇ! ਜੇ ਤੂੰ ਇਹ ਕੰਮ ਕਰੇਂ ਤਾਂ ਹੋਰ ਕੀ ਲੋੜੀਂਦਾ ਹੈ? ਤੁਹਾਨੂੰ ਪਤਾ ਹੈ ਕਿ ਲਾਹੌਰ ਦੇ ਨਵਾਬ ਯਾਹਯਾ ਖਾਂ ਨੂੰ ਪਿਓ ਨਾਲੋਂ ਬਹੁਤਾ ਸ਼ੌਕ ਸਿੱਖਾਂ ਨੂੰ ਮਾਰਨ ਦਾ ਹੈ। ਸਰਕਾਰੀ ਤੋਪਖਾਨਾ, ਫੌਜਾਂ, ਜੋ ਜੀ ਚਾਹੇ ਲੈ, ਇਹਨਾਂ ਦਾ ਖੁਰਾ ਖੋਜ ਮੁਕਾ। ਬੱਸ ਜੀ, ਲਖਪਤ ਨੂੰ ਕੀ ਚਾਹੀਦਾ ਸੀ? ਲਾਹੌਰ ਤੋਂ ਹੀ ਸਿੱਖਾਂ ਦਾ ਕਤਲ ਤੇ ਉਹਨਾਂ ਨੂੰ ਦੁਖ ਦੇਣਾ ਆਰੰਭ ਕਰ ਦਿੱਤੇ ਸੁ। ਜੋ ਸਿੱਖ ਲਾਹੌਰ ਦੇ ਕਿਸੇ ਦਰਵਾਜ਼ੇ ਵਿਚੋਂ ਲੰਘੇ, ਉਥੇ ਹੀ ਫੜਿਆ ਜਾਵੇ ਤੇ ਮਾਰਿਆ ਜਾਵੇ। ਦੋ ਤਿੰਨ ਦਿਨ ਇਹ ਹਾਲ ਰਿਹਾ ਤੇ ਅਨੇਕਾਂ ਸਿੱਖ ਮਾਰੇ ਗਏ। ਇਹ ਜੋਧੇ ਨਹੀਂ, ਸ਼ਹਿਰੀ ਵਸੋਂ ਦੇ ਸਿੱਖ ਸਨ। ਵੱਡੇ ਵੱਡੇ ਸੋਹਣੇ ਜੁਆਨ, ਵਿਲਕਦੇ ਬਾਲ ਵਹੁਟੀਆਂ ਤੇ ਮਾਵਾਂ ਛੱਡ ਕੇ ਕੰਮ ਕਾਜ ਗਏ ਹੋਏ ਹੀ ਮੌਤ ਦਾ ਸ਼ਿਕਾਰ ਹੋ ਗਏ, ਪਰ ਵਾਹ ਵਾਹ ਖਾਲਸਾ ਜੀ! ਕਿਸੇ ਨੇ ਧਰਮ ਵਲੋਂ ਮੂੰਹ ਨਹੀਂ ਮੋੜਿਆ, ਹੱਸ ਹੱਸ ਕੇ ਜਾਨਾਂ ਦੇਂਦੇ ਰਹੇ।

ਇਕ ਦਿਨ ਦੀ ਗੱਲ ਹੈ ਕਿ ਭਾਈ ਹਰਿਕੀਰਤ ਸਿੰਘ ਜੀ ਆਪਣੀ ਸਿੰਘਣੀ ਤੇ ਭੁਜੰਗੀ ਸਮੇਤ ਲਾਹੌਰ ਆ ਗਏ। ਉਹਨਾਂ ਨੂੰ ਕੀ ਖਬਰ ਸੀ ਜੋ ਸ਼ਹਿਰ ਵਿਚ ਕਹਿਰ ਵਰਤ ਰਿਹਾ ਹੈ? ਅਜੇ ਸੁਨਹਿਰੀ ਮਸੀਤ ਤੋਂ ਦੁਰਾਡੇ ਹੀ ਸਨ ਕਿ ਲਖਪਤ ਸਾਮ੍ਹਣੇ ਪਾਸਿਉਂ ਘੋੜੇ ਤੇ ਚੜ੍ਹਿਆ ਆ ਗਿਆ। ਭਾਈ ਜੀ ਨੂੰ ਵੇਖ ਕੇ ਖੜ੍ਹਾ ਹੋ ਗਿਆ ਤੇ ਬੋਲਿਆ, 'ਕੀ ਅਜੇ ਤੋੜੀ ਦਿਨ ਦਿਹਾੜੇ ਲਾਹੌਰ ਵਿਚ ਸਿੱਖ ਫਿਰ ਰਹੇ ਹਨ? ਹੇ ਰਾਮ! ਇਹ ਕਾਢਿਆਂ ਦਾ ਭੌਣ ਕਦ ਸਿਮਟੀਵੇਗਾ? ਸਿਪਾਹੀਓ! ਇਸ ਸਿਖ ਨੂੰ ਪਕੜ ਲਉ'। ਭਾਈ ਹੋਰੀਂ ਝੱਟਪਟ ਫੜੇ ਗਏ, ਜਦ ਦੀਵਾਨ ਦੇ ਨੇੜੇ ਆਏ ਤਾਂ ਆਖਣ ਲਗੇ, "ਕਿਸ ਕਸੂਰ ਬਦਲੇ ਸਾਨੂੰ ਫੜਿਆ ਹੈ?"

ਲਖਪਤ ਰਾਇ ਨੇ ਕਿਹਾ – "ਸਿੱਖ ਹੋਣਾ ਘੋਰ ਪਾਪ ਹੈ, ਇਸਦੇ ਬਦਲੇ ਫੜਿਆ ਹੈ। ਹੁਣ ਜਾਂ ਤਾਂ ਇਸ ਧਰਮ ਨੂੰ ਛਡੋ, ਜਾਂ ਪਿਆਰੀ ਜਾਨ ਤੋਂ ਹੱਥ ਧੋ ਬੈਠੋ।"



Sri Satguru Jagjit Singh Ji eLibrary NamdhariElibrary@gmail.com

ਹਰਿਕੀਰਤ ਸਿੰਘ – ਸਤਿ ਬਚਨ! ਜੋ ਆਪਦੀ ਇੱਛਾ। ਇਹ ਅੰਨਯਾਯ ਚੰਗਾ ਨਹੀਂ, ਪਰ ਡਾਢੇ ਨਾਲ ਕੀ ਚਾਰਾ? ਤੁਸਾਂ ਜ਼ਰੂਰ ਸਰੀਰ ਲੈ ਹੀ ਲੈਣਾ ਹੈ ਤਾਂ ਵਾਹ ਵਾ।

ਲਖਪਤ – ਸਿੱਖੀ ਨਹੀਂ ਛੱਡੋਗੇ?

ਹਰਿਕੀਰਤ ਸਿੰਘ – ਇਹ ਬਚਨ ਕੰਨੀ ਭੀ ਨਾ ਪਾਓ, ਜੋ ਕੁਛ ਕਰਨਾ ਹੈ, ਕਰ ਲਓ।

ਲਖਪਤ ਰਾਇ – ਇਹ ਤੀਵੀਂ ਤੇ ਮੁੰਡਾ ਕਿਸਦਾ ਹੈ?

ਹਰਿਕੀਰਤ ਸਿੰਘ – ਸਭ ਕੁਛ ਗੁਰੂ ਜੀ ਦਾ ਹੈ।

ਲਖਪਤ ਰਾਇ – ਤੇਰਾ ਭੀ ਕੁਛ ਹੈ?

ਹਰਿਕੀਰਤ ਸਿੰਘ – ਮੇਰਾ ਕੁਛ ਭੀ ਨਹੀਂ, ਜੋ ਕੁਛ ਹੈ ਗੁਰੂ ਦਾ ਹੈ, ਮੇਰਾ ਤਾਂ ਆਪਣਾ ਆਪ ਭੀ ਗੁਰੂ ਦਾ ਹੈ।

ਲਖਪਤ – ਗੱਲਾਂ ਦਲੇਰੀ ਦੀਆਂ ਹਨ, ਪਰ ਮੌਤ ਬੁਰੀ ਬਲਾ ਹੈ।

ਹਰਿਕੀਰਤ ਸਿੰਘ – ਪਰਮੇਸ਼ਰ ਤੋਂ ਵਿਛੁੜੇ ਹੋਇਆਂ ਲਈ, ਗੁਰੂ ਦੇ ਸੇਵਕਾਂ ਲਈ ਤਾਂ ਪਿਆਰੀ ਚੀਜ਼ ਹੈ।

ਲਖਪਤ (ਨੌਕਰਾਂ ਵਲ ਤੱਕ ਕੇ) – ਸਿਪਾਹੀਓ! ਇਸ ਸਿੱਖ ਨੂੰ ਮਾਰ ਦਿਓ ਤੇ ਇਸਦੀ ਵਹੁਟੀ ਪੁਤ੍ਰ ਨੂੰ ਜਾਨ ਬੇਗ ਪਾਸ ਦੇ ਆਓ, ਮੁਸਲਮਾਨ ਬਣਾ ਲਵੇ।

ਇਹ ਬਚਨ ਉਹਦੇ ਮੂੰਹ ਵਿਚ ਹੀ ਸਨ ਕਿ ਹਰਿਕੀਰਤ ਸਿੰਘ ਦੀ ਸਿੰਘਣੀ ਦੈਂਤ ਵਾਂਗੂੰ ਥਰਨ ਥਰਨ ਕੰਬੀ ਅਤੇ ਰੁਕੀ ਹੋਈ ਅਵਾਜ਼ ਵਿਚ ਬੋਲੀ – ਸਾਨੂੰ ਪਹਿਲੇ ਮਰਵਾ ਦੇਹ, ਤੈਨੂੰ ਸੌ ਗਊ ਦਾ ਪੁੰਨ ਹੋਊ।

ਲਖਪਤ – ਨਹੀਂ, ਨਹੀਂ, ਤੁਹਾਡੀ ਸਜਾ ਏਹੋ ਠੀਕ ਹੈ, ਤੇਰੇ ਨਾਲ ਏਹੋ ਕੁਛ ਹੋਊ, ਮੇਰਾ ਹੁਕਮ ਅਟੱਲ ਹੈ।

ਇਹ ਕਹਿਣ ਦੀ ਢਿੱਲ ਹੋਈ ਕਿ ਉਸ ਧਰਮੀ ਤੀਵੀ ਨੇ ਪੁਤ੍ਰ ਨੂੰ ਗਲੋਂ ਫੜ ਕੇ ਸੁਆਮੀ ਨੂੰ ਕਿਹਾ, "ਮਹਾਰਾਜ ਮੈਂ ਇਸ ਦਾ ਗਲਾ ਘੁਟਦੀ ਹਾਂ, ਅਰ ਆਪ ਮੇਰਾ ਘੁਟ ਦਿਓ, ਤੁਹਾਨੂੰ ਤਾਂ ਇਹ ਮਾਰ ਹੀ ਦੇਣਗੇ। ਛੇਤੀ ਕਰੋ, ਵਿਕਲਪ ਨਾ ਕਰੋ, ਇਸ ਵੇਲੇ ਧਰਮ ਦੀ ਆਨ ਹੈ।" ਪਰ ਸ਼ੋਕ ਕਿ ਸਿਪਾਹੀਆਂ ਨੇ ਇਸਤ੍ਰੀ ਨੂੰ ਫੜ ਲੀਤਾ ਤੇ ਲਖਪਤ ਭੀ ਡਾਢਾ ਹੈਰਾਨ ਹੋਯਾ ਕਿ ਇਹ ਬੰਦੇ ਕਿਸ ਮਿੱਟੀ ਦੇ ਘੜੇ ਹੋਏ ਹਨ? ਜਾਨ ਤਾਂ ਕੁਛ ਸਮਝਦੇ ਹੀ ਨਹੀਂ।

ਬਜ਼ਾਰ ਵਿਚ ਐਸ ਵੇਲੇ ਭੀੜ ਹੋ ਗਈ ਸੀ, ਅਣਗਿਣਤ ਲੋਕੀ ਤ੍ਰਾਹ ਤ੍ਰਾਹ ਕਰ ਰਹੇ ਸਨ। ਲਖਪਤ ਦੇ ਮਨ ਵਿਚ ਖਬਰੇ ਕੀ ਆਈ? ਆਖਣ ਲੱਗਾ ਕਿ ਜਾਓ, ਪਹਿਲਾਂ ਇਸ ਬੱਚੇ ਨੂੰ ਵੱਢਣਾ, ਫੇਰ ਇਸ ਤੀਵੀਂ ਨੂੰ ਤੇ ਫਿਰ ਇਸ ਸਿੱਖ ਨੂੰ। ਹਾਏ ਰਾਮ! ਮੇਰਾ ਪਿਆਰਾ ਭਰਾ ਇਨ੍ਹਾਂ ਦੁਸ਼ਟ ਸਿੱਖਾਂ ਨੇ ਮਾਰ ਦਿਤਾ, ਨਹੀਂ ਤਾਂ ਮੈਂ ਕਿਉਂ ਇਨ੍ਹਾਂ ਨੂੰ ਮਾਰਦਾ?' ਇਸ ਵੇਲੇ ਭੀੜ ਵਿਚੋਂ ਫਿਟਕਾਰ ਦੀ ਆਵਾਜ਼ ਆਈ, ਜੋ ਲਖਪਤ ਨਾ ਸਹਾਰ ਕੇ ਛੇਤੀ ਛੇਤੀ ਚਲਾ ਗਿਆ। ਉਹ ਤਿੰਨੇ ਜਣੇ ਉਸ ਦਿਨ ਮਾਰੇ ਗਏ।

ਹਰਿਕੀਰਤ ਸਿੰਘ ਦੀ ਮੌਤ ਸੁਣਕੇ ਸ਼ਾਮ ਸਿੰਘ ਬੱਡਾ ਦੁਖੀ ਹੋਯਾ, ਕਿਉਂਕਿ ਸਿੱਖਾਂ ਵਿਚ ਉਸ ਸਮੇਂ ਵਿਦਵਾਨ ਬੜੇ ਘਟ ਹੁੰਦੇ ਸਨ। ਹਰਿਕੀਰਤ ਸਿੰਘ ਇਕ ਤਕੜਾ ਗਿਆਨੀ ਸੀ ਅਰ ਨਿਰਾ ਮੁੱਖ ਗਿਆਨੀ ਹੀ ਨਹੀਂ ਸੀ, ਸਗੋਂ ਕਰਨੀ ਦਾ ਭੀ ਗਿਆਨੀ ਸੀ। ਸਾਰੇ ਸਿੰਘਾਂ ਵਿਚ ਇਸਦਾ ਵੱਡਾ ਮਾਣ ਸੀ, ਇਸ ਕਰਕੇ ਸ਼ਾਮ ਸਿੰਘ ਨੂੰ ਵੱਡੀ ਸੱਟ ਵੱਜੀ ਤੇ ਕ੍ਰੋਧ ਵਿਚ ਭਰਕੇ ਬੋਲਿਆ – "ਇਸ ਲਖਪਤ ਰਾਏ ਨਾਲ ਉਹ ਕਰਨੀ ਹੈ, ਜੋ ਸਾਰੇ ਪੰਜਾਬ ਵਿਚ ਧਾਂਕ ਪਏ। ਨਿਰਦੋਸ਼ ਤੇ ਐਡੇ ਗੁਣੀ ਪੁਰਸ਼ ਨੂੰ ਇਸ ਨੇ ਬੇਦਰਦੀ ਨਾਲ ਮਾਰਿਆ ਹੈ।"

ਬਿਜਲਾ ਸਿੰਘ – ਸਰਦਾਰ ਜੀ! ਕੀ ਕੀ ਹਾਲ ਸੁਣਾਵਾਂ? ਸਾਡੇ ਸਿਰਾਂ ਤੇ ਅਚਰਜ ਦੁਖ ਟੁਟ ਪਏ ਹਨ, ਘਰਾਂ ਦੀਆਂ ਕੰਧਾਂ ਤੱਕ ਵੈਰੀ ਹੋ ਗਈਆਂ ਹਨ, ਇਕ ਗੁਰੂ ਸਾਹਿਬ ਦਾ ਆਸਰਾ ਹੈ, ਜੋ ਅਸੀਂ ਕਿਸੇ ਥੋਂ ਨਹੀਂ ਲਈਦੇ, ਨਹੀਂ ਤਾਂ ਵੈਰੀਆਂ ਨੇ ਸਾਡਾ ਬੀਜ ਨਾਸ਼ ਕਰ ਦੇਣ ਵਿਚ ਕੋਈ ਕਸਰ ਨਹੀਂ ਛੱਡੀ। ਦੇਖੋ ਜਦ ਭਾਈ ਹਰਿਕੀਰਤ ਸਿੰਘ ਤੇ ਉਹਨਾਂ ਦੀ ਸਿੰਘਣੀ ਤੇ ਪੁਤ ਦੀਆਂ ਲੋਥਾਂ ਸਿੰਘਾਂ ਨੇ ਹੌਂਸਲਾ ਕਰਕੇ ਮੰਗੀਆਂ ਅਰ ਲੈ ਕੇ ਦਾਹ ਕਰ ਆਏ ਤਾਂ ਲਖਪਤ ਦੇ ਆਦਮੀ ਅੱਗੇ ਖੜ੍ਹੇ ਸਨ, ਝੱਟ ਸਿੰਘ ਫੜੇ ਗਏ ਅਰ ਸ਼ਹੀਦ ਕੀਤੇ ਗਏ।

ਸਰਦਾਰ – ਹੱਛਾ ਕੀਹ ਹੋਇਆ! ਆਪਣੀ ਮੌਤ ਨੂੰ ਵਾਜਾਂ ਮਾਰ ਰਿਹਾ ਹੈ; ਹਾਂ ਅਸਾਂ ਕੱਲ ਹੀ ਸੁਣਿਆ ਸੀ ਕਿ ਲੱਖੂ ਨੇ ਪਹਿਲੀ ਕਤਲਾਮ ਆਪਣੇ ਮੁਲਾਜ਼ਮ ਸਿੱਖਾਂ ਦੀ ਕੀਤੀ ਸੀ। ਉਸ ਦਿਨ ਮੱਸਯਾ ਸੀ, ਦੀਵਾਨ ਕੌੜਾ ਮਲ, ਕਸ਼ਮੀਰਾ ਮਲ, ਲੱਛੀ ਰਾਮ, ਸੂਰਤ ਸਿੰਘ ਦੀਵਾਨ, ਦਿਲੇ ਰਾਮ, ਹਰੀ ਮੱਲ, ਬਹਲੂ ਮੱਲ ਆਦਿ ਸਿਰਕਰਦੇ ਸ਼ਹਿਰ ਦੇ ਲੋਕ ਲੱਖੂ ਪਾਸ ਆਏ ਕਿ ਬੇ-ਗੁਨਾਹ ਹਨ, ਇਹਨਾਂ ਨੂੰ ਨਾ ਮਾਰੋ, ਪਰ ਉਸਨੇ ਇਕ ਨਾ ਮੰਨੀ।

ਬਿਜਲਾ ਸਿੰਘ – ਇਹ ਗੱਲ ਠੀਕ ਹੈ। ਹਾਂ, ਸੱਚ ਹੋਰ ਗਲ ਸੁਣੋ – ਦਰਬਾਰ ਸਾਹਿਬ ਕੁਛ ਚਿਰ ਤੋਂ ਪਹਿਰਾ ਨਹੀਂ ਹੈ। ਇਕ ਦਿਨ ਲਖਪਤ ਨੂੰ ਜਸੂਸ ਨੇ ਦੱਸਿਆ ਕਿ ਸਿੱਖਾਂ ਦਾ ਇਕ ਗੁਰਪੁਰਬ ਨੇੜੇ ਹੈ। ਅੰਮ੍ਰਿਤਸਰ ਦੇ ਮੰਦਰ ਵਿਚ ਸਾਰੇ ਕੱਠੇ ਹੋਣਗੇ, ਇਸ ਨਾਲੋਂ ਚੰਗਾ ਵੇਲਾ ਇਨ੍ਹਾਂ ਦੇ ਮੁਕਾਉਣ ਦਾ ਹੋਰ ਕੋਈ ਨਹੀਂ। ਲਖਪਤ ਨੇ ਝੱਟ ਨਵਾਬ ਨਾਲ ਗੱਲ ਕਰਕੇ ਇਸ ਕੰਮ ਨੂੰ ਸਿਰੇ ਚਾੜ੍ਹਨ ਦਾ ਉਪਾਉ ਭੀ ਕਢ ਲਿਆ, ਪਰ ਇਹ ਖਬਰ ਦੀਵਾਨ ਕੌੜਾ ਮਲ ਅਰ ਦੀਵਾਨ ਸੂਰਤ ਸਿੰਘ ਨੂੰ ਲਗ ਗਈ। ਉਹਨਾਂ ਨੇ ਲਖਪਤ ਨੂੰ ਬਹੁਤ ਸਮਝਾਇਆ ਕਿ ਦੇਖ! ਏਹ ਸਿੱਖ ਲੋਕ ਸਾਡੀਆਂ ਹੀ ਬਾਹਾਂ ਹਨ, ਸਾਡਾ ਆਪਣਾ ਅੰਗ ਹਨ, ਇਨ੍ਹਾਂ ਨਾਲ ਵੈਰ ਕਰਨਾ ਆਪਣੇ ਪੈਰੀ ਆਪ ਕੁਹਾੜਾ ਮਾਰਨਾ ਹੈ। ਹਿੰਦੂ ਹੋ ਕੇ ਹਿੰਦੂ ਨੂੰ ਹੀ ਮਰਵਾਈਏ ਤਾਂ ਗਰਕੀ ਆ ਗਈ। ਤੇਰਾ ਇਕ ਭਰਾ ਇਨ੍ਹਾਂ ਮਾਰਿਆ ਸੀ, ਸਾਨੂੰ ਵੀ ਸੋਕ ਹੈ, ਉਂਞ ਸੋਚੋ ਤਾਂ ਭਾਈ ਮਨੀ ਸਿੰਘ ਦੇ ਪਕੜਾਉਣ ਵਿਚ ਓਸਦਾ ਹਿੱਸਾ ਸੀ, ਜਿਸ ਦਾ ਸਿੱਖਾਂ ਨੂੰ ਗੁੱਸਾ ਸੀ, ਪਰ ਖੈਰ ਜੇ ਤੁਹਾਨੂੰ ਰੋਹ ਹੈ ਤਾਂ ਤੁਹਾਨੂੰ ਯੋਗ ਇਹ ਸੀ ਜੋ ਭਰਾ ਦੇ ਕਾਤਲਾਂ ਨੂੰ ਮਾਰਦੇ; ਯਾ



Sri Satguru Jagjit Singh Ji eLibrary NamdhariElibrary@gmail.com

ਸ਼ਸਤ੍ਰਧਾਰੀਆਂ ਨਾਲ ਲੜਦੇ। ਨਿਰਦੋਸ਼ ਮਨੁੱਖਾਂ ਤੇ ਤੀਵੀਆਂ ਅਰ ਮਸੂਮ ਬਾਲਾਂ ਨੇ ਤੁਹਾਡਾ ਕੀਹ ਵਿਗਾੜਿਆ ਹੈ? ਭਾਈ ਹਰਿਕੀਰਤ ਸਿੰਘ ਜਿਹੇ ਗੁਣੀ ਨੂੰ ਮਰਵਾ ਦਿੱਤਾ, ਤੇਰੇ ਹੱਥ ਕੀ ਲੱਗਾ? ਅੱਗੇ ਹੀ ਸਾਡੇ ਵਿਚ ਐਸਾ ਗੁਣੀ ਕੋਈ ਨਹੀਂ, ਉਤੋਂ ਤੂੰ ਦਾਤਰੀ ਫੜ ਲਈ ਹੈ। ਖੈਰ ਹੁਣ ਜੋ ਬੀਤੀ ਸੋ ਤਾਂ ਬੀਤੀ, ਅੱਗੇ ਨੂੰ ਹੀ ਬੱਸ ਕਰ ਤੇ ਅੰਮ੍ਰਿਤਸਰ ਜਾਣ ਦਾ ਸੰਕਲਪ ਛੱਡ ਦੇਹ।

ਲਖਪਤ – ਭਰਾਵੋ! ਸੱਚ ਆਖਦੇ ਹੋ ਪਰ 'ਜਿਸ ਤਨ ਲਗੇ ਸੋਈ ਜਾਣੈ ਕੌਣ ਜਾਣੈ ਪੀਰ ਪਰਾਈ।'

ਭਰਾ ਮੋਏ ਦਾ ਸੱਲ੍ਹ ਤਾਂ ਮੈਨੂੰ ਹੈ, ਕਿਸੇ ਹੋਰ ਨੂੰ ਤਾਂ ਨਹੀਂ?

ਸੂਰਤ ਸਿੰਘ – ਸੱਚ ਹੈ ਪਰ ਐਨੇ ਖ਼ੂਨ ਕਰਨ ਨਾਲ ਤੁਹਾਡਾ ਭਰਾ ਜੀਉ ਤਾਂ ਨਹੀਂ ਪਿਆ?

ਕੌੜਾ ਮੱਲ – ਦੀਵਾਨ ਜੀ! ਜਰਾ ਵਿਚਾਰ ਤੋਂ ਕੰਮ ਲਓ ਹੁਣ ਸੰਭਲ ਜਾਓ, ਮੇਰਾ ਜੀ ਨਹੀਂ ਮੰਨਦਾ।

ਗੱਲ ਕੀ, ਓਹ ਦੋਵੇਂ ਸੱਜਣ ਪੁਰਖ ਟੱਕਰਾਂ ਮਾਰ ਕੇ ਚਲੇ ਆਏ, ਉਸ ਅੜਮੰਨੇ ਇਕ ਨਾ ਮੰਨੀ।

ਏਹ ਦੋਵੇਂ ਜਣੇਂ ਓਸੇ ਵੇਲੇ ਅੰਮ੍ਰਿਤਸਰ ਤੁਰ ਪਏ ਅਰ ਸ਼ਹਿਰ ਵਿਚ ਪਹੁੰਚ ਕੇ ਰਾਤੋ ਰਾਤ ਸਭਨਾਂ ਦੇ ਘਰੀਂ ਜਾਕੇ ਦੱਸ ਦਿੱਤਾ ਕਿ ਲਖਪਤ ਨੇ ਕਲ 'ਕਤਲਾਮ' ਕਰਨੀ ਹੈ। ਜੋ ਮੰਦਰ ਜਾਏਗਾ ਮਾਰਿਆ ਜਾਏਗਾ, ਇਸ ਕਰਕੇ ਕੱਲ ਕੋਈ ਮੰਦਰ ਨਾ ਜਾਵੇ। ਇਹ ਕੰਮ ਕਰਕੇ ਲਾਗੇ ਦੇ ਸਾਰੇ ਪਿੰਡਾਂ ਦੇ ਰਸਤਿਆਂ ਵਿਚ ਆਪਣੇ ਆਦਮੀ ਖੜ੍ਹੇ ਕਰ ਦਿੱਤੇ ਕਿ ਜੋ ਸਿਖ ਸ਼ਹਿਰ ਆਉਂਦਾ ਮਿਲੇ, ਪਿਛੇ ਮੋੜ ਦਿਓ ਕਿ ਸਰਕਾਰੀ ਹੁਕਮ ਬੰਦ ਹੈ।

ਧਰਮੀ ਪੁਰਖਾਂ ਨੇ ਇਹ ਸ਼ੁਭ ਉਦਮ ਸਿਰੇ ਚਾੜ੍ਹਿਆ, ਪਰ ਲਖਪਤ ਹੋਰਾਂ ਸਵੇਰੇ ਹੀ ਢੇਰ ਸਾਰੇ ਸਿਪਾਹੀ ਦਰਬਾਰ ਸਾਹਿਬ ਜੀ ਦੇ ਲਾਗੇ ਲੁਕਾ ਦਿਤੇ ਤੇ ਆਪ ਕੱਚੀ ਅਟਾਰੀ ਉਤੇ ਬੈਠ ਕੇ ਤਮਾਸ਼ਾ ਵੇਖਣ ਲੱਗਾ।

ਓਧਰ ਸਵੇਰ ਹੋਈ ਦੇਖ ਕੇ ਦੀਵਾਨ ਕੌੜਾ ਮੱਲ ਤੇ ਸੂਰਤ ਸਿੰਘ ਭਾਈ ਘੋੜਿਆਂ ਤੇ ਚੜ੍ਹ ਕੇ ਲਖਪਤ ਦੀ ਹੇਠੀ ਹੁੰਦੀ ਵੇਖਣ ਨੂੰ ਤੁਰੇ; ਪਰ ਹਾਇ ਸ਼ੋਕ! ਜਦ ਮੰਦਰ ਦੇ ਨੇੜੇ ਪਹੁੰਚੇ ਤਾਂ ਸਿਦਕੀ ਸਿੱਖਾਂ ਦੇ, ਸਿੰਘਣੀਆਂ ਦੇ ਸ਼ਬਦਾਂ ਦੀਆਂ ਧੁਨੀਆਂ ਦਾ ਆਨੰਦ ਮਈ ਰਸ ਵਰਖਾ ਵਾਂਗ ਵਰਸਦਾ ਨਜ਼ਰ ਆਇਆ। ਦੋਵੇਂ ਦੀਵਾਨ ਹੱਕੇ-ਬੱਕੇ ਹੋ ਗਏ ਅਰ ਉਗਲਾਂ ਟੁੱਕ ਕੇ ਰਹਿ ਗਏ : ਇਹ ਪਯਾਰੇ ਸਿੱਖ ਕਿਸ ਮਿੱਟੀ ਦੇ ਘੜੇ ਹੋਏ ਹਨ? ਹਾਇ ਸ਼ੋਕ! ਕੀ ਲੱਖੂ ਇਹਨਾਂ ਬਹਾਦਰਾਂ ਦੇ ਲਹੂ ਨ੍ਹਾਏਗਾ?

ਮਨ ਵਿਚ ਕੁਝ ਵਿਚਾਰ ਕੇ ਦੋਵੇਂ ਜਣੇ ਘੋੜਿਆਂ ਨੂੰ ਅੱਡੀ ਲਾ ਤੰਬੂਆਂ ਵੱਲ ਮੁੜੇ। ਦਰਸ਼ਨੀ ਡਿਉੜੀ ਦੇ ਕੋਲ ਵਾਰ ਸਨ ਕਿ ਇਕ ਜੁਆਨ ਤੀਵੀਂ ਨਜ਼ਰ ਪਈ, ਜਿਸਦੀ ਸੁੰਦਰਤਾ ਪੁੰਨਯਾ ਦੇ ਚੰਦ ਵਰਗੀ ਸੀ, ਘਸਮੈਲੜਾ ਕੱਪੜਾ ਉਤੇ ਕੀਤਾ ਹੋਇਆ ਤੇ ਨਾਲ ਇਕ ਨੌ ਵਰ੍ਹੇ ਦਾ ਬਾਲ ਸੀ। ਦੋਵੇਂ ਜਣੇ ਕੁਝ ਪੜ੍ਹਦੇ ਆਉਂਦੇ ਸਨ। ਅੱਗੇ ਵਧਕੇ ਦੀਵਾਨ ਕੌੜਾ ਮਲ ਨੇ ਪੁੱਛਿਆ, ਕਿੱਧਰ ਚੱਲੇ ਹੋ?

ਤੀਵੀਂ (ਪੱਲਾ ਨੀਵਾਂ ਕਰਕੇ ਤੇ ਹੱਥ ਜੋੜ ਕੇ) – ਸ੍ਰੀ ਦਰਬਾਰ ਸਾਹਿਬ ਜੀ ਨੂੰ।

ਸੂਰਤ ਸਿੰਘ ਦਾ ਚਿਹਰਾ ਲਾਲ ਹੋ ਗਿਆ, ਅੱਗੇ ਹੋ ਬੋਲਿਆ – ਕਿਥੋਂ ਆਈ ਹੈਂ, ਤੈਨੂੰ ਕਿਸੇ ਰੋਕਿਆ ਨਹੀਂ? ਵੱਡੇ ਧੀਰਜ ਨਾਲ ਤੀਵੀਂ ਨੇ ਉੱਤਰ ਦਿੱਤਾ, ਜੀ ਮੈਂ ਤੁੰਗਾਂ ਥੋਂ ਆਈ ਹਾਂ, ਦੋ ਆਦਮੀ ਰਾਹ ਵਿਚ ਖੜ੍ਹੇ ਸਨ, ਉਨ੍ਹਾਂ ਆਖਿਆ ਕਿ 'ਮੰਦਰ ਨਾ ਜਾਓ, ਮਾਰੇ ਜਾਓਗੇ' ਸੋ ਓਥੋਂ ਮੁੜ ਕੇ ਪੈਲੀਆਂ ਵਿਚ ਦੀ ਲੁਕ ਕੇ ਲੰਘ ਆਈ ਹਾਂ ਤੇ ਰਾਹ ਵਟਾ ਕੇ ਆਈ ਹਾਂ।

ਕੌੜਾ ਮੱਲ – ਤੈਨੂੰ ਜਾਨ ਪਿਆਰੀ ਨਹੀਂ?

ਤੀਵੀਂ – ਮਹਾਰਾਜ ਜੀ! ਜਾਨ ਨਾਲੋਂ ਵਧ ਕੇ ਹੋਰ ਕੀ ਪਿਆਰਾ ਹੋਣਾ ਹੈ? ਪਰ ਅੰਤ ਜਾਨ ਨੇ ਚਲੇ ਜਾਣਾ ਹੈ, ਧਰਮ ਨੇ ਸਾਥ ਕਦੀ ਨਹੀਂ ਛੱਡਣਾ, ਇਸ ਕਰਕੇ ਜਾਨ ਨੂੰ ਧਰਮ ਦੇ ਕੇ ਤਾਂ ਨਹੀਂ ਨਾ ਬਚਾਉਣਾ।

ਸੂਰਤ ਸਿੰਘ – ਮੰਦਰ ਨਾ ਆਉਂਦੀ ਤਾਂ ਧਰਮ ਕਿਧਰ ਜਾਂਦਾ ਹੈ?

ਤੀਵੀਂ – ਮਹਾਰਾਜ ਜੀ! ਅਜਿਹੇ ਗੁਰਪੁਰਬ ਦੇ ਦਿਨ ਸਤਿਗੁਰਾਂ ਤੋਂ ਬੇਮੁਖ ਹੋਇਆਂ ਫੇਰ ਢੋਈ ਕਿਥੇ ਮਿਲਣੀ ਹੈ? ਫੇਰ ਜਾਨ ਬਚਾਉਣ ਦੀ ਖਾਤਰ ਜਿਸ ਨਿਕਾਰੀ ਨੇ ਨਾਲ ਨਿਭਣਾ ਹੀ ਨਹੀਂ, ਤੇ ਇਸਨੇ ਇਕ ਦਿਨ ਦਗਾ ਦੇ ਜਾਣਾ ਹੈ, ਪਰ ਧਰਮ, ਪਯਾਰਾ ਧਰਮ ਉਸ ਵੇਲੇ ਭੀ ਅੰਗ ਸੰਗ ਰਹੇਗਾ। ਜਦੋਂ ਸਭੇ ਤਿਆਗ ਦੇਣਗੇ, ਇਹ ਨਾਲ ਹੋਵੇਗਾ।

ਸੂਰਤ ਸਿੰਘ – ਬੀਬੀ! ਤੇਰਾ ਏਡਾ ਜਿਗਰਾ ਕਿਥੋਂ ਹੋ ਗਿਆ? ਇਹ ਤੇਰੀ ਉਮਰ ਸੁਖ ਭੋਗਣ ਦੀ, ਤੂੰ ਐਡੀ ਵੈਰਾਗ ਵਾਲੀ ਕਿੱਕੁਰ ਹੋ ਗਈ?

ਤੀਵੀਂ – ਗੁਰੂ ਨਾਨਕ ਦੇਵ ਜੀ ਨੇ ਬਾਹੋਂ ਫੜ੍ਹਕੇ ਆਪਣੀ ਵੱਲ ਖਿੱਚ ਲਿਆ ਹੈ, ਬੱਸ ਮੈਨੂੰ ਕੁਝ ਮਾਲੂਮ ਨਹੀਂ। ਹਾਂ, ਭਾਈ ਹਰਿਕੀਰਤ ਸਿੰਘ ਜੀ ਦੀ ਕਥਾ ਅੱਖਾਂ ਅੱਗੇ ਫਿਰ ਰਹੀ ਹੈ।

ਕੌੜਾ ਮੱਲ – ਹਾਂ ਉਹ ਵਿਚਾਰਾ ਭੀ ਮਾਰਿਆ ਗਿਆ।

ਤੀਵੀਂ – ਸ੍ਰੀ ਵਾਹਿਗੁਰੂ! ਸੰਤ ਬੀ ਮਰਦੇ ਹਨ? ਸੰਤ ਆਪਣੇ ਘਰਾਂ ਨੂੰ ਜਾਂਦੇ ਹਨ, ਸੰਤਾਂ ਨੂੰ ਮਾਰਨ ਵਾਲਾ ਕੌਣ ਜੰਮਿਆ ਹੈ?

ਕੌੜਾ ਮੱਲ – ਹੱਛਾ, ਹੁਣ ਤੁਸੀਂ ਮੰਦਰ ਜ਼ਰੂਰ ਜਾਣਾ ਹੈ?

ਤੀਵੀਂ – ਜੋ ਸਤਿਗੁਰਾਂ ਨੂੰ ਭਾਵੇ।

ਕੌੜਾ ਮੱਲ – ਤੇਰਾ ਸੁਆਮੀ ਨਾਲ ਨਹੀਂ ਆਇਆ?

ਤੀਵੀਂ – ਜੀ ਉਹ ਸੱਚਖੰਡ ਨੂੰ ਵਿਦਾ ਹੋ ਚੁਕੇ ਹਨ।

ਸੂਰਤ ਸਿੰਘ – ਬੀਬੀ! ਸਾਡੇ ਕਹੇ ਲੱਗ ਅਰ ਮੁੜ ਜਾਹ, ਅਰ ਇਸ ਬਾਲ ਦੀ ਤੇ ਆਪਣੀ ਜਿੰਦ ਬਚਾ ਲੈ, ਲਖਪਤ ਅੱਗੇ ਬੈਠਾ ਹੈ, ਉਹ ਮਾਰੇ ਬਿਨਾਂ ਛਡੇਗਾ ਨਹੀਂ।



Sri Satguru Jagjit Singh Ji eLibrary NamdhariElibrary@gmail.com

ਤੀਵੀਂ - ਸਤਿ ਬਚਨ, ਆਪ ਕ੍ਰਿਪਾ ਕਰਕੇ ਰਸਤਾ ਬਖਸ਼ ਦੇਵੋ।

ਸੂਰਤ ਸਿੰਘ - ਮਾਈ ਜੀ! ਇਸ ਬਾਲ ਪਰ ਭੀ ਤਰਸ ਨਹੀਂ ਆਉਂਦਾ?

ਤੀਵੀਂ - ਤਰਸ ਆਇਆ ਹੈ ਤਦੇ ਤਾਂ ਨਾਲ ਲੈ ਆਈ ਹਾਂ, ਨਹੀਂ ਤਾਂ ਪਿਛੇ ਨਾ ਛੱਡ ਆਉਂਦੀ? ਮੈਂ ਸੋਚਿਆ ਕਿ ਮੈਂ ਇਕੱਲੀ ਹੀ ਕਿਉਂ ਸੱਚਖੰਡ ਨੂੰ ਜਾਵਾਂ, ਆਪਣੀ ਜਿੰਦ ਦੇ ਟੋਟੇ ਨੂੰ ਭੀ ਲੈ ਜਾਵਾਂ, ਪਿਛੇ ਖਬਰੇ ਇਹ ਸਤਿਗੁਰਾਂ ਤੋਂ ਬੇਮੁਖ ਹੋ ਜਾਵੇ! ਉਮਰ ਨਿਆਣੀ ਹੈ।

ਕੌੜਾ ਮੱਲ - ਹੇ ਵਾਹਿਗੁਰੂ, ਉਹ ਕੀ ਵਸਤੂ ਹੈ ਜੋ ਤੂੰ ਪਿਆਰਿਆਂ ਸਿੱਖਾਂ ਦੇ ਹਿਰਦੇ ਵਿਚ ਪਾਈ ਹੈ? ਹਾਇ ਸ਼ੋਕ! ਲਖਪਤ ਅਜਿਹੇ ਧਰਮੀਆਂ ਨੂੰ ਮਾਰੇਗਾ?

ਤੀਵੀਂ! ਮਹਾਂਪੁਰਖੋ! ਇਹ ਅੰਮ੍ਰਿਤ ਦਾ ਪ੍ਰਤਾਪ ਹੈ, ਗੁਰੂ ਦੀ ਮਿਹਰ ਹੈ, ਅਰ ਜੇ ਸਿੱਖਾਂ ਨਾਲ ਆਪ ਨੂੰ ਏਡਾ ਪਿਆਰ ਹੈ ਜਿੱਡਾ ਇਸ ਵੇਲੇ ਆਪ ਦੇ ਵਰਤਾਉ ਤੋਂ ਦਿਸ ਰਿਹਾ ਹੈ ਤਾਂ ਲਖਪਤ ਨਾਲ ਲੜ ਕੇ ਉਸਨੂੰ ਅਜੇਹੇ ਪਾਪ ਤੋਂ ਰੋਕ ਦਿਓ। ਜੇ ਕੋਈ ਰਾਜਨੀਤੀ ਦੀ ਇਸ ਵਿਚ ਰੋਕ ਹੈ ਤਾਂ ਕਿਸੇ ਬਨ ਵਿਚ ਖਾਲਸੇ ਦੇ ਕਿਸੇ ਜਥੇ ਨੂੰ ਖਬਰ ਘੱਲ ਦਿਓ।

ਇਹ ਗੱਲ ਦੋਹਾਂ ਨੂੰ ਤੀਰ ਵਾਂਙੂ ਲੱਗੀ। ਬੀਬੀ ਨੂੰ ਰੋਕ ਨਾ ਸਕੇ। ਉਹ ਧਰਮੀ ਤੀਵੀਂ ਪਾਠ ਕਰਦੀ ਹਰਿਮੰਦਰ ਸਾਹਿਬ ਨੂੰ ਚਲੀ ਗਈ।

ਦੋਵੇਂ ਜਣੇ ਇਹ ਸਲਾਹ ਪੱਕੀ ਕਰਕੇ ਕਿ ਅੱਜ ਭਾਵੇਂ ਜਾਨ ਜਾਏ, ਸਿੱਖਾਂ ਨੂੰ ਬਚਾ ਲੈਣਾ ਹੈ। ਡੇਰੇ ਪਹੁੰਚੇ ਅਰ ਪੰਝੀ ਤੀਹ ਅਸਵਾਰ, ਜੋ ਇਨ੍ਹਾਂ ਦੇ ਨਾਲ ਸਨ, ਲੈ ਕੇ ਲਖਪਤ ਪਾਸ ਪਹੁੰਚੇ ਅਰ ਉਸ ਨੂੰ ਬਹੁਤ ਸਮਝਾਇਆ। ਛੇਕੜ ਉਸ ਨੇ ਇੰਨਾ ਮੰਨਿਆ ਕਿ ਮੈਨੂੰ ਸੋਚ ਲੈਣ ਦਿਓ ਅਰ ਵੱਖਰਿਆਂ ਜਾ ਕੇ ਲੱਖੂ ਨੇ ਆਪਣੀ ਸੈਨਾ ਦੇ ਸੈਨਾਪਤੀ ਨੂੰ ਇਹ ਕਿਹਾ ਕਿ ਮੈਂ ਜਾਂਦਾ ਹਾਂ ਅਰ ਇਹ ਹੁਕਮ ਦਿਆਂਗਾ ਕਿ ਕਿਸੇ ਸਿੱਖ ਨੂੰ ਨਾ ਮਾਰਨਾ, ਪਰ ਤੁਸੀਂ ਫੇਰ ਅੱਖ ਬਚਾ ਕੇ ਮੁੜ ਆ ਜਾਣਾ; ਜਾਂ ਕੁਝ ਸਿਪਾਹੀ ਆਪਣੇ ਵਿਚੋਂ ਖਿਸਕਾ ਦੇਣੇ ਤੇ ਸਿੱਖਾਂ ਨੂੰ ਮਾਰ ਜਾਣਾ।

ਗੱਲ ਕੀ, ਏਸ ਧੋਖੇ ਵਿਚ ਲਿਆਕੇ ਲਖੂ ਸੈਨਾ ਸਮੇਤ ਦੀਵਾਨ ਕੌੜਾ ਮੱਲ ਤੇ ਸੂਰਤ ਸਿੰਘ ਦੇ ਨਾਲ ਚਲਿਆ ਗਿਆ। ਜਦ ਡੇਰੇ ਪਹੁੰਚ ਗਏ ਅਰ ਦੋਵੇਂ ਦੀਵਾਨ ਤਸੱਲੀ ਕਰਕੇ ਆਪਣੇ ਡੇਰੇ ਨੂੰ ਤੁਰ ਗਏ ਤਦ ਲੱਖੂ ਦੇ ਪੰਜਾਹ ਅਸਵਾਰ ਘੋੜੇ ਸੁੱਟ ਕੇ ਹਰਿਮੰਦਰ ਪਹੁੰਚੇ। ਹਰਿਮੰਦਰ ਵਿਚ ਅਗੇ ਭੋਗ ਪੈ ਚੁਕਾ ਸੀ। ਸੰਗਤ ਘਰੋ ਘਰ ਜਾ ਰਹੀ ਸੀ। ਕਈ ਤਾਂ ਨਿਕਲ ਭੀ ਗਏ ਸਨ, ਪਰ ਕਈ ਅਜੇ ਤੁਰੇ ਜਾਂਦੇ ਸਨ, ਜੋ ਲੱਖੂ ਦੇ ਸਿਪਾਹੀਆਂ ਨੇ ਫੜ ਲੀਤੇ ਅਰ ਤੀਵੀਆਂ ਤੇ ਬਾਲਾਂ ਸਣੇ ਗਾਜਰਾਂ ਵਾਂਗ ਕੱਟ ਕੇ ਰੱਖ ਦਿਤੇ। ਦੁਪਹਿਰ ਕੁ ਵੇਲੇ ਇਹ ਖਬਰ ਸੂਰਤ ਸਿੰਘ ਨੂੰ ਲੱਗੀ, ਕੌੜਾ ਮਲ ਨਾਲ ਚੱਲਕੇ ਉਥੇ ਆਏ ਅਰ ਲੋਥਾਂ ਵੇਖ ਕੇ ਫੁੱਟ ਫੁੱਟ ਕੇ ਰੋਏ। ਛੇਕੜ ਲੱਕੜਾਂ ਪੁਵਾ ਕੇ ਉਹਨਾਂ ਦਾ ਸਸਕਾਰ ਉਥੇ ਹੀ ਕਰਵਾ ਦਿੱਤਾ ਅਤੇ ਉਸੇ ਦਿਨ ਸਿੱਖ ਜਥੇਦਾਰਾਂ ਵਲ ਜਸੂਸ ਤੋਰ ਦਿਤੇ ਕਿ ਪੰਥ ਨੂੰ ਸੰਭਾਲੋ। ਅਰ ਕਈ ਥਾਈਂ ਸਿੱਖਾਂ ਨੂੰ ਖਰਚ ਵਾਸਤੇ ਦਮੜੇ ਵੀ ਭੇਜ ਦਿੱਤੇ ਕਿ ਆਪਣਾ ਆਪਣਾ ਬਚਾ ਕਰ ਲਓ, ਲੱਖੂ ਆ ਰਿਹਾ ਹੈ।

ਜਦ ਬਿਜਲਾ ਸਿੰਘ ਹੁਰੀਂ ਇਹੋ ਜਿਹੇ ਕਈ ਕਈ ਦੁੱਖਾਂ ਦੇ ਸਮਾਚਾਰ ਕਹਿ ਹਟੇ ਤਾਂ ਉਸ ਵੇਲੇ ਰਾਤ ਪੈ ਰਹੀ ਸੀ, ਖਾਲਸਾ ਭੋਜਨ ਛੱਕ ਚੁੱਕਾ ਸੀ। ਬਲਵੰਤ ਸਿੰਘ ਉਠਕੇ ਲੰਗਰ ਵੱਲ ਗਿਆ, ਪਰ ਭੈਣ ਅਜੇ ਭੀ ਨਹੀਂ ਆਈ ਸੀ। ਹੁਣ ਤਾਂ ਖਾਨਿਉਂ ਗਈ ਕਿ ਕੁਝ ਵਿਘਨ ਹੋਇਆ ਹੈ। ਓਸੇ ਵੇਲੇ ਧਰਮ ਕੌਰ ਨੂੰ ਨਾਲ ਲੀਤਾ ਅਤੇ ਵੀਹ ਕੁ ਸਵਾਰਾਂ ਨੂੰ ਸ਼ਸਤਰਧਾਰੀ ਕਰਵਾ ਕੇ ਪਿੰਡ ਦਾ ਰਸਤਾ ਫੜਿਆ। ਰਾਤ ਦਾ ਵੇਲਾ, ਚੜ੍ਹਾਈ ਲਹਾਈ ਦਾ ਅਵੈੜਾ ਰਸਤਾ, ਬਡੇ ਔਖ ਨਾਲ ਸਿਖ ਉਸ ਟਿਲੇ ਉਤੇ ਚੜ੍ਹੇ। ਪਗਡੰਡੀ ਉਪਰ ਇਕ ਪਠਾਣ ਦੀ ਲੋਥ ਡਿੱਠੀ, ਜਾਂ ਚੰਗੀ ਤਰ੍ਹਾਂ ਭਾਲ ਕੀਤੀ ਤਾਂ ਇਕ ਕਟਾਰ ਲੱਭੀ ਜੋ ਬਲਵੰਤ ਸਿੰਘ ਨੇ ਪਛਾਣੀ ਕਿ ਭੈਣ ਦੀ ਹੈ। ਹੁਣ ਤਾਂ ਪੱਕਾ ਨਿਸ਼ਚਾ ਹੋ ਗਿਆ ਕਿ ਭੈਣ ਕਿਸੇ ਬਲਾ ਵਿਚ ਫੇਰ ਫਸ ਗਈ ਹੈ। ਫੁਰਤੀ ਕਰਕੇ ਪਿੰਡ ਵਿਚ ਗਏ, ਬਜ਼ਾਰ ਦੇ ਲੋਕ ਕੱਠੇ ਕਰਕੇ ਪੁਛਿਆ ਤਾਂ ਇੰਨਾ ਪਤਾ ਲੱਗਾ ਕਿ ਲੌਢੇ ਵੇਲੇ ਇਕ ਡੋਲਾ ਪੰਜਾਂ ਸੱਤਾਂ ਤੁਰਕਾਂ ਦੇ ਪਹਿਰੇ ਵਿਚ ਲੰਘਿਆ ਹੈ। ਇਹ ਸੁਣ ਕੇ ਬਲਵੰਤ ਸਿੰਘ ਨੇ ਦੋ ਚਾਰ ਕੋਹ ਤੱਕ ਪਿਛਾ ਕੀਤਾ ਪਰ ਹੋਰ ਥਹੁ ਨਾ ਲੱਗਾ, ਛੇਕੜ ਮੁੜ ਆਏ ਅਰ ਸਾਰੇ ਮੁਖੀ ਪੁਰਸ਼ ਕੱਠੇ ਹੋ ਕੇ ਸਲਾਹਾਂ ਕਰਨ ਲਗੇ ਕਿ ਹੁਣ ਕੀ ਕੀਤਾ ਜਾਏ। ਸਵੇਰੇ ਕੂਚ ਭੀ ਜ਼ਰੂਰੀ ਕਰਨਾ ਹੈ।

**'ਚਲਦਾ'**

---

(ਪੰਨਾ 12 ਦੀ ਬਾਕੀ)

ਦਰਵਾਜਾ ਲੱਭਿਆ ਹੀ ਨਾ। ਸਾਰੀ ਕੰਧ ਨੂੰ ਹੱਥ ਲਾ ਕੇ ਦੇਖਦਾ ਰਿਹਾ ਪਰ ਦਰਵਾਜਾ ਨਾ ਮਿਲਿਆ। ਅਖੀਰ ਬਹਿ ਗਿਆ। ਜਦੋਂ ਦਿਨ ਚੜ੍ਹਿਆ ਤਾਂ ਮਾਤਾ ਉਠੀ, ਆਪਣਾ ਕੰਮ-ਕਾਰ ਕਰਿਆ, ਜਦੋਂ ਚੋਰ ਵੱਲ ਦੇਖਿਆ ਤਾਂ ਕਹਿਣ ਲੱਗੀ ਕਿ ਭਾਈ! ਤੂੰ ਇਥੇ ਬੈਠਿਆ ਹੈਂ, ਕੀ ਗੱਲ ਹੈ?

ਕਹਿੰਦਾ, "ਬੀਬੀ! ਮੈਂ ਚੋਰ ਹਾਂ, ਚੋਰੀ ਕਰਨ ਆਇਆ ਸੀ ਪਰ ਹੁਣ ਮੈਂ ਤਾਂ ਬੈਠਾ ਹਾਂ ਕਿ ਮੇਰਾ ਵੀ ਸੁਧਾਰ ਕਰ ਦੇ। ਤੂੰ ਤਾਂ ਦਰਵਾਜਾ ਹੀ ਬੰਦ ਕਰ ਦਿੱਤਾ।"

ਸੋ ਫਰੀਦ ਦੇ ਉਤੇ ਮਾਂ ਦਾ ਅਸਰ ਸੀ ਕਿ ਮੇਰੀ ਮਾਂ ਇਸ ਤਰ੍ਹਾਂ ਦੀ ਨਹੀਂ, ਸ਼ਕਤੀਆਂ ਵਾਲੀ ਹੈ। ਇਸ ਕਰਕੇ ਇਹ ਉਸ ਦਾ ਬਚਨ ਮੰਨਦਾ ਸੀ। ਹੁਣ ਜੇ ਮਾਂ ਹੀ ਉਲਟੀ ਪੁਲਟੀ ਹੋਵੇ ਤਾਂ ਬੱਚੇ ਦਾ ਨਿਸ਼ਚਾ ਟੁੱਟ ਜਾਂਦਾ ਉਸ ਤੋਂ। ਬਾਪ ਤੋਂ ਵੀ ਟੁੱਟ ਜਾਂਦਾ ਹੈ ਜੇ ਬਾਪ ਸ਼ਰਾਬੀ-ਕਬਾਬੀ ਹੋਵੇ ਤਾਂ। ਕਹਿ ਦਿੰਦਾ ਹੈ ਕਿ ਮੇਰਾ ਤਾਂ ਬੜਾ ਬੁਰਾ ਤੇਰੇ ਨਾਲ ਵਾਹ ਪਿਆ।

**'ਚਲਦਾ'**



Sri Satguru Jagjit Singh Ji eLibrary NamdhariElibrary@gmail.com

# ਮੈਨੂੰ ਮਹਾਂਪੁਰਸ਼ਾਂ ਦੀ ਸੰਗਤ ਕਿਵੇਂ ਪ੍ਰਾਪਤ ਹੋਈ?

## (ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨਾਲ ਪਹਿਲੀ ਮਿਲਣੀ ਅਤੇ ਮਿੱਠੀਆਂ ਅਭੁੱਲ ਯਾਦਾਂ)

ਮਹਾਂਪੁਰਸ਼ਾਂ ਦੀ ਸੰਗਤ ਤੋਂ ਬਿਨਾਂ ਹਰ ਇਕ ਦਾ ਜੀਵਨ ਗੁਰਮਤਿ ਤੋਂ ਦੂਰ ਹੀ ਹੁੰਦਾ ਹੈ। ਦਾਸ ਦਾ ਪਹਿਲਾ ਜੀਵਨ, ਜਦੋਂ ਤਕ ਸੰਤ ਮਹਾਰਾਜ ਨਾਲ ਮਿਲਾਪ ਨਹੀਂ ਹੋਇਆ, ਤਕਰੀਬਨ ਮਨਮਤ ਵਾਲਾ ਹੀ ਸੀ।

ਦਾਸ ਦੇ ਘਰ ਤੋਂ ਬੀਬੀ ਬਲਜਿੰਦਰ ਕੌਰ ਨੇ 1991 ਤੋਂ ਹੀ ਅੰਮ੍ਰਿਤ ਛਕਣ ਲਈ ਕਹਿਣਾ ਸ਼ੁਰੂ ਕਰ ਦਿਤਾ ਸੀ। ਘਰ 'ਚ ਪਿਤਾ ਜੀ ਨੂੰ ਵੀ ਗੁਰਬਾਨੀ ਕਾਫੀ ਕੰਠ ਹੈ ਤੇ ਉਨ੍ਹਾਂ ਦਾ ਸੁਭਾਅ ਵੀ ਸਾਧੂਆਂ ਵਾਲਾ ਹੈ। ਸੰਤ ਬਾਣੇ ਦੀ ਇਜ਼ਤ ਤੇ ਸੇਵਾ ਕਰਨਾ ਉਹ ਆਪਣਾ ਧਰਮ ਸਮਝਦੇ ਹਨ। ਘਰ ਦੇ ਇਸ ਮਾਹੌਲ ਦੀ ਰੰਗਤ ਆਹਿਸਤਾ-ਆਹਿਸਤਾ ਰੰਗ ਲਿਆਈ। ਜਿਸ ਸਮੇਂ ਦੀ ਉਡੀਕ ਸੀ, ਉਹ ਨਜ਼ਦੀਕ ਆਇਆ ਤੇ ਸਾਨੂੰ ਪਤਾ ਲੱਗਿਆ ਕਿ ਸੰਤਾਂ ਦੇ ਦੀਵਾਨ ਸਜ ਰਹੇ ਹਨ। ਇਹ ਪਤਾ ਨਹੀਂ ਸੀ ਕਿ ਕਿਹੜੇ ਮਹਾਂਪੁਰਸ਼ ਹਨ। ਇਹ ਗੱਲ ਅਗਸਤ 1994 ਦੀ ਹੈ। ਅਸੀਂ ਪੁਛਦੇ ਪੁਛਦੇ ਧਮੋਲੀ ਵਿਖੇ ਗੁਰਦੁਆਰਾ ਯਾਦਗਾਰ ਭਾਈ ਦਇਆ ਸਿੰਘ ਜੀ ਵਿਖੇ ਪਹੁੰਚ ਗਏ। ਚਿੱਟੇ ਬਸਤਰਾਂ ਵਾਲੀ ਬੀਬੀ ਚਰਨਜੀਤ ਕੌਰ ਦਾ ਜਥਾ ਕੀਰਤਨ ਸਰਵਣ ਕਰਾ ਰਿਹਾ ਸੀ। 10 ਕੁ ਮਿੰਟ ਦੇ ਮਗਰੋਂ ਬਾਬਾ ਜੀ ਆਉਂਦੇ ਨਜ਼ਰ ਪਏ। ਦਾਸ ਪੰਡਾਲ ਦੇ ਰਸਤੇ ਵਾਲੇ ਪਾਸੇ ਹੀ ਬੈਠਿਆ ਸੀ। ਦਾਸ ਨੇ ਮਹਾਂਪੁਰਸ਼ਾਂ ਨੂੰ ਧਿਆਨ ਨਾਲ ਦੇਖਿਆ, ਦਰਸ਼ਨ ਕੀਤੇ। ਮਹਾਂਪੁਰਸ਼ਾਂ ਨੇ ਵੀ ਦਾਸ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਤੱਕਿਆ। ਪੂਰਬਲੇ ਕਰਮ ਜਾਗਣ ਦੀ ਇਹ ਘੜੀ ਆ ਚੁੱਕੀ ਸੀ। ਮਨ ਵਿਚ ਆਇਆ ਕਿ ਹੈਂ! ਐਨੀ ਉਮਰ 'ਚ ਮਹਾਂਪੁਰਸ਼ ਸਾਡੇ ਜੀਵਨ ਲਈ ਰਾਤਾਂ ਨੂੰ ਗੁਰੂ ਦੀ ਬਾਨੀ ਨਾਲ ਜੋੜਦੇ ਤੇ ਸੁੱਤੀਆਂ ਰੂਹਾਂ ਨੂੰ ਜਗਾਉਂਦੇ ਪ੍ਰਚਾਰ ਕਰ ਰਹੇ ਹਨ। ਮਹਾਂਪੁਰਸ਼ਾਂ ਦਾ ਦੀਵਾਨ ਸਰਵਣ ਕੀਤਾ, ਉਨ੍ਹਾਂ ਦੇ ਮਿਠੜੇ ਬੋਲ ਦਿਲ ਦੀਆਂ ਗਹਿਰਾਈਆਂ ਨੂੰ ਛੂੰਹਦੇ ਜਾ ਰਹੇ ਸਨ ਤੇ ਮਨ ਤੇ ਜਾਦੂ ਵਰਗਾ ਅਸਰ ਹੋ ਰਿਹਾ ਸੀ। ਮਨ ਵਿਚ ਪਹਿਲੀ ਵਾਰ ਕਿਸੇ ਮਹਾਂਪੁਰਸ਼ ਦੀ ਤਸਵੀਰ ਜਿਵੇਂ ਫਿੱਟ ਹੋ ਗਈ ਸੀ।

***ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥ ਪੰਨਾ - 1106***

ਦੇ ਬਾਣ ਮੂਰਛਤ ਕਰਦੇ ਚਲੇ ਜਾ ਰਹੇ ਸਨ। ਕਰਮਾਂ ਨੇ ਕਰਵਟ ਲੈਣੀ ਸ਼ੁਰੂ ਕੀਤੀ। ਸਤੰਬਰ 1994 ਨੂੰ ਦੁਧਾਧਾਰੀ ਗੁਰਦੁਆਰਾ ਸਾਹਿਬ, ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਦੇ ਦੀਵਾਨ ਸਜੇ ਸਨ। ਉਥੇ ਰਤਵਾੜਾ ਸਾਹਿਬ ਦੇ ਸਮਾਗਮਾਂ ਦੀ ਜਾਣਕਾਰੀ ਦਿਤੀ ਗਈ। ਮਨ 'ਚ ਆਇਆ ਕਿ ਮੌਕਾ ਨਹੀਂ ਖੁੰਝਣਾ ਚਾਹੀਦਾ। ਅਸੀਂ ਬੱਚਿਆਂ ਸਮੇਤ ਸਕੂਟਰ ਉਤੇ ਚੰਡੀਗੜ੍ਹ ਪਹੁੰਚ ਕੇ ਪੁਛਦਿਆਂ ਪੁਛਦਿਆਂ ਰਤਵਾੜਾ ਸਾਹਿਬ ਪਹੁੰਚ ਗਏ। ਗੇਟ ਤੋਂ ਲੰਘੇ ਤਾਂ ਸੇਵਾਦਾਰ ਹਰ ਇਕ ਨੂੰ ਬੜੇ ਪਿਆਰ ਨਾਲ ਪੇਸ਼ ਆ ਰਹੇ ਸਨ।

ਦੇਖਿਆ ਕਿ ਸਮਾਗਮ ਕਿਥੇ ਹੋ ਰਿਹਾ ਹੈ। ਬਿਲਡਿੰਗ ਵੀ ਸਿਰਫ ਕਮਰੇ ਹੀ ਸਨ। ਗੁਰਦੁਆਰਾ ਸਾਹਿਬ ਦੀ ਵੀ ਕੋਈ ਬਿਲਡਿੰਗ ਨਹੀਂ। ਥੋੜ੍ਹਾ ਅੱਗੇ ਲੰਘੇ ਤਾਂ ਹੈਰਾਨੀ ਦੀ ਹੱਦ ਨਾ ਰਹੀ ਕਿ ਕਿਤਨਾ ਜਬਰਦਸਤ ਪੰਡਾਲ ਤੇ ਉਸ ਦੇ ਨਾਲ ਹੀ ਲਾਜਵਾਬ ਪ੍ਰਬੰਧ ਜਿਵੇਂ ਸਾਰੇ ਪੰਡਾਲ ਵਿਚ ਟੀ.ਵੀ. ਸੈਟ ਆਦਿ ਸਨ। ਪ੍ਰੋਗਰਾਮ ਸਰਵਣ ਕੀਤਾ। ਸੰਤ ਮਹਾਰਾਜ ਜੀ ਵਲੋਂ ਸਵੇਰੇ ਦੀਵਾਨ ਦੀ ਸਮਾਪਤੀ ਕੀਤੀ ਗਈ। ਉਸ ਸਮੇਂ 'ਸੁਰਤਿ ਸਬਦਿ ਮਾਰਗ' ਪੁਸਤਕ ਛਪ ਚੁਕੀ ਸੀ। ਦੋ ਕੈਸਟਾਂ ਸਮਾਗਮ ਦੀਆਂ ਤੇ ਇਕ ਪੁਸਤਕ ਲੈ ਕੇ ਸੰਗਤਾਂ ਦੇ ਠਾਠਾਂ ਮਾਰਦੇ ਸਮੁੰਦਰ 'ਚੋਂ ਖੁਸ਼ੀਆਂ ਨਾਲ ਘਰ ਪਹੁੰਚੇ। ਆ ਕੇ ਕੈਸਟ ਸੁਣੀ। ਬਾਬਾ ਜੀ ਵਲੋਂ ਬਹੁਤ ਹੀ ਅਵਲ ਦਰਜੇ ਦੀ ਵਿਆਖਿਆ ਕੀਤੀ ਗਈ ਸੀ - 'ਹੁਕਮ ਰਜਾਈ ਚਲਣਾ'।

ਰਤਵਾੜਾ ਸਾਹਿਬ ਮਹੀਨੇ ਮਗਰੋਂ ਜਾਣਾ ਸ਼ੁਰੂ ਕਰ ਦਿਤਾ ਅਤੇ ਅਪ੍ਰੈਲ 1995 ਨੂੰ ਮਹਾਂਪੁਰਸ਼ਾਂ ਦੇ ਜੱਥੇ ਵਲੋਂ ਅੰਮ੍ਰਿਤ ਦੀ ਦਾਤ ਵੀ ਪ੍ਰਾਪਤ ਹੋਈ। ਉਸੇ ਦਿਨ 'ਆਤਮ ਮਾਰਗ' ਮੈਗਜ਼ੀਨ ਦਾ ਪਹਿਲਾ ਐਡੀਸ਼ਨ ਸੰਗਤ ਦੀ ਸੇਵਾ 'ਚ ਆਇਆ। ਫਿਰ ਤਕਰੀਬਨ ਦੋ ਹਫਤੇ ਮਗਰੋਂ ਮਹਾਂਪੁਰਸ਼ਾਂ ਦੀ ਕੋਠੀ ਮੋਹਾਲੀ ਵਿਖੇ ਹਫਤਾਵਾਰੀ ਦੀਵਾਨਾਂ ਵਿਚ ਜਾਣਾ ਸ਼ੁਰੂ ਕਰ ਦਿਤਾ। ਮਹਾਂਪੁਰਸ਼ਾਂ ਦੇ ਬਚਨ ਕਿ 'ਆਤਮ ਮਾਰਗ' ਦੀ ਸੇਵਾ ਕਰਨਾ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਸੰਦੇਸ਼ ਘਰ ਘਰ ਪਹੁੰਚਾਣ ਦੇ ਬਰਾਬਰ ਹੈ। ਦਾਸ ਦੇ ਘਰ ਤੋਂ ਬੀਬੀ ਬਲਜਿੰਦਰ ਕੌਰ, ਜੋ ਕਿ ਬੈਂਕ ਕਰਮਚਾਰੀ ਹਨ, ਨੇ ਇਸ ਸੇਵਾ ਵਿਚ ਬਹੁਤ ਲਗਨ ਦਿਖਾਈ ਤੇ ਹੋਰ ਮੈਂਬਰ ਬਣਾਉਣ ਦਾ ਟੀਚਾ ਲੈ ਕੇ ਪੰਜ ਰਸੀਦ ਬੁੱਕਾਂ ਜਾਰੀ ਕਰਵਾਈਆਂ। ਮਹਾਂਪੁਰਸ਼ਾਂ ਨੂੰ ਨਮਸਕਾਰ ਕਰਨੀ ਤੇ ਸਟਾਲ ਵਾਲਿਆਂ ਪ੍ਰੇਮੀਆਂ ਨਾਲ ਮੈਗਜ਼ੀਨ ਸਬੰਧੀ ਚਿੱਠੀ-ਪੱਤਰ ਸ਼ੁਰੂ ਹੋ ਗਿਆ। ਅਜੇ ਤਕ ਮਹਾਂਪੁਰਸ਼ਾਂ ਨਾਲ ਕੋਈ ਬਚਨ ਨਾ ਹੋ ਸਕਿਆ। ਵੈਸੇ ਵੀ ਮਹਾਂਪੁਰਸ਼ਾਂ ਦਾ ਤੇਜ ਪ੍ਰਤਾਪ ਐਨਾ ਸੀ ਕਿ ਦਾਸ ਤਾਂ ਬਚਨ ਕਰਨ ਤੋਂ ਡਰਦਾ ਵੀ ਸੀ। ਬੀਬੀ ਨੇ ਇਕ ਵਾਰ ਮਹਾਂਪੁਰਸ਼ਾਂ ਨੂੰ ਬਚਨ ਕੀਤਾ ਕਿ ਬੱਚਿਆਂ ਨੂੰ ਕਿਹੋ ਜਿਹੇ ਸਕੂਲ ਜਾਂ ਅਕੈਡਮੀ 'ਚ ਪੜ੍ਹਾਉਣਾ ਚਾਹੀਦਾ ਹੈ। ਮਹਾਰਾਜ ਜੀ ਨੇ ਫੁਰਮਾਇਆ, ਜਿਥੇ ਬੱਚੇ ਨੂੰ ਜਬਰਦਸਤੀ ਕੋਈ ਵੀ ਚੀਜ਼ ਥੋਪੀ ਜਾਵੇ ਉਥੇ ਬੱਚੇ ਬਾਅਦ ਵਿਚ ਬਾਗੀ ਹੋ ਜਾਂਦੇ ਹਨ। ਕਿਉਂਕਿ ਵੱਡਾ ਬੇਟਾ ਮਨਜੀਤ ਸਿੰਘ ਇਥੇ ਚੰਡੀਗੜ੍ਹ ਪੜ੍ਹ ਕੇ ਹੀ ਫਸਟ ਆਉਂਦਾ ਰਿਹਾ ਹੈ। ਦੂਜੇ ਸਕੂਲਾਂ ਨਾਲੋਂ ਆਮ ਸਕੂਲਾਂ 'ਚ ਹੀ ਆਪਣੀ ਦੇਖ ਰੇਖ 'ਚ ਹੀ ਬੱਚੇ ਪੜ੍ਹਾਉਣੇ ਚਾਹੀਦੇ ਹਨ।

'ਆਤਮ ਮਾਰਗ' ਵਿਚ 'ਸੰਤ ਰਹਿਤ ਸੁਨਹੁ ਮੇਰੇ ਭਾਈ' ਲੇਖ ਛਪਿਆ। ਇਸ ਲੇਖ ਦੀ ਪ੍ਰਸੰਸਾ ਦੀ ਚਿੱਠੀ ਮਹਾਂਪੁਰਸ਼ਾਂ ਜੀ ਨੂੰ ਮੋਹਾਲੀ ਪਾ ਦਿਤੀ ਤੇ ਪ੍ਰੋ. ਗੁਰਦੇਵ ਸਿੰਘ ਜੀ ਵਲੋਂ ਜਵਾਬ ਆਇਆ। ਜਵਾਬ ਕਾਫੀ ਉਤਸ਼ਾਹਪੂਰਵਕ ਸੀ। ਉਸ



Sri Satguru Jagjit Singh Ji eLibrary NamdhariElibrary@gmail.com

ਤੋਂ ਕੁਝ ਦਿਨਾਂ ਬਾਅਦ ਦਾਸ ਨੇ ਪ੍ਰੋ. ਗੁਰਦੇਵ ਸਿੰਘ ਜੀ ਨੂੰ ਫਤਹਿ ਬੁਲਾ ਕੇ ਕਿਹਾ ਕਿ ਮੇਰਾ ਨਾਮ ਭਰਪੂਰ ਸਿੰਘ ਰਾਜਪੁਰਾ ਹੈ। ਪ੍ਰੋ. ਸਾਹਿਬ ਨੇ ਫੱਟ ਮਹਾਂਪੁਰਸ਼ ਨੂੰ ਸੰਬੋਧਨ ਕਰਦਿਆਂ ਕਿਹਾ, ਇਹ ਹੈ ਚਿੱਠੀ ਵਾਲਾ ਭਰਪੂਰ ਸਿੰਘ ਰਾਜਪੁਰੇ ਤੋਂ। ਮਹਾਂਪੁਰਸ਼ਾਂ ਨੇ ਪਹਿਲੀ ਵਾਰ ਦਾਸ ਦੇ ਸਿਰ ਤੇ ਅਸ਼ੀਰਵਾਦ ਦਿੰਦਿਆਂ ਆਪਣੇ ਪਵਿੱਤਰ ਹਸਤ-ਕਮਲ ਸਿਰ ਤੇ ਰੱਖੇ ਤੇ ਦਾਸ ਨੇ ਵੀ ਮਹਾਂਪੁਰਸ਼ਾਂ ਦੇ ਚਰਨ ਛੂਹਣ ਦਾ ਸੁਭਾਗ ਸਮਾਂ ਪ੍ਰਾਪਤ ਕੀਤਾ।

22 ਦਸੰਬਰ 1997 ਨੂੰ ਉਹ ਸੁਭਾਗਾ ਸਮਾਂ ਪ੍ਰਾਪਤ ਹੋਇਆ ਜਦੋਂ ਮਹਾਂਪੁਰਸ਼ ਸਿੰਘਾਂ ਸਮੇਤ ਆਪਣੀਆਂ ਬਖਸ਼ਿਸ਼ਾਂ ਰਹਿਮਤਾਂ ਦੇਣ ਲਈ ਗਰੀਬ ਦੀ ਕੁਟੀਆ ਪਹੁੰਚੇ। ਦਾਸ ਤੋਂ ਇਹ ਖੁਸ਼ੀ ਸਾਂਭੀ ਨਹੀਂ ਜਾ ਰਹੀ ਸੀ। ਬਾਬਾ ਜੀ 20-25 ਮਿੰਟ ਬੈਠ ਕੇ 'ਆਤਮ ਮਾਰਗ' ਸਬੰਧੀ ਮੈਂਬਰਸ਼ਿਪ ਦੀ ਗੱਲਬਾਤ ਕਰਦੇ ਰਹੇ ਤੇ ਇਸ ਇਲਾਕੇ ਦੇ ਪੁਰਾਣੇ ਵਿਅਕਤੀਆਂ ਬਾਰੇ ਵੀ ਪਿਤਾ ਜੀ ਨੂੰ ਦੱਸਿਆ। ਸਭ ਤੋਂ ਵੱਧ ਬਖਸ਼ਿਸ਼ਾਂ ਦੀ ਬਾਜੀ ਮੇਰਾ ਛੋਟਾ ਭਰਾ ਲੈ ਗਿਆ ਜਦੋਂ ਉਸ ਦੀ ਪਤਨੀ ਨੇ ਮਹਾਰਾਜ ਜੀ ਪਾਸ ਪੁੱਤਰ ਦੀ ਦਾਤ ਬਖਸ਼ਣ ਲਈ ਬੇਨਤੀ ਕੀਤੀ। ਦਿਆਲੂ ਕ੍ਰਿਪਾਲੂ ਬਾਬਾ ਜੀ ਵਲੋਂ ਫਲ ਉਸ ਦੀ ਝੋਲੀ ਵਿਚ ਪਾ ਦਿਤਾ ਗਿਆ ਤੇ ਭਰਾ ਨੂੰ ਪੁੱਤਰ ਤੇ ਦਾਸ ਨੂੰ ਭਤੀਜੇ ਦੀ ਦਾਤ ਪ੍ਰਾਪਤ ਹੋਈ। ਬਾਬਾ ਜੀ ਦੇ ਦਰਸ਼ਨਾਂ ਦਾ ਬਹੁਤ ਹੀ ਇਲਾਹੀ ਆਨੰਦ ਆਇਆ ਜਿਸ ਨੂੰ ਵਰਨਣ ਨਹੀਂ ਕੀਤਾ ਜਾ ਸਕਦਾ। ਦੂਜੀ ਵਾਰ ਫਿਰ ਬਾਬਾ ਜੀ ਵਲੋਂ ਕ੍ਰਿਪਾ ਹੋਈ ਤੇ ਸਾਨੂੰ ਬਾਬਾ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਦਾਸ ਨੇ ਮਹਾਂਪੁਰਸ਼ਾਂ ਨੂੰ ਅੰਦਰਲੀ ਤਰੱਕੀ ਬਾਰੇ ਕ੍ਰਿਪਾ ਕਰਨ ਦੀ ਬੇਨਤੀ ਕੀਤੀ। ਮਹਾਂਪੁਰਸ਼ਾਂ ਵਲੋਂ ਬਚਨ ਹੋਇਆ ਕਿ ਹਮੇਸ਼ਾ ਗੁਰੂ ਸਾਹਿਬ ਨੂੰ ਅੰਗ ਸੰਗ ਸਮਝਣਾ, ਪ੍ਰਤੱਖ ਰੂਪ ਵਿਚ ਹਾਜ਼ਰ ਨਾਜ਼ਰ ਸਮਝਣਾ ਹੈ ਤੇ ਧਿਆਨ ਲਾਉਣ ਤੇ ਧਿਆਨ 'ਚ ਬੈਠਣ ਦੀ ਵਿਧੀ ਵੀ ਦੱਸੀ।

26 ਜਨਵਰੀ 1999 ਨੂੰ ਜਦੋਂ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਤਾਂ ਦਾਸ ਨੇ ਬੇਨਤੀ ਕੀਤੀ ਕਿ ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਦੀ ਵੀ ਪ੍ਰੋਵੀਜ਼ਨ ਚਾਹੀਦੀ ਹੈ। ਮਹਾਂਪੁਰਸ਼ ਤੁਰੰਤ ਬੋਲੇ, ਵਿਦਿਆ ਦਾ ਸਰੋਵਰ ਖੋਲ੍ਹਣਾ ਹੈ ਇਥੇ। ਸਾਰੇ ਬੱਚੇ ਵਿਦਿਆ ਦੇ ਸਰੋਵਰ 'ਚ ਚੁੱਭੀਆਂ ਲਾ ਕੇ ਦੁਨੀਆਂ ਨੂੰ ਗੁਰਮਤਿ ਦੀ ਸੋਝੀ ਦੇਣਗੇ ਤੇ ਨਾਲੇ ਬਾਹਰਲੇ ਦੇਸਾਂ 'ਚ ਮੱਲਾਂ ਮਾਰ ਕੇ ਦੇਸ ਦਾ ਨਾਮ ਚਮਕਾਉਣਗੇ।

22.12.2000 ਨੂੰ ਬਾਬਾ ਜੀ ਵਲੋਂ ਇਕ ਵਾਰ ਫਿਰ ਘਨੌਰ ਦੇ ਦੀਵਾਨਾਂ ਤੋਂ ਬਾਅਦ ਰਾਜਪੁਰੇ ਚਰਨ ਪਾਉਣ ਦੀ ਕ੍ਰਿਪਾ ਹੋਈ। ਬਾਬਾ ਜੀ ਜਦੋਂ ਘਰ (ਰਾਜਪੁਰੇ) ਕੁਰਸੀ ਉਤੇ ਬਿਰਾਮਾਨ ਸਨ, ਪਰਿਵਾਰ ਦੇ ਮੈਂਬਰ ਬਾਬਾ ਜੀ ਨੂੰ ਫੁੱਲਾਂ ਦੇ ਹਾਰ ਭੇਟ ਕਰ ਰਹੇ ਸਨ। ਭਾਈ ਗੁਰਦੇਵ ਸਿੰਘ ਜੀ ਵੀ ਕੋਲ ਬੈਠੇ ਸਨ। ਪਹਿਲਾ ਹਾਰ ਬਾਬਾ ਜੀ ਵਲੋਂ ਭਾਈ ਗੁਰਦੇਵ ਸਿੰਘ ਜੀ ਦੇ ਗਲ ਪਾ ਦਿਤਾ ਤੇ ਕਿਹਾ, ਆ ਜਾ, ਤੇਰੇ ਵੀ ਹਾਰ ਪਾਈਏ, ਬਹੁਤ ਮਿਹਨਤ ਕਰ ਰਿਹਾ ਹੈਂ ਤੇ ਨਾਲ ਲਗਦੇ ਹੀ ਇਕ ਹਾਰ ਦਾਸ ਦੇ ਵੀ ਪਾ ਦਿਤਾ ਤੇ ਫੁਰਮਾਉਣ ਲੱਗੇ ਕਿ ਮੈਨੇਜਰ ਬਣਾ ਦੇਵਾਂਗੇ ਇਸ ਸਕੂਲ ਦਾ। 'ਆਤਮ ਮਾਰਗ' ਦੀ ਮੈਂਬਰਸ਼ਿਪ ਬਾਰੇ ਵੀ ਪੁਛਿਆ ਤੇ ਬਾਬਾ ਜੀ ਆਪਣੇ ਆਸ਼ੀਰਵਾਦ ਦੀਆਂ ਬਖਸ਼ਿਸ਼ਾਂ ਵੰਡਦੇ ਘਨੌਰ ਚਲੇ ਗਏ।

ਸਕੂਲ ਦੇ ਦੂਜੇ ਸੈਸ਼ਨ 2001 'ਚ 330 ਬੱਚੇ ਰਾਜਪੁਰੇ ਸਕੂਲ 'ਚ ਹੋ ਗਏ। 5.9.2001 ਨੂੰ ਸਕੂਲ 'ਚ ਸਭਿਆਚਾਰਕ ਪ੍ਰੋਗਰਾਮ ਰੱਖਿਆ ਗਿਆ, 2.30 ਵਜੇ ਤਕ ਪ੍ਰੋਗਰਾਮ ਚਲਦਾ ਰਿਹਾ, ਗਰਮੀ ਦੇ ਬਾਵਜੂਦ ਬਾਬਾ ਜੀ ਸਾਰਾ ਪ੍ਰੋਗਰਾਮ ਦੇਖਦੇ ਰਹੇ ਤੇ ਆਪ ਜੀ ਨੇ ਆਪਣੇ ਬਚਨਾਂ 'ਚ ਕਿਹਾ ਕਿ ਗੁਰਦੇਵ ਸਿੰਘ ਜਿਹੜਾ ਕੰਮ ਸ਼ੁਰੂ ਕਰ ਦੇਵੇ ਫਿਰ ਪਿੱਛੇ ਨਹੀਂ ਹਟਦਾ, ਲਗਨ ਨਾਲ ਕਰੀ ਜਾਂਦਾ ਹੈ। ਹਾਈ ਸਕੂਲ ਵਰਗੀ ਬਿਲਡਿੰਗ ਬਣਾ ਦਿਤੀ ਹੈ ਤੇ ਹੌਲੀ ਹੌਲੀ ਪੂਰੀ ਬਣ ਜਾਵੇਗੀ ਤੇ ਬੱਚੇ ਇਥੇ ਪੜ੍ਹ ਕੇ ਮੈਰਿਟ ਦੇ ਹਿਸਾਬ ਨਾਲ ਰਤਵਾੜਾ ਸਾਹਿਬ ਇਨਫਰਮੇਸ਼ਨ ਟੈਕਨਾਲੋਜੀ ਕਾਲਜ 'ਚ ਪਹਿਲ ਦੇ ਆਧਾਰ ਤੇ ਰੱਖੇ ਜਾਣਗੇ। ਭਾਈ ਸਾਹਿਬ ਲਖਬੀਰ ਸਿੰਘ ਜੀ ਅਤੇ ਭਾਈ ਹਰਪਾਲ ਸਿੰਘ ਜੀ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਸਨ। ਦਾਸ ਨੂੰ ਕੀ ਪਤਾ ਸੀ ਕਿ ਮਹਾਂਪੁਰਸ਼ਾਂ ਦੀ ਹਾਜ਼ਰੀ 'ਚ ਇਹ ਆਖਰੀ ਪ੍ਰੋਗਰਾਮ ਹੋ ਰਿਹਾ ਹੈ।

ਬਚਨ ਸਰਵਣ ਕਰਦਿਆਂ ਪਤਾ ਹੀ ਨਾ ਚੱਲਿਆ ਕਿ 3.15 ਵਜ ਗਏ। ਖੁਸ਼ੀਆਂ ਵੰਡਦੇ ਮਹਾਰਾਜ ਜੀ ਰਤਵਾੜਾ ਸਾਹਿਬ ਦੀ ਸੰਗਤ ਨਾਲ ਰਵਾਨਾ ਹੋ ਗਏ ਤੇ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇੰਨੀ ਜਲਦੀ ਮਹਾਰਾਜ ਜੀ ਵਿਛੋੜਾ ਦੇ ਜਾਣਗੇ। ਸਰੀਰ ਦਾ ਵਿਛੋੜਾ ਜ਼ਰੂਰ ਹੈ ਪਰ ਉਨ੍ਹਾਂ ਦੇ ਬਚਨ ਤੇ ਉਪਦੇਸ਼ ਸਾਨੂੰ ਹਮੇਸ਼ਾ ਜੀਵਨ ਦੇ ਹਰ ਖੇਤਰ 'ਚ ਰਹਿਨੁਮਾਈ ਦਿੰਦੇ ਰਹਿਣਗੇ ਕਿਉਂਕਿ ਸੰਤ ਸਰੀਰ ਨਹੀਂ ਹੁੰਦੇ, ਉਹ ਤਾਂ ਪ੍ਰਮੇਸਰ ਵਲੋਂ ਭੇਜੀ ਅਲਾਹੀ ਜੋਤ ਹੁੰਦੇ ਹਨ ਤੇ ਵਾਹਿਗੁਰੂ ਵਲੋਂ ਲੱਗੀ ਡਿਊਟੀ ਨੂੰ ਨਿਭਾਉਂਦੇ, ਸੰਸਾਰ ਦਾ ਭਲਾ ਲੋਚਦੇ, ਫਿਰ ਉਸ ਜੋਤ 'ਚ ਮਿਲ ਜਾਂਦੇ ਹਨ। ਇਹ ਮਿੱਠੀਆਂ ਯਾਦਾਂ ਸਾਨੂੰ ਹਮੇਸ਼ਾ ਨਾਮ ਸਿਮਰਨ ਲਈ ਪ੍ਰੇਰਦੀਆਂ ਰਹਿਣਗੀਆਂ।


***(ਇੰਜੀਨੀਅਰ) ਭਰਪੂਰ ਸਿੰਘ***

***ਮਕਾਨ ਨੰ. ਬੀ-1/1310, ਪੁਰਾਣਾ ਰਾਜਪੁਰਾ***

***ਫੋਨ ਨੰ. 01762-440361***



# For more information

**please visit us on internet at -**

http://www.atammarg.org

&

http://www.atammarg.com





Sri Satguru Jagjit Singh Ji eLibrary NamdhariElibrary@gmail.com

# ਬਾਬਾ ਜੀ ਦੇ ਬ੍ਰਹਮਲੀਨ ਹੋਣ ਤੋਂ ਪਹਿਲਾਂ ਦੇ ਅਮੋਲਕ ਬਚਨ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

**ਨੋਟ - ਇਹ ਅੰਮ੍ਰਿਤਮਈ ਪ੍ਰਵਚਨ ਮਿਤੀ 7-10-2001 ਨੂੰ ਰਤਵਾੜਾ ਸਾਹਿਬ ਵਿਖੇ ਹਫਤਾਵਾਰੀ ਐਤਵਾਰ ਦੇ ਦੀਵਾਨ ਵਿਚ ਪ੍ਰਾਪਤ ਹੋਏ।**

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ।

ਬੜੇ ਪਿਆਰ ਦੇ ਨਾਲ ਪਿਆਰ ਨਾਲ ਭਰਿਆ ਹੋਇਆ ਗੁਰਸਿੱਖ ਜੀਵਨ ਸਰਵਣ ਕਰ ਰਹੇ ਸੀ। ਸਤਿਗੁਰੂ ਦਾ ਸੁਭਾਅ ਉਹ ਵੀ ਦੇਖ ਰਹੇ ਸੀ। ਇਕ ਪਾਸੇ ਨਾਮ ਹੈ, ਦੂਜੇ ਪਾਸੇ ਉਸ ਦੀ ਭਾਵਨਾ ਹੈ। ਕੌਡੀ ਦਾ ਸਵਾਲ ਨਹੀਂ ਹੈ ਕਿ ਉਸ ਦੇ ਕੋਲ ਟਕਾ ਸੀ ਵਿਚਾਰੇ ਕੋਲ ਪਰ ਉਸ ਟਕੇ ਦੇ ਵਿਚ ਬਹੁਤ ਵੱਡੀ ਭਾਵਨਾ ਸੀ।

ਇਕ ਵਾਰੀ ਮਹਾਰਾਜ ਜੀ ਦੇ ਸਮੇਂ ਵਿਚ ਮੈਨੂੰ ਇਕ ਪੱਤਰ ਲਿਖਣਾ ਪੈ ਗਿਆ ਮਹਾਰਾਜ (ਪਰਮ ਸੰਤ ਸ੍ਰੀ ਈਸ਼ਰ ਸਿੰਘ ਜੀ ਰਾੜਾ ਸਾਹਿਬ) ਨੂੰ। ਮੈਂ ਆਮ ਚਿੱਠੀਆਂ ਦਸ-ਬਾਰਾਂ ਪੰਨਿਆਂ ਦੀਆਂ ਲਿਖਦਾ ਹੁੰਦਾ, ਮਨ ਵਿਚ ਆਈ ਜਾਂਦਾ ਸੀ, ਲਿਖੀ ਜਾਂਦਾ ਸੀ। ਸੋ ਉਹ ਚੌਦਾਂ ਪੰਨੇ ਦੀ ਲਿਖ ਦਿਤੀ, ਪੜ੍ਹਨੀ ਵੀ ਬੜੀ ਔਖੀ ਹੈ। ਮੇਰੇ ਕੋਲ ਆਉਂਦੀਆਂ ਨੇ, ਮੈਥੋਂ ਪੜ੍ਹ ਹੀ ਨਹੀਂ ਹੁੰਦੀਆਂ, ਬੀਬੀ ਨੂੰ ਦਿੰਦਾ ਹਾਂ ਕਿ ਤੂੰ ਪੜ੍ਹ ਤੇ ਮੈਨੂੰ ਸੁਣਾ ਦੇ। ਉਨ੍ਹਾਂ 'ਚ ਇਕ ਅਧਿਆਪਕ ਸੀ। ਉਹ ਛੋਲੇ ਲੈ ਕੇ ਆਪਣਾ ਮਹੀਨਾ ਪੂਰਾ ਕਰ ਦਿੰਦੀ, ਬਾਕੀ ਦੀ ਤਨਖਾਹ ਵਿਚੋਂ ਕਪੜੇ ਲੈ ਆਉਣੇ ਤੇ ਮਹਾਰਾਜ ਜੀ ਨੂੰ ਮੱਥਾ ਟੇਕ ਦੇਣਾ ਪਰ ਉਸ ਦੀ ਪੁੱਛ-ਗਿੱਛ ਕੋਈ ਨਹੀਂ ਸੀ, ਸਿੰਘ ਅੰਦਰ ਵੀ ਨਹੀਂ ਸੀ ਵੜਨ ਦਿੰਦੇ, ਬਾਹਰ ਹੀ ਦੂਰ ਜਾ ਕੇ ਬੈਠੀ ਰਹਿੰਦੀ ਸੀ। ਚੰਡੀਗੜ੍ਹ ਦੀਵਾਨ ਸਨ, ਮੌਸਮ ਬਹੁਤ ਹੀ ਖਰਾਬ ਸੀ, ਉਹ ਉਥੇ ਆ ਗਈ ਪੁੱਛ ਕੇ ਸਾਡਾ ਘਰ, ਤੇ ਦੀਵਾਨ ਕੈਂਸਲ ਹੋ ਗਏ ਸਨ। ਮੈਨੂੰ ਉਸ ਤੇ ਬੜਾ ਤਰਸ ਆਇਆ, ਮੈਂ ਉਸ ਦੀ ਗੱਲ ਲਿਖੀ ਕਿ ਮਹਾਰਾਜ! ਇਕ ਪਾਸੇ ਤਾਂ ਉਹ ਅਧਿਆਪਕ ਹੈ ਤੇ ਮੈਨੂੰ ਨਾਲ ਦੇ ਅਧਿਆਪਕਾਂ ਨੇ ਦੱਸਿਆ ਕਿ ਉਹ ਛੋਲੇ ਲੈ ਲੈਂਦੀ ਹੈ, ਗੁੜ ਲੈ ਲੈਂਦੀ ਹੈ ਤੇ ਮਹੀਨਾ ਕੱਢ ਲੈਂਦੀ ਹੈ, ਬਾਕੀ ਸਾਰਾ ਕੁਝ ਮਹਾਰਾਜ ਜੀ ਦੇ ਚਰਨਾਂ 'ਚ ਭੇਟਾ ਕਰ ਦਿੰਦੀ ਹੈ ਤਨਖਾਹ ਥੋੜ੍ਹੀ ਹੁੰਦੀ ਸੀ 30-40 ਰੁਪਏ ਤੇ ਇਕ ਪਾਸੇ ਤੁਹਾਡੇ ਵੱਡੇ ਵੱਡੇ ਸੇਵਕ ਨੇ ਜਿਨ੍ਹਾਂ ਲਈ ਕਰੋੜ ਰੁਪਈਆ ਦੇਣਾ ਕੋਈ ਵੱਡੀ ਬਾਤ ਨਹੀਂ ਹੈ। ਉਨ੍ਹਾਂ ਦੀ ਪੁਛ ਗਿੱਛ ਵੀ ਹੈ ਸੰਗਤ ਵਿਚ ਤੇ ਏਸ ਵਿਚਾਰੀ ਨੂੰ ਕੋਈ ਪਾਣੀ ਵੀ ਨਹੀਂ ਦਿੰਦਾ। ਮੈਂ ਤੁਲਨਾ ਕਰ ਰਿਹਾ ਸੀ ਉਸ ਦੀ ਕਿ ਇਸ ਦੀ 30 ਰੁਪਏ ਤਨਖਾਹ ਹੈ ਤੇ 25 ਰੁਪਏ ਦੇ ਦਿੰਦੀ ਹੈ, ਤੇ ਦੂਜੇ ਕੋਲ ਤਾਂ ਅਰਬਾਂ ਦੀ ਆਮਦਨ ਸੀ ਤੇ ਜੇ ਉਸੇ ਹਿਸਾਬ ਨਾਲ ਭੇਟਾ ਕਰੇ ਤਾਂ ਉਸ ਦੇ ਬਰਾਬਰ ਆ ਸਕਦਾ ਹੈ। ਮੈਂ ਕਿਹਾ ਕਿ ਮਹਾਰਾਜ! ਅਸੀਂ ਤਾਂ ਇਸ ਦੇ ਗਿੱਟੇ ਗਿੱਟੇ ਵੀ ਨਹੀਂ ਆਉਂਦੇ - ਇਸ ਦੀ ਭਾਵਨਾ ਦੇ। ਭਾਵਨਾ ਹੋਇਆ ਕਰਦੀ ਹੈ।

ਕਿੰਨੀ ਮਿਹਨਤ ਨਾਲ ਉਸ ਗੁਰਸਿੱਖ ਨੇ ਕਮਾਏ। ਘਾਹ ਵੇਚਦਾ ਸੀ ਵਿਚਾਰਾ, ਪਰਿਵਾਰ ਕਿੱਡਾ ਕੁ ਹੋਏਗਾ? ਬੜੀ ਮੁਸ਼ਕਲ ਦੇ ਨਾਲ ਟਕਾ ਜੋੜਿਆ, ਟਕਾ - ਦੋ ਪੈਸੇ। ਘਾਹ ਲਿਆਇਆ, ਲਿਆ ਕੇ ਜਹਾਂਗੀਰ ਦੇ ਪਹਿਲਾਂ ਚਲਿਆ ਗਿਆ, ਫੇਰ ਮਹਾਰਾਜ ਜੀ (ਗੁਰੂ ਛੇਵੇਂ ਪਾਤਸ਼ਾਹ) ਕੋਲ ਆ ਗਿਆ। ਮਹਾਰਾਜ ਜੀ ਨੂੰ ਉਸ ਦੀ ਭਾਵਨਾ ਭਾਅ ਗਈ। ਨਾਮ ਦਾ ਮੁਕਾਬਲਾ ਤਾਂ ਹੈ ਨਹੀਂ ਪੈਸੇ ਨਾਲ, ਨਾਮ ਲਈ ਤਾਂ ਚਾਹੇ ਤੁਸੀਂ ਖਰਬ ਰੁਪਈਆ ਦੇ ਦਿਓ ਤਾਂ ਵੀ ਨਾਮ ਤਾਂ ਅਮੁੱਲ ਚੀਜ਼ ਹੈ ਪਰ ਗੁਰੂ ਦੀ ਮਿਹਰ ਦੇ ਨਾਲ, ਪਿਆਰ ਦੇ ਨਾਲ ਮਿਲ ਜਾਂਦਾ ਹੈ ਇਹ। ਸੋ ਪਿਆਰ ਬਹੁਤ ਵੱਡੀ ਚੀਜ਼ ਹੈ।

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਸੰਗਤਾਂ 'ਚ ਬੈਠੇ ਨੇ, ਕੁਰਸੀ ਲੱਗੀ ਹੋਈ ਹੈ। ਸੰਗਤ ਆਪਣੀ ਸ਼ਰਧਾ ਨਾਲ ਆਉਂਦੇ ਨੇ ਤੇ ਨਮਸ਼ਕਾਰ ਕਰੀ ਜਾਂਦੇ ਨੇ। ਸੰਤ ਦਾ ਉਂਞ ਧਿਆਨ ਜ਼ਰੂਰ ਹੁੰਦਾ ਹੈ ਕਿ ਕਿੱਡੀ ਕੁ ਭਾਵਨਾ ਹੈ ਇਸ ਦੀ, ਉਸ ਦੇ ਮੁਤਾਬਿਕ ਅੰਦਰੋਂ ਅਰਦਾਸ ਨਿਕਲਦੀ ਰਹਿੰਦੀ ਹੈ ਕਿ ਮਹਾਰਾਜ! ਕ੍ਰਿਪਾ ਕਰੀਂ ਏਸ ਗੁਰਸਿੱਖ ਤੇ। ਮੈਂ ਤਾਂ ਵਿਤੋਂ ਵੱਧ ਜੇ ਕੋਈ ਦਾਨ ਦੇਵੇ ਤਾਂ ਰੋਕ ਦਿੰਦਾ ਹਾਂ ਕਿ ਤੇਰੀ ਆਮਦਨ ਤਾਂ ਐਨੀ ਹੈ ਨਹੀਂ, ਤੂੰ ਐਨਾ ਦਾਨ ਕਿਉਂ ਦਿੰਦਾ ਹੈਂ, ਵਾਪਸ ਕਰ ਦਿੰਦਾ ਹਾਂ ਉਸ ਨੂੰ। ਵਿਦੇਸ਼ਾਂ ਵਿਚ ਵੀ ਮੈਂ ਵਾਪਸ ਕਰ ਦਿੰਦਾ ਸੀ ਤੇ ਇਥੇ ਵੀ ਮੈਂ ਕਰਦਾ ਰਹਿੰਦਾ ਹਾਂ ਪਰ ਉਹ ਭਾਵਨਾ ਦੇਖੀ ਜਾਂਦੀ ਹੈ ਕਿ ਕਿਸ ਭਾਵਨਾ ਨਾਲ ਇਹ ਸਤਿਗੁਰੂ ਨੂੰ ਮਨਾ ਰਿਹਾ ਹੈ। ਸਤਿਗੁਰੂ ਹੈ ਦਇਆ ਦਾ ਖਜ਼ਾਨਾ, ਮਹਿਮਾ ਉਸ ਦੀ ਕੋਈ ਕਹਿ ਨਹੀਂ ਸਕਦਾ। ਸਤਿਗੁਰੂ ਤੇ ਸਿੱਖ ਦਾ ਸਬੰਧ ਦੱਸਿਆ ਹੈ ਇਥੇ ਕਿ ਕਿੰਨਾ ਜ਼ਬਰਦਸਤ ਹੋਇਆ ਕਰਦਾ ਹੈ। ਇਕ ਘਾਹ ਦੀ ਪੰਡ ਦੇ ਕੇ, ਦੋ ਪੈਸੇ ਮੱਥਾ ਟੇਕ ਕੇ ਜਨਮ ਮਰਨ ਦਾ ਚੱਕਰ ਕਟਾਓ। ਇਹ ਤਾਂ ਬਾਦਸ਼ਾਹਾਂ ਦਾ ਵੀ ਨਹੀਂ ਕੱਟ ਹੁੰਦਾ, ਚਾਹੇ ਰਾਜ ਦੇ ਦੇਣ ਕਿਉਂਕਿ ਅੰਦਰ ਭਾਵਨਾ ਨਹੀਂ ਹੁੰਦੀ।

ਸੋ ਬਾਬਾ ਕਰਮ ਸਿੰਘ ਜੀ ਬੈਠੇ ਨੇ। ਇਕ ਕੋਈ ਅਮੀਰ ਆਦਮੀ ਆ ਗਿਆ ਤੇ ਉਸ ਨੇ ਉਨ੍ਹਾਂ ਸਮਿਆਂ ਦਾ ਦੋ ਹਜ਼ਾਰ ਚਾਂਦੀ ਦੇ ਰੁਪਈਆਂ ਦਾ ਮੱਥਾ ਟੇਕ ਦਿਤਾ। ਬਾਬਾ ਜੀ ਦੇ ਚਰਨਾਂ ਨਾਲ ਜਦੋਂ ਛੋਹਿਆ ਉਨ੍ਹਾਂ ਨੇ ਕਿਹਾ ਕਿ ਆਹ ਢੇਰ ਜਿਹਾ ਕੀ ਹੈ? ਹੇਠਾਂ ਨੂੰ ਤਾਂ ਦੇਖਿਆ ਨਾ, ਜੋੜੇ ਨਾਲ ਖਿੰਡਾਉਣ ਲੱਗ ਗਏ। ਜੋੜਾ ਪਾ ਕੇ ਬੈਠੇ ਹੁੰਦੇ ਸਨ ਬਾਬਾ ਜੀ! ਉਹ ਅਮੀਰ ਆਦਮੀ ਦੇਖੀ ਜਾਵੇ ਕਿ ਹੇਠਾਂ ਨੂੰ ਦੇਖਣ, ਪਤਾ ਲੱਗੇ ਕਿ ਮੈਂ ਕਿੰਨੇ ਪੈਸੇ ਚਾੜ੍ਹੇ ਨੇ, ਮੈਨੂੰ ਕੋਈ ਵਰ ਦੇਣ। ਉਹ ਹੁਣ ਮਹਾਤਮਾ ਨੂੰ ਪੈਸੇ ਨਾਲ ਤੋਲਦਾ ਸੀ। ਬਾਬਾ ਜੀ



Sri Satguru Jagjit Singh Ji eLibrary NamdhariElibrary@gmail.com

ਨੇ ਦੇਖਿਆ ਨਾ, ਏਨੇ ਨੂੰ ਇਕ ਮਾਈ ਆਈ, ਬੜੇ ਪੁਰਾਣੇ ਜਿਹੇ ਪਸੀਨੇ ਨਾਲ ਭਰੇ ਹੋਏ ਕਪੜੇ ਮੈਲੇ ਜਿਹੇ, ਮੂੰਹ ਤੇ ਵੀ ਗਰਦ ਪਈ ਹੋਈ, ਸਾਰੇ ਸੂਟ ਤੇ ਪਈ ਹੋਈ ਗਰਦ। ਸੰਗਤ ਨੂੰ ਦੇਖ ਕੇ ਕਿ ਇਹ ਤਾਂ ਉਜਲ ਪੁਰਸ਼ ਬੈਠੇ ਨੇ ਸਾਰੇ, ਬਾਹਰ ਹੀ ਖੜ੍ਹ ਗਈ ਸੰਗਤ ਤੋਂ। ਬਾਬਾ ਜੀ ਨੇ ਦੇਖਿਆ ਤੇ ਕਹਿਣ ਲੱਗੇ ਕਿ ਉਹ ਮਾਤਾ ਨੂੰ ਮੇਰੇ ਕੋਲ ਲਿਆਓ। ਨੇੜੇ ਆ ਗਈ ਤਾਂ ਬਾਬਾ ਜੀ ਕਹਿੰਦੇ ਕਿ ਮਾਤਾ! ਕੀ ਲੈ ਕੇ ਆਈ ਹੈਂ ਸਾਡੇ ਵਾਸਤੇ? ਪਹਿਲਾਂ ਡਰ ਗਈ, ਦੇਖ ਕੇ ਕਿ ਇਥੇ ਤਾਂ ਰੁਪਈਆਂ ਦੇ ਢੇਰ ਲੱਗੇ ਪਏ ਨੇ ਤੇ ਜੇ ਮੈਂ ਪੈਸੇ ਕੱਢੇ ਤਾਂ ਕਿਵੇਂ ਲੱਗਣਗੇ? ਬਾਬਾ ਜੀ ਨੇ ਮੰਗ ਲਏ। ਪੁਰਾਣੀ ਜਿਹੀ ਲੀਰ ਨੂੰ ਪੰਜ ਛੇ ਗੰਢਾਂ ਦਿਤੀਆਂ ਹੋਈਆਂ ਸਨ, ਵਿਚਾਰੀ ਖੋਲ੍ਹੀ ਗਈ ਖੜ੍ਹੀ, ਪੰਜ ਪੈਸੇ ਸੀ ਉਸ ਦੇ ਵਿਚ। ਬਾਬਾ ਜੀ ਨੇ ਹੱਥ ਅੱਗੇ ਕਰਿਆ ਤੇ ਪੰਜ ਪੈਸੇ ਫੜ ਲਏ ਤੇ ਕਹਿਣ ਲੱਗੇ, ਧੰਨ ਹੈਂ ਮਾਈ! ਧੰਨ ਹੈਂ। ਹੁਣ ਉਹ ਅਮੀਰ ਜਿਹੜਾ ਸੀ ਦੋ ਹਜ਼ਾਰ ਵਾਲਾ, ਉਹ ਸੋਚੇ ਕਿ ਇਸ ਨੂੰ ਤਾਂ ਕਹਿ ਰਹੇ ਨੇ ਕਿ ਧੰਨ ਹੈ, ਮਾਈ ਧੰਨ ਹੈ। ਮੇਰੇ ਪੈਸੇ ਦੇਖਦੇ ਹੀ ਨਹੀਂ। ਉਸ ਨੇ ਹੱਥ ਨਾਲ ਕੋਲ ਕਰ ਦਿਤੇ ਪੈਸੇ। ਬਾਬਾ ਜੀ ਨੇ ਜੁੱਤੀ ਦੀ ਨੋਕ ਨਾਲ ਪਰ੍ਹੇ ਕਰ ਦਿਤੇ ਤੇ ਕਹਿਣ ਲੱਗੇ ਕਿ ਚੁੱਕ ਆਪਣੇ ਪੈਸੇ। ਕਿਵੇਂ ਲਿਆਇਆਂ ਤੂੰ? ਰਿਸ਼ਵਤ ਖਾਧੀ ਹੈ ਤੇ ਭਾਈਵਾਲ ਬਣਾਉਣਾ ਹੈ ਸਾਧਾਂ ਨੂੰ ਰਿਸ਼ਵਤ ਵਿਚ? ਇਸ ਦੇ ਵਿਚ ਕਲਿਆਣ ਕਿਵੇਂ ਹੋ ਜਾਏਗਾ? ਮਾਤਾ ਵਲ ਤੱਕ ਕੇ ਕਹਿਣ ਲੱਗੇ ਕਿ ਮਾਤਾ! ਤੂੰ ਦੱਸ ਕਿ ਕਿਵੇਂ ਲਿਆਈ ਹੈਂ ਪੈਸੇ?

ਕਹਿੰਦੀ, "ਬਾਬਾ ਜੀ! ਮੇਰੇ ਘਰ ਦਾ ਕੋਈ ਜੀਅ ਬਚਿਆ ਨਹੀਂ, ਮੇਰੀ ਉਮਰ ਵੱਡੀ ਸੀ ਬਹੁਤੀ, ਮੇਰੇ ਦੇਖਦੇ ਦੇਖਦੇ ਪਰਿਵਾਰ ਚਲਿਆ ਗਿਆ ਸਾਰਾ, ਬੰਦੋਬਸਤ ਕੋਈ ਨਹੀਂ ਸੀ ਤੇ ਮੈਂ ਹੁਣ ਕਿਸੇ ਦੇ ਬੱਚੇ ਨੂੰ ਖਿਲ੍ਹਾ ਦਿੰਦੀ ਹਾਂ, ਕਿਸੇ ਦਾ ਲਿਪ ਆਉਂਦੀ ਹਾਂ, ਕਿਸੇ ਦਾ ਚੁਲ੍ਹਾ ਬਣਾ ਦਿੰਦੀ ਹਾਂ, ਭਾਂਡੇ ਮਾਂਜ ਦਿੰਦੀ ਹਾਂ। ਉਹ ਮੈਨੂੰ ਰੋਟੀ ਦੇ ਦਿੰਦੇ ਨੇ ਖਾਣ ਨੂੰ ਦੋਵੇਂ ਵਕਤ, ਕੱਪੜਾ ਫਟਿਆ ਹੋਇਆ ਹੋਵੇ ਤਾਂ ਕਪੜਾ ਦੇ ਦਿੰਦੇ ਨੇ, ਦੀਵਾਲੀ ਹੋਵੇ ਜਾਂ ਦੁਸਹਿਰਾ ਹੋਵੇ ਤਾਂ ਮਹਾਰਾਜ! ਇਕ ਪੈਸਾ ਮੈਨੂੰ ਦੇ ਦਿੰਦੇ ਨੇ। ਇਹ ਮੈਂ ਪੰਜ ਪੈਸੇ ਜੋੜੇ ਨੇ ਢਾਈ ਸਾਲ ਵਿਚ ਕਿਉਂਕਿ ਮੈਂ ਸੁਣਿਆ ਹੋਇਆ ਹੈ ਕਿ ਮਹਾਂਪੁਰਸ਼ਾਂ ਕੋਲ ਖਾਲੀ ਹੱਥ ਨਹੀਂ ਜਾਈਦਾ।

ਬਾਬਾ ਜੀ ਨੇ ਅਮੀਰ ਆਦਮੀ ਵੱਲ ਦੇਖ ਕੇ ਕਿਹਾ, ਤੂੰ ਦੱਸ, ਇਸ ਦੇ ਨਾਲ ਮੁਕਾਬਲਾ ਹੈ ਤੇਰਾ? ਆਹ ਤਾਂ ਜਿਨ੍ਹਾਂ ਸਾਧਾਂ ਦੇ ਪੇਟ 'ਚ ਜਾਏਗਾ ਦਾਣਾ, ਇਕ ਦਾਣੇ ਨੇ ਹੀ ਸੁਰਤੀ ਲਵਾ ਦੇਣੀ ਹੈ ਨਾਮ ਦੇ ਵਿਚ, ਤੇਰੇ ਪੈਸੇ ਦਾ ਜਿਹੜਾ ਅਨਾਜ ਜਾਏਗਾ ਪੇਟ ਵਿਚ, ਉਸ ਨੇ ਸੁਰਤੀ ਲੱਗੀ ਹੋਈ ਤੋੜ ਦੇਣੀ ਹੈ।

ਸੋ ਭਾਵਨਾ ਕੰਮ ਕਰਦੀ ਹੈ। ਇਥੇ ਜੇ ਭਾਵਨਾ ਪੈਦਾ ਨਾ ਹੋਈ, ਦਿਖਾਵੇ ਦਾ ਜੀਵਨ ਹੋਇਆ, ਫੇਰ ਐਵੇਂ ਹੀ ਫਜ਼ੂਲ ਹੋਇਆ ਕਰਦਾ ਹੈ। ਸਾਡੇ ਸਾਮ੍ਹਣੇ ਜਿਹੜਾ ਵੱਡਾ ਸਵਾਲ ਹੈ, ਉਹ ਇਹ ਹੈ ਕਿ ਸਾਡੀ ਵਾਰੀ ਤਾਂ ਆ ਗਈ, ਮਨੁੱਖ ਅਸੀਂ ਬਣ ਗਏ ਪਰ ਉਹ ਕੰਮ ਕਰ ਨਹੀਂ ਸਕੇ ਜਿਹੜਾ ਕਰਨਾ ਸੀ। ਮਹਾਰਾਜ ਜੀ ਕਹਿੰਦੇ –

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥***
***ਪੰਨਾ – 1428***

ਹੁਣ ਅੰਤ ਦਾ ਸਮਾਂ ਆ ਗਿਆ, ਸਤਿਸੰਗ ਕਰਦਾ ਰਹਿੰਦਾ ਹੈ, ਬੜੀ ਬਾਣੀ ਸੁਣੀ ਹੈ, ਬੜੇ ਕੀਰਤਨ ਸੁਣੇ ਨੇ, ਪਾਠ ਵੀ ਕਰਦਾ ਰਿਹਾ ਹੈ। ਜੋ ਕੁਝ ਹੁੰਦਾ ਸੀ ਵਿਚਾਰੇ ਤੋਂ, ਦਾਨ ਵੀ ਕਰਦਾ ਰਿਹਾ ਹੈ, ਸੇਵਾ ਵੀ ਕਰਦਾ ਰਿਹਾ ਪਰ ਉਹ ਅਸਲੀ ਪੁਆਇੰਟ ਤੱਕ ਨਹੀਂ ਪਹੁੰਚ ਸਕਿਆ, ਵਿਚਾਲੇ ਰਹਿ ਗਿਆ। ਟਾਵਾਂ-ਟਾਵਾਂ ਹੀ ਬੰਦਾ ਪਹੁੰਚਦਾ ਹੈ ਸਿਰੇ ਤਕ, ਬਾਕੀ ਤਾਂ ਵਿਚਾਲੇ ਦੁਨੀਆਂ ਬਹੁਤੀ ਰਹੀ ਹੋਈ ਹੈ। ਉਹ ਉਥੇ ਹੀ ਮਸਤ ਨੇ, ਫਿਕਰ ਕਿਸੇ ਕਿਸੇ ਨੂੰ ਹੈ ਕਿ ਉਮਰ ਤਾਂ ਰੋਜ਼ ਹੀ ਘੱਟ ਰਹੀ ਹੈ –

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥***
***ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥***
***ਪੰਨਾ – 691***

ਕਾਲ ਤਾਂ ਗੁਲੇਲਾ ਲਈ ਫਿਰਦਾ ਹੈ, ਪਤਾ ਨਹੀਂ ਕਿਹੜੇ ਵੇਲੇ ਉਸ ਨੇ ਮਾਰ ਦੇਣਾ ਹੈ। ਫੇਰ ਕੰਮ ਤਾਂ ਬਣ ਨਾ ਸਕਿਆ, ਵਿਚਾਲੇ ਰਹਿ ਗਿਆ। ਸਤਿਸੰਗ ਵੀ ਕੀਤੇ, ਦਾਨ ਵੀ ਕਰੇ, ਸੇਵਾ ਵੀ ਕਰੀ ਪਰ ਮਨ ਦੇ ਵਿਚੋਂ 'ਮੈਂ' ਭਾਵ ਹਟ ਨਾ ਸਕਿਆ, ਹਉਮੈ ਦਾ ਨਾਸ਼ ਨਾ ਹੋ ਸਕਿਆ। ਹਉਮੈ ਦਾ ਨਾਸ਼ ਹੋਏ ਤੋਂ ਬਿਨਾਂ ਗਿਆਨ ਨਹੀਂ ਹੋ ਸਕਿਆ ਕਰਦਾ, ਜੇ ਗਿਆਨ ਨਾ ਹੋਵੇ ਤਾਂ ਮੁਕਤੀ ਨਹੀਂ ਹੋਇਆ ਕਰਦੀ, ਉਹ ਦਰ ਲੱਭਦਾ ਨਹੀਂ ਜਿਥੇ ਅਸੀਂ ਜਾਣਾ ਹੈ। ਇਹ ਪਛਤਾਵਾ ਹੈ –

***ਜੋ ਕਿਛੁ ਕਰਹਿ ਸੋਈ ਅਬ ਸਾਰੁ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਪੰਨਾ – 1159***

ਇਹ ਬਹੁਤ ਵਧੀਆ ਚੀਜ਼ ਹੈ, ਛੋਟਾ ਜਿਹਾ ਉਪਦੇਸ਼ ਹੈ ਕਿ ਜੋ ਕਰਨਾ ਹੈ, ਹੁਣੇ ਕਰ ਲੈ –

***ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਪੰਨਾ – 1159***

ਵਿਚਾਰ ਕਰ ਲੈ, ਇਹ ਜਨਮ ਐਵੇਂ ਹੀ ਲੰਘ ਜਾਣਾ ਹੈ। ਅਗਲੇ 'ਚ ਕਿੰਨਾ ਸਮਾਂ ਲਗਦਾ ਹੈ। ਉਹ ਤਾਂ ਕੋਈ ਕੋਈ ਭਾਗਾਂ ਵਾਲਾ ਹੈ ਜਿਸਨੂੰ ਛੇਤੀ ਹੀ ਕੋਈ ਪੂਰਨ ਮਹਾਤਮਾ ਮਿਲ ਜਾਏ। ਅਗਲਾ ਜਨਮ ਆ ਗਿਆ ਖਬਰੇ ਕਿਸੇ ਪਖੰਡੀ ਦੇ ਹੀ ਪਿਛੇ ਲਗ ਤੁਰੀਏ, ਅਸਲੀ ਰਾਹ ਤੇ ਹੀ ਨਾ ਪਏ। ਸਾਰੀਆਂ ਗੱਲਾਂ ਜਾਣਦਾ ਹੈ, ਸਮਝਦਾ ਹੈ।

ਹੱਥ ਵਿਚ ਦੀਵਾ ਲਿਆ ਹੋਇਆ ਹੈ, ਰੋਸ਼ਨੀ ਹੈ, ਖੂਹ ਸਾਮ੍ਹਣੇ ਆ ਜਾਵੇ ਤਾਂ ਖੂਹ ਦੇ ਵਿਚ ਗਿਰ ਜਾਂਦਾ ਹੈ। ਹੁਣ ਸਾਡਾ ਸਮਾਂ 24 ਘੰਟੇ ਦਾ ਦਿਨ ਰਾਤ ਦਾ ਹੁੰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

***ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ***
***ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥***
***ਪੰਨਾ – 540***

ਕੀ ਪਤਾ ਸਾਹ ਨੇ ਕਿਹੜੇ ਵੇਲੇ ਨਿਕਲ ਜਾਣਾ ਹੈ ਤੇ ਨਾਮ ਜਪਣ ਵਾਸਤੇ ਆਏ ਹਾਂ ਅਸੀਂ। ਮਹਾਰਾਜ ਤਾਂ ਕਹਿੰਦੇ ਨੇ –

***ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥***
***ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥***
***ਪੰਨਾ – 1382***



Sri Satguru Jagjit Singh Ji eLibrary NamdhariElibrary@gmail.com

ਏਸ ਜੀਵ ਨੇ ਮਾਤਾ ਦੇ ਪੇਟ 'ਚ ਕਿਹਾ ਸੀ ਕਿ ਹੁਣ ਮੈਂ 24 ਘੰਟੇ ਤੇਰਾ ਨਾਮ ਜਪਾਂਗਾ। ਕਹਿੰਦੇ ਕਿ 24 ਘੰਟੇ ਨਾ ਤੂੰ ਜਪਣਾ ਹੈ ਤੇ ਨਾ ਜਪ ਸਕੇਂ, ਚਲੋ ਮੈਂ ਤੇਰਾ ਢਾਈ ਘੰਟੇ ਹੀ ਪ੍ਰਵਾਨ ਕਰ ਲਵਾਂਗਾ। ਹੁਣ ਅਸੀਂ ਤਾਂ ਬੜੇ ਖੁਸ਼ ਹੋ ਗਏ ਕਿ ਸਾਨੂੰ ਤਾਂ ਸਾਢੇ ਇਕੀ ਘੰਟੇ ਦੀ ਛੋਟ ਮਿਲ ਗਈ। ਇਕੀ ਘੰਟੇ ਅਸੀਂ ਸੌਂ ਸਕਦੇ ਹਾਂ, ਰੋਟੀਆਂ ਖਾ ਸਕਦੇ ਹਾਂ, ਬਾਲ ਬੱਚਿਆਂ ਨੂੰ ਪਾਲ ਸਕਦੇ ਹਾਂ, ਨੌਕਰੀਆਂ ਕਰ ਸਕਦੇ ਹਾਂ, ਸਭ ਕੁਝ ਕਰ ਸਕਦੇ ਹਾਂ। ਅੱਗੇ ਵਾਲੀ ਗੱਲ ਦਾ ਨਹੀਂ ਪਤਾ ਕਿ ਅਗਲੀ ਗੱਲ ਕੀ ਕਹਿ ਗਏ। ਹੁਣ ਢਾਈ ਘੰਟੇ ਜੇ ਆਦਮੀ ਦੀ ਬਿਰਤੀ ਲੱਗ ਜਾਵੇ, ਮਨ ਆਪਣੇ ਟੀਟਣੇ ਮਾਰਨ ਤੋਂ ਹਟ ਜਾਵੇ ਤੇ ਨਾਮ ਦੇ ਵਿਚ ਰੱਤਿਆ ਜਾਵੇ ਫੇਰ ਇਹ ਗੱਲ ਬਣਦੀ ਹੈ, ਢਾਈ ਘੰਟੇ ਨਾਮ ਜਪਣਾ ਹੈ। ਇਉਂ ਨਹੀਂ ਕਿ ਤਿਆਰੀ ਕਰ ਲਈ ਤੇ ਮਨ ਔਹ ਗਿਆ, ਓਧਰ ਛਾਲ ਮਾਰੀ, ਓਧਰ ਮਾਰੀ। ਰੋਜ਼ ਦਾ ਹੀ ਕੰਮ ਹੈ ਇਹ ਪਰ ਢਾਈ ਘੰਟੇ ਜਦੋਂ ਨਾਮ ਜਪਦਾ ਹੈ ਇਹ, ਇਸ ਦੇ ਅੰਦਰ ਐਨੀ ਖਿੱਚ ਪੈਦਾ ਹੋ ਜਾਂਦੀ ਹੈ ਕਿ ਢਾਈ ਕੀ, ਤਿੰਨ ਚਾਰ ਪੰਜ ਛੇ ਘੰਟੇ, ਕੋਈ ਸਮਾਂ ਵਿਹਲਾ ਜਾਣ ਹੀ ਨਹੀਂ ਦਿੰਦਾ ਕਿਉਂਕਿ ਲਗਨ ਲਗ ਜਾਂਦੀ ਹੈ, ਖਿੱਚ ਪੈ ਜਾਂਦੀ ਹੈ ਅੰਦਰ। ਜਦੋਂ ਖਿੱਚ ਪੈ ਜਾਵੇ ਫੇਰ ਕੋਈ ਗੱਲ ਬਣਿਆ ਕਰਦੀ ਹੈ। ਫੇਰ ਐਸੀ ਵੀ ਅਵਸਥਾ ਆ ਜਾਂਦੀ ਹੈ ਕਿ ਆਦਮੀ 24 ਘੰਟੇ ਵੀ ਨਾਮ ਜਪ ਸਕਦਾ ਹੈ। ਮੈਂ ਇਕ ਟੇਪ ਸੁਣਦਾ ਸੀ ਕਿਸੇ ਮਹਾਂਪੁਰਸ਼ ਦੀ। ਉਨ੍ਹਾਂ ਨੇ ਕਿਹਾ ਕਿ 24 ਘੰਟੇ ਕਿਵੇਂ ਨਾਮ ਜਪ ਸਕਦਾ ਹੈ? ਮੈਂ ਚੁੱਪ ਕਰ ਗਿਆ ਦੇਖ ਕੇ। ਮੈਂ ਕਿਹਾ ਐਵੇਂ ਹੀ ਗੱਲ ਹੈ, ਏਸ ਤਰ੍ਹਾਂ ਨਹੀਂ ਹੈ। ਚੌਵੀ ਘੰਟੇ ਨਾਮ ਵਾਸਤੇ ਮਿਹਨਤ ਬਹੁਤ ਕਰਨੀ ਪੈਂਦੀ ਹੈ। ਸਰੀਰ ਸੌਂ ਜਾਂਦਾ ਹੈ ਪਰ ਨਾਮ ਦੀ ਲਿਵ ਨਹੀਂ ਟੁੱਟਿਆ ਕਰਦੀ ਕਿਉਂਕਿ ਜਦੋਂ ਵੀ ਨਾਮ ਦੀ ਲਿਵ ਟੁੱਟ ਗਈ ਤਾਂ ਮੌਤ ਆ ਜਾਂਦੀ ਹੈ ਓਸ ਵੇਲੇ। ਜੇ ਜਾਪ ਲਗਾਤਾਰ 24 ਘੰਟੇ ਚਲਦਾ ਰਹੇ ਤਾਂ ਜ਼ਿੰਦਗੀ 'ਚ ਰਹਿੰਦਾ ਹੈ। ਸੋ ਇਹ ਲਗਨ ਪੈਦਾ ਹੋਣੀ ਚਾਹੀਦੀ ਹੈ। ਗੱਲ ਤਾਂ ਅਸੀਂ ਸਮਝਦੇ ਹਾਂ, ਅਣਜਾਣ ਤਾਂ ਹੈ ਨਹੀਂ, ਕਿੰਨੀ ਕਿੰਨੀ ਦੇਰ ਹੋ ਗਈ ਸਤਿਸੰਗ ਵਿਚ ਆਉਂਦਿਆਂ ਨੂੰ ਸਾਨੂੰ, ਉਹ ਪੌੜੀਆਂ ਨਹੀਂ ਚੜ੍ਹ ਹੁੰਦੀਆਂ – ਛੇ ਪੌੜੀਆਂ ਹੀ – ਧਰਮ ਖੰਡ – ਗਿਆਨ-ਖੰਡ, ਸਰਮ-ਖੰਡ, ਕਰਮ ਖੰਡ ਤੇ ਸੱਚ ਖੰਡ। ਐਨਾ ਕੁ ਰਾਹ ਹੈ ਸਾਰਾ ਹੀ, ਜੇ ਤੁਹਾਡਾ ਕਿਸੇ ਸੰਤ ਨਾਲ ਮਿਲਾਪ ਹੋ ਗਿਆ – ਜ਼ਿੰਦਗੀ ਵਿਚ ਫੇਰ ਤਾਂ ਲੰਘ ਜਾਂਦੇ ਹਾਂ। ਜੇ ਮਿਲਾਪ ਨਹੀਂ ਹੋਇਆ ਫੇਰ ਨਹੀਂ ਲੰਘਦਾ। ਇਸ ਦੇ ਵਿਚ ਵੀ ਟੁੱਟਵਾਂ ਪਿਆਰ ਨਹੀਂ ਹੈ। ਇਹ ਨਹੀਂ ਹੈ ਕਿ ਮਹਾਤਮਾ ਸਾਰੇ ਇਕੋ ਹੀ ਹੁੰਦੇ ਨੇ। ਇਹ ਔਖੀ ਹੈ ਗੱਲ ਜਿਵੇਂ ਪਤੀਵਰਤਾ ਇਸਤਰੀ ਹੁੰਦੀ ਹੈ ਨਾ, ਇਕੋ ਹੀ ਪਤੀ ਹੁੰਦਾ ਹੈ ਉਸ ਦਾ, ਬਹੁਤੇ ਨਹੀਂ ਹੋਇਆ ਕਰਦੇ। ਬਹੁਤਿਆਂ ਦੇ ਨਾਲ ਕਿਉਂ ਨਹੀਂ ਹੁੰਦੇ, ਉਨ੍ਹਾਂ ਦੇ ਸਿਖਾਉਣ ਦੇ ਢੰਗ ਅੱਡ ਅੱਡ ਹੁੰਦੇ ਹਨ। ਇਕ ਤਾਂ ਹੈ ਜਿਹੜਾ ਤੁਹਾਨੂੰ ਹੇਠਾਂ ਤੋਂ ਚਲਾ ਲੈਂਦਾ ਹੈ ਕਿ ਮੂਲਧਾਰ ਚੱਕਰ ਤੋਂ ਸ਼ੁਰੂ ਕਰੋ, ਪ੍ਰਾਣਾਯਾਮ ਤੋਂ ਸ਼ੁਰੂ ਕਰੋ। ਹੌਲੀ ਹੌਲੀ ਅੱਗੇ ਲੰਘਾਉਂਦਾ ਹੈ। ਦੂਜੇ ਸੰਤ ਕੋਲ ਗਏ ਉਸ ਨੇ ਕਹਿਣਾ ਹੈ ਕਿ ਨਹੀਂ ਨਹੀਂ, ਇਥੋਂ ਸ਼ੁਰੂ ਕਰੋ, ਏਸ ਥਾਂ ਤੋਂ। ਹੁਣ ਪਹਿਲੇ ਤੋਂ ਵੀ ਸੁਣ ਲਿਆ ਤੇ ਕਿਹਾ ਕਿ ਸੰਤ ਤਾਂ ਇਕੋ ਹੀ ਨੇ। ਹੁਣ ਕਿਹੜੇ ਦੀ ਗੱਲ ਮੰਨੋਗੇ? ਤੀਸਰੇ ਨੇ ਕਿਹਾ ਕਿ ਤੂੰ ਇਨ੍ਹਾਂ ਚੱਕਰਾਂ ਵਿਚ ਨਾ ਪੈ, ਜੀਭ ਦੇ ਨਾਲ ਵਾਹਿਗੁਰੂ ਵਾਹਿਗੁਰੂ ਕਰੀ ਜਾਹ, ਵਾਹਿਗੁਰੂ ਦਾ ਧਿਆਨ ਰੱਖ। ਚੌਥੇ ਨੇ ਕਿਹਾ ਕਿ ਤੈਨੂੰ ਇਸ ਤੋਂ ਵੀ ਸੁਖਾਲਾ ਦੱਸ ਦਿੰਦੇ ਹਾਂ ਰਸਤਾ ਪਰ ਨਿਸ਼ਚੇ 'ਚ ਹੋਵੇ ਤੇਰੇ ਗੱਲ ਤਾਂ ਹੈ। ਉਹ ਕਹਿੰਦੇ ਗਿਆਨੀ ਨਾ ਬਣੀਂ ਤੂੰ, ਭਗਤ ਰਹੀਂ। ਗਿਆਨੀ ਬਣਨਾ ਔਖਾ ਹੈ। ਗਿਆਨ ਜਿਹੜਾ ਹੈ ਉਹ ਤਾਂ ਬਹੁਤ ਉਚ ਅਵਸਥਾ ਤੇ ਮਾਫਕ ਹੈ, ਨੀਵੇਂ ਪੱਧਰ ਤੇ ਨਹੀਂ। ਨੀਵੇਂ ਪੱਧਰ ਤੇ ਨਾਸਤਕ ਹੋ ਜਾਂਦਾ ਹੈ ਆਦਮੀ।

ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ, ਰਾੜਾ ਸਾਹਿਬ

ਇਕ ਮਹਾਤਮਾ ਦੇ ਕੋਲ ਇਕ ਪ੍ਰੇਮੀ ਆ ਗਿਆ। ਉਹ ਕਹਿੰਦਾ ਕਿ ਮੈਂ ਭਜਨ ਕਰਨਾ ਹੈ ਤੇ ਛੇ ਮਹੀਨੇ ਵਾਸਤੇ ਮੈਨੂੰ ਕੋਈ ਥਾਂ ਦੇ ਦਿਓ। ਉਹ ਕਹਿੰਦੇ ਕਿ ਆਹ ਭੋਰਾ ਹੈ, ਭੋਰੇ 'ਚ ਵੜ ਜਾ। ਉਹ ਕਹਿੰਦਾ ਕਿ ਧਿਆਨ ਕਿਸ ਦਾ ਧਰਾਂ? ਮਹਾਤਮਾ ਕਹਿੰਦੇ ਕਿ ਗੁਰੂ ਨਾਨਕ ਸਾਹਿਬ ਦਾ ਧਰ ਲੈ। ਦੋ ਤਿੰਨ ਘੰਟੇ ਬਾਅਦ ਕਹਿੰਦਾ ਜੀ! ਉਹ ਤਾਂ ਮੇਰੇ ਆ ਨਹੀਂ ਰਿਹਾ ਧਿਆਨ ਵਿਚ। ਹੋਰ ਕਰ ਲੈ, ਹੋਰ ਕੋਸ਼ਿਸ਼ ਕਰ ਲੈ, ਬਥੇਰਾ ਮਹਾਤਮਾ ਨੇ ਕਿਹਾ। ਅਖੀਰ ਮਹਾਤਮਾ ਨੇ ਕਿਹਾ ਕਿ ਸੱਚੇ ਮਨੋ ਦੱਸ, ਤੈਨੂੰ ਕਿਹੜੀ ਚੀਜ਼ ਦੁਨੀਆਂ 'ਚ ਪਿਆਰੀ ਹੈ? ਉਹ ਕਹਿਣ ਲੱਗਿਆ ਕਿ ਮੇਰੀ ਮੱਝ। ਕਹਿੰਦੇ ਫੇਰ ਮੱਝ ਦਾ ਹੀ ਧਿਆਨ ਧਰ ਲੈ। ਉਹ ਮੱਝ ਦੇ ਧਿਆਨ ਵਿਚ ਬਹਿ ਗਿਆ



Sri Satguru Jagjit Singh Ji eLibrary NamdhariElibrary@gmail.com

ਛੇ ਮਹੀਨੇ। ਛੇ ਮਹੀਨੇ ਬਾਅਦ ਮਹਾਤਮਾ ਨੇ ਕਿਹਾ ਕਿ ਬਾਹਰ ਨਿਕਲ ਭੋਰੇ 'ਚੋਂ। ਬਾਹਰ ਨਾ ਨਿਕਲੇ, ਦਰਵਾਜ਼ੇ ਕੋਲ ਆ ਕੇ ਖੜ੍ਹ ਜਾਵੇ। ਉਹ ਕਹਿੰਦੇ ਕਿ ਕੀ ਗੱਲ, ਬਾਹਰ ਕਿਉਂ ਨਹੀਂ ਨਿਕਲਦਾ? ਕਹਿੰਦਾ ਜੀ ਨਿਕਲ ਤਾਂ ਜਾਵਾਂ ਪਰ ਮੇਰੇ ਸਿੰਗ ਐਨੇ ਵਧ ਗਏ ਕਿ ਦਰਵਾਜੇ 'ਚੋਂ ਨਿਕਲਦੇ ਨਹੀਂ, ਫਸਦੇ ਨੇ।

ਸੋ ਇਹ ਧਿਆਨ ਦੀ ਬਾਤ ਹੈ। ਮਹਾਤਮਾ ਦੀਆਂ ਪ੍ਰਤਿਆਈਆਂ ਹੋਈਆਂ, ਅਜ਼ਮਾਈਆਂ ਹੋਈਆਂ ਬਾਤਾਂ ਨੇ – ਦੁਨੀਆਂ ਨੂੰ ਸਿਖਿਆ ਦੇਣ ਵਾਸਤੇ ਕਿ ਤੁਸੀਂ ਇਕ ਗੱਲ ਦੇ ਉਤੇ ਨਿਸਚਾ ਲਿਆਓ, ਬਹੁਤੇ ਲੰਮੇ ਚੌੜੇ ਚੱਕਰਾਂ ਵਿਚ ਨਾ ਪਓ। ਸਮਾਂ ਆਪਣੇ ਕੋਲ ਹੈ ਬਹੁਤ ਥੋੜ੍ਹਾ, ਜੋ ਮਹਾਤਮਾ ਗੱਲ ਕਹਿੰਦਾ ਹੈ ਉਹ ਮੰਨ ਲਓ। ਉਹ ਕਹਿੰਦੇ ਕਿ ਤੂੰ ਜੀਭ ਨਾਲ ਤਾਂ ਕਰਿਆ ਕਰ ਵਾਹਿਗੁਰੂ ਵਾਹਿਗੁਰੂ। ਜੀਭ ਫੇਰ ਆਪੇ ਅੱਗੇ ਤਰੱਕੀ ਕਰਦੀ ਹੈ। ਇਹ ਇਕ ਲਾਉਣ ਦੀ ਗੱਲ ਹੁੰਦੀ ਹੈ। ਉਸ ਤੋਂ ਅੱਗੇ ਫੇਰ ਆਪਣੇ ਆਪ ਤਰੱਕੀ ਹੈ ਏਸ ਦੀ ਤੇ ਧਿਆਨ ਧਰਿਆ ਕਰ ਤੂੰ ਆਪਣੇ ਗੁਰੂ ਦਾ।

ਮਹਾਰਾਜ ਜੀ ਨੇ ਮੈਨੂੰ ਇਕ ਗੱਲ ਕਹੀ ਸੀ, ਛੋਟੀ ਉਮਰ ਦਾ ਸੀ ਸਤਾਰਾਂ ਸਾਲ ਦਾ ਹੋਵਾਂਗਾ ਮੈਂ। ਮਹਾਰਾਜ ਜੀ ਧੁਰੋਂ ਆਏ ਹੋਏ ਸੀ, ਕਦੇ ਕਦੇ ਇਹੋ ਜਿਹਾ ਮਹਾਤਮਾ ਆਉਂਦਾ ਹੈ, ਸਦਾ ਨਹੀਂ ਆਉਂਦਾ ਹੁੰਦਾ, ਕਾਫੀ ਕਾਫੀ ਦੇਰ ਬਾਅਦ ਨਾਗਾ, ਠਹਿਰਾਓ ਪਾ ਕੇ ਆਉਂਦਾ ਹੈ ਕਿਉਂਕਿ 74 ਜਾਮੇ ਗੁਰੂ ਜੋਤ ਨੇ ਸੰਤ ਦੇ ਸਰੀਰ ਵਿਚ ਲੈਣੇ ਨੇ। ਉਹ ਫੇਰ ਆਪਣੇ ਸਮੇਂ ਨਾਲ ਆਉਂਦੇ ਨੇ। ਉਨ੍ਹਾਂ ਕੋਲ ਸਾਰਾ ਗਿਆਨ ਹੁੰਦਾ ਹੈ, ਪੂਰਨ ਪੁਰਸ਼ ਹੁੰਦੇ ਨੇ ਉਹ। ਸੋ ਸੁਰਖਿਅਤ ਹੈ ਉਥੇ ਰੂਹਾਨੀ ਸਫਰ ਕਰਨਾ। ਛੋਟੀ ਉਮਰ ਸੀ ਮਹਾਰਾਜ ਜੀ ਦੀ, 30 ਸਾਲ ਦਾ ਸਰੀਰ ਸੀ ਉਨ੍ਹਾਂ ਦਾ, ਬਾਰਾਂ ਤੇਰਾ ਸਾਲ ਦਾ ਮੇਰਾ ਫਰਕ ਸੀ। ਜਦੋਂ ਗੱਲ ਬਾਤ ਹੋ ਹਟੀ ਤੇ ਉਨ੍ਹਾਂ ਨੇ ਇਹ ਬਚਨ ਕਰ ਦਿੱਤਾ ਕਿ ਇਕ ਸੁਹਾਗਣ ਨੂੰ ਸੁਹਾਗਣ ਮਿਲੀ ਹੈ, ਅਗੇ ਰੰਡੀਆਂ ਨਾਲ ਹੀ ਸਾਡਾ ਵਾਹ ਪਿਆ ਹੈ। ਮੈਂ ਤਾਂ ਸਕੂਲੋਂ ਗਿਆ ਸੀ ਪੜ੍ਹਨ ਵਾਲਾ...., ਸਤਾਰਾਂ ਸਾਲ ਦੇ ਮੁੰਡੇ ਇਥੇ ਖੜ੍ਹੇ ਕਰਕੇ ਦੇਖ ਲਓ ਕਿੱਡੇ ਕੁ ਹੁੰਦੇ ਨੇ। ਮੈਨੂੰ ਕਹਿੰਦੇ ਇਕ ਕਦਮ ਰਹਿ ਗਿਆ ਤੇਰਾ, ਇਸ ਨੂੰ ਪੁੱਟ ਲੈ। ਮੇਰੇ ਮਨ ਵਿਚ ਪੂਰਾ ਸ਼ੌਂਕ ਸੀ, ਬਹੁਤ ਸ਼ੌਂਕ ਸੀ, ਥੋੜ੍ਹਾ ਜਿਹਾ ਨਹੀਂ ਸੀ, ਕਮਲਪੁਣੇ ਤੱਕ ਗਿਆ ਹੋਇਆ ਸੀ ਕਿ ਸਾਰੀ ਰਾਤ ਹੀ ਜਾਗੀ ਜਾਣਾ, ਸਾਰਾ ਦਿਨ ਹੀ ਜਾਗੀ ਜਾਣਾ, ਕੀਰਤਨ ਹੀ ਕਰੀਂ ਜਾਣਾ, ਪਰਵਾਹ ਹੀ ਨਾ ਰੱਖਣੀ ਕਾਸੇ ਦੀ। ਫੇਰ ਮਹਾਰਾਜ ਜੀ ਇਕ ਦਿਨ ਕਹਿਣ ਲੱਗੇ ਕਿ ਆਪਣੇ ਪੁੱਤਰ ਨੂੰ ਕੋਈ ਅੱਗ ਵਿਚ ਸੁੱਟ ਸਕਦਾ ਹੈ? ਮੈਂ ਕਿਹਾ ਕਿ ਨਹੀਂ ਮਹਾਰਾਜ! ਪੁੱਤਰ ਜੇ ਅੱਗ 'ਚ ਹੋਵੇ ਤਾਂ ਪਿਓ ਨੱਠ ਕੇ ਜਾ ਕੇ ਛਾਲ ਮਾਰਦਾ ਹੈ, ਕੱਢਣ ਦਾ ਯਤਨ ਕਰਦਾ ਹੈ।

ਕਹਿੰਦੇ, "ਅਸੀਂ ਸੁੱਟ ਰਹੇ ਹਾਂ ਤੈਨੂੰ। ਸਾਡੇ ਹੁੰਦੇ ਹੁੰਦੇ ਕੱਟ ਲੈ, ਚਾਰ ਕਰਮ ਤੇਰੇ ਰਹਿੰਦੇ ਨੇ ਬਾਕੀ। ਉਨ੍ਹਾਂ ਨੂੰ ਜੇ ਤਾਂ ਜਿੱਤ ਗਿਆ ਤਾਂ ਜਿੱਤ ਗਿਆ, ਨਹੀਂ ਤਾਂ ਫੇਰ ਦੇਖ ਲੈ, ਤਿਆਰ ਪਿਆ ਹੈ ਜਨਮ, ਇਹ ਤਾਂ ਆਈ ਜਾਣੇ ਨੇ। ਬਹੁਤ ਉੱਚਾ ਵੀ ਪੈ ਜਾਂਦਾ ਹੈ, ਬਹੁਤ ਨੀਵਾਂ ਵੀ ਹੋ ਜਾਂਦਾ ਹੈ।"

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥***
***ਪੰਨਾ – 876***

ਹੁਣ ਗੁਰੂ ਅਮਰ ਦਾਸ ਜੀ ਨੂੰ ਕਿੰਨੀ ਉਮਰ ਦੇ ਵਿਚ ਜਾ ਕੇ ਰੋਸ਼ਨੀ ਆਈ, ਪਹਿਲਾਂ ਤੋਂ ਤਾਂ ਹੈ ਨਹੀਂ ਸੀ। ਜੇ ਆਈ ਹੁੰਦੀ ਤਾਂ ਬ੍ਰਹਮਚਾਰੀ ਨੂੰ ਜਵਾਬ ਦਿੰਦੇ। ਉਸ ਦੇ ਬਚਨ ਦੀ ਸੱਟ ਖਾਧੀ, ਉਨ੍ਹਾਂ ਨੇ ਜਵਾਬ ਤਾਂ ਦਿੱਤਾ ਨਾ। ਜਵਾਬ ਤਾਂ ਉਦੋਂ ਦਿੱਤਾ ਜਦੋਂ ਚਾਬੀ ਲਾ ਕੇ ਤਾਲਾ ਖੋਲ੍ਹ ਦਿੱਤਾ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ। ਜਨਮ ਦੇਖ ਲਓ ਸਾਰਾ ਹੀ ਲੰਘ ਚੱਲਿਆ ਸੀ। ਇਹ ਪਤਾ ਨਹੀਂ ਹੁੰਦਾ ਕਿ ਅਗਲਾ ਜਨਮ ਕਿਥੇ ਆ ਜਾਵੇ, ਕਿਹੋ ਜਿਹਾ ਵਾਤਾਵਰਨ ਮਿਲ ਜਾਵੇ, ਕਿਹੋ ਜਿਹੇ ਹਾਲਾਤ ਹੋ ਜਾਣ, ਭਜਨ ਕਰਨ ਨੂੰ ਸਮਾਂ ਮਿਲੇ ਜਾਂ ਨਾ ਮਿਲੇ, ਕਿਹੋ ਜਿਹੇ ਘਰ ਵਿਚ ਆ ਜਾਈਏ, ਲੜਾਈ ਝਗੜਾ ਹੀ ਗਲ ਪਿਆ ਰਹੇ। ਮਹਾਰਾਜ ਜੀ ਕਹਿੰਦੇ ਕਿ ਜੋ ਕੁਝ ਤੂੰ ਕਰਨਾ ਹੈ –

***ਜੋ ਕਿਛੁ ਕਰਹਿ ਸੋਈ ਅਬ ਸਾਰੁ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਪੰਨਾ – 1159***

ਹੁਣ ਕਰ ਲੈ, ਫੇਰ ਵਾਰ ਵਾਰ ਨਾ ਗਿਣ, ਅਗਲਾ ਜਨਮ ਕਿਸ ਨੇ ਦੇਖਿਆ ਹੈ, ਕਿਥੇ ਆਉਣਾ ਹੈ, ਕਿਹੋ ਜਿਹਾ ਆਉਣਾ ਹੈ ਵਾਹਿਗੁਰੂ ਜਾਣੇ। ਵੱਡੇ ਵੱਡੇ ਬੰਦੇ ਦੇਖੇ ਨੇ ਛੋਟੇ ਤੋਂ ਛੋਟੇ ਘਰ ਵਿਚ ਆਏ ਹੋਏ। ਜੜ੍ਹ-ਭਗਤ ਇਕ ਬਹੁਤ ਵੱਡਾ ਰਿਸ਼ੀ ਹੋਇਆ ਹੈ। ਗਿਆਨਵਾਨ ਸੀ ਪੂਰਨ, ਵੱਡੇ ਵੱਡੇ ਰਾਜੇ, ਵਿਦਵਾਨ ਉਸ ਤੋਂ ਉਪਦੇਸ਼ ਲੈਂਦੇ ਹੁੰਦੇ। ਇਕ ਵਾਰੀ ਹਿਰਨਾਂ ਦੀ ਡਾਰ ਦੇ ਪਿਛੇ ਸ਼ੇਰ ਪਿਆ ਹੋਇਆ ਸੀ, ਉਹ ਅੱਗੇ ਅੱਗੇ ਨੱਠੇ ਤੇ ਇਕ ਹਿਰਨ ਦਾ ਬੱਚਾ ਸਰਕੜਿਆਂ ਵਿਚ ਲੁਕਿਆ ਰਹਿ ਗਿਆ। ਸ਼ੇਰ ਨੂੰ ਪਤਾ ਨਾ ਲੱਗਿਆ, ਉਹ ਅੱਗੇ ਲੰਘ ਗਿਆ। ਇਹ ਜਦੋਂ ਗਏ ਉਹ ਬੱਚਾ ਵਿਚੋਂ ਨਿਕਲ ਕੇ ਸਰਕੜਿਆਂ ਤੋਂ ਇਨ੍ਹਾਂ ਦੇ ਕੋਲ ਆ ਗਿਆ। ਇਨ੍ਹਾਂ ਨੇ ਉਸ ਨੂੰ ਆਸ਼ਰਮ ਲੈ ਆਂਦਾ ਤੇ ਦੁੱਧ ਵਗੈਰਾ ਪਿਲਾਇਆ। ਉਸ ਨੇ ਐਨਾ ਪਿਆਰ ਪਾ ਲਿਆ ਕਿ ਨਾਲ ਹੀ ਰਹਿਣ ਲੱਗ ਗਿਆ। ਬਾਹਰ ਉਹ ਪਿਆ ਹੀ ਨਾ ਕਰੇ, ਜਿਥੇ ਉਹ ਪੈਣ ਉਥੇ ਹੀ ਉਹ ਪਿਆ ਕਰੇ। ਪਸ਼ੂਆਂ ਦਾ ਵੀ ਆਪਣਾ ਜੀਵਨ ਹੈ। ਐਵੇਂ ਵੀ ਅਸੀਂ ਉਸ ਨੂੰ ਪਸ਼ੂ ਕਰਕੇ ਛੱਡ ਦੇਈਏ, ਬੜਾ ਕੁਝ ਸਮਝਦੇ ਨੇ ਪਸ਼ੂ। ਹੌਲੀ ਹੌਲੀ ਜਦੋਂ ਉਹ ਜਵਾਨ ਹੋਇਆ ਤਾਂ ਹਿਰਨਾਂ ਦੀ ਡਾਰ ਆਈ ਤਾਂ ਉਨ੍ਹਾਂ ਦੇ ਨਾਲ ਚਲਿਆ ਗਿਆ। ਇਸ ਨੂੰ ਨਾ ਪਤਾ ਲੱਗਿਆ। ਇਹ ਉਸ ਦੇ ਖਿਆਲ ਵਿਚ ਹੀ ਰਹੇ ਕਿ ਸ਼ੇਰ ਖਾ ਗਿਆ ਹੋਏਗਾ, ਮੈਂ ਰਾਖੀ ਨਾ ਕਰ ਸਕਿਆ, ਨਾਲ ਲੈ ਜਾਣਾ ਸੀ। ਏਨੇ ਨੂੰ ਵਿਚਾਰੇ ਦਾ ਕਾਲ ਆ ਗਿਆ। ਹੁਣ ਸਾਰੀ ਜ਼ਿੰਦਗੀ ਤਾਂ ਉਸ ਨੇ ਬੰਦਗੀ ਕਰੀ, ਜੰਗਲ 'ਚ ਰਹਿ ਕੇ ਗੁਜ਼ਾਰਾ ਕਰਿਆ ਪਰ ਜੂਨ ਕਾਹਦੀ ਮਿਲੀ? ਹਿਰਨੀ ਦੇ ਪੇਟ 'ਚ ਚਲਿਆ ਗਿਆ, ਹਿਰਨ ਬਣ ਗਿਆ। ਪੂਰੀ ਜੂਨ ਹਿਰਨ ਦੀ ਕੱਟੀ, ਗਿਆਨ ਪੂਰਾ ਰਿਹਾ ਪਰ ਇਕ ਜਨਮ ਵਾਧੂ ਦਾ ਮਿਲ ਗਿਆ ਖਾਹ-ਮਖਾਹ – ਉਸ ਦੇ ਨਾਲ ਪਿਆਰ ਪਾਉਣ ਨਾਲ। ਅਗਲਾ ਜਨਮ ਆਇਆ, ਗਿਆਨ ਇਸ ਦਾ ਪੂਰਾ ਸੀ, ਉਸ ਨੇ ਬੋਲਣਾ ਹੀ ਬੰਦ ਕਰ


Sri Satguru Jagjit Singh Ji eLibrary NamdhariElibrary@gmail.com

ਦਿੱਤਾ। ਕਿਸੇ ਨਾਲ ਹਾਂ ਨਾ ਹੂੰ, ਰੋਟੀ ਦੇ ਦਿੱਤੀ ਤਾਂ ਖਾ ਲਈ, ਨਹੀਂ ਦਿੱਤੀ ਤਾਂ ਚੁੱਪ। ਘਰਦਿਆਂ ਨੇ ਘਰੋਂ ਕੱਢ ਦਿੱਤਾ, ਅਖੀਰ ਵੇਚ ਦਿੱਤਾ, ਬੜੀ ਲੰਮੀ ਕਹਾਣੀ ਹੈ। ਸੋ ਉਹ ਰਿਸ਼ੀ ਹੋਇਆ, ਲੰਘ ਜਾਣਾ ਸੀ ਉਸੇ ਜਨਮ ਵਿਚ ਪਰ ਉਸ ਹਿਰਨ ਦੇ ਬੱਚੇ ਕਾਰਨ ਰਹਿ ਗਿਆ। ਸੋ ਕੋਈ ਪਤਾ ਨਹੀਂ ਹੈ ਏਸ ਕਰਕੇ ਹੁਣੇ ਹੀ ਜਿਹੜੀ ਕੋਸ਼ਿਸ਼ ਹੋ ਜਾਵੇ, ਉਹ ਠੀਕ ਹੈ। ਬਾਕੀ ਜਿਹੜਾ ਅਸੀਂ ਕਹਿੰਦੇ ਹਾਂ –

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ।।***
***ਪੰਨਾ – 857***

ਇਹ ਵਿਚਾਰਨ ਦੀਆਂ ਗੱਲਾਂ ਨੇ ਸਾਰੀਆਂ। ਜੇ ਆਦਮੀ ਦਾ ਇਰਾਦਾ ਹੋ ਜਾਵੇ ਕਿ ਮੈਂ ਤਾਂ ਭਜਨ ਕਰਨਾ ਹੈ, ਮੇਰਾ ਤਾਂ ਵੇਲਾ ਬੀਤ ਗਿਆ। ਵੱਡੇ ਵੱਡੇ ਪਛਤਾਉਂਦੇ ਦੇਖੇ ਨੇ, ਸਾਧੂ ਸੰਤ ਵੀ ਰੋਂਦੇ ਦੇਖੇ ਨੇ, ਕਹਿੰਦੇ ਜਿਹੜਾ ਕੁਝ ਪ੍ਰਾਪਤ ਕਰਨਾ ਸੀ ਨਾ ਕਰ ਸਕੇ, ਖੁੰਝ ਗਏ, ਰਹਿ ਗਏ ਅਧੂਰੇ। ਮੁੜ ਫੇਰ ਜਨਮ 'ਚ ਆਓ। ਪਤਾ ਨਹੀਂ ਕਿੰਨੇ-ਕੁ ਜਨਮਾਂ ਤੋਂ ਬਾਅਦ ਕੋਈ ਪੂਰਾ ਸਾਧੂ ਮਿਲੇ ਜਾਂ ਨਾ ਮਿਲੇ, ਖਤਰੇ ਵਾਲਾ ਮਾਮਲਾ ਹੈ ਸਾਰਾ ਇਹ। ਸੋ ਗੁਰੂ ਦੇ ਨਾਲ ਜੇ ਪਿਆਰ ਪੈ ਜਾਵੇ, ਗੁਰੂ ਦੀ ਬਾਤ ਮੰਨ ਲਵੇ, ਬੰਦਗੀ ਕਰੇ, ਨਾਮ ਜਪੇ, ਫੇਰ ਗੁਰੂ ਕਿਰਪਾ ਕਰ ਦੇਵੇ। ਗੁਰੂ ਤੋਂ ਬਗੈਰ ਤਾਂ ਨਹੀਂ ਲੱਭਦੀ ਇਹ ਗੱਲ ਕਿਉਂਕਿ ਜਦੋਂ ਆਪਾਂ ਮੂਲਮੰਤਰ ਪੜ੍ਹਦੇ ਹਾਂ, ਦੁਨੀਆਂ 'ਚ ਇਕੋ ਹੀ ਗੁਰੂ ਹੈ, ਉਹ ਹੈ, 'ਅਜੂਨੀ ਸੈਭੰ ਗੁਰ ਪ੍ਰਸਾਦਿ॥' ਗੁਰੂ ਹੈ, ਨਾਲ ਕਿਰਪਾ ਕਰਦਾ ਹੈ ਉਹ, ਸਾਨੂੰ ਉਠਣਾ ਵੀ ਸਿਖਾਉਂਦਾ ਹੈ, ਬੈਠਣਾ ਵੀ ਸਿਖਾਉਂਦਾ ਹੈ, ਪੜ੍ਹਨਾ ਵੀ ਸਿਖਾਉਂਦਾ ਹੈ, ਨਾਮ ਜਪਣ ਦੀਆਂ ਜੁਗਤੀਆਂ ਵੀ ਦਸਦਾ ਹੈ ਕਿਉਂਕਿ ਗੁਰੂ ਹੈ ਤੇ ਗੁਰੂ ਵੀ 'ਪ੍ਰਸਾਦਿ' ਵਾਲਾ ਹੈ ਜਿਹੜਾ ਮਹਾਨ ਦਇਆਲੂ-ਕਿਰਪਾਲੂ ਹੈ –

***ਆਦਿ ਅੰਤ ਏਕੈ ਅਵਤਾਰਾ॥***
***ਸੋਈ ਗੁਰੂ ਸਮਝਹੁ ਹਮਾਰਾ॥ (ਚੌਪਈ)***

ਉਹ ਗੁਰੂ ਹੈ, ਉਸ ਦਾ ਕੰਮ ਹੁੰਦਾ ਹੈ ਸੰਭਾਲਣਾ। ਜੇ ਤਾਂ ਗੁਰੂ ਮਿਲ ਗਿਆ ਪੂਰਾ, ਉਸ ਦੇ ਨਾਲ ਪੈ ਗਿਆ ਪਿਆਰ, ਫੇਰ ਤਾਂ ਆਦਮੀ ਲੰਘ ਜਾਂਦਾ ਹੈ। ਹੁਣ ਸਾਨੂੰ ਹੁੰਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਵੀ ਗੁਰੂ ਮੰਨਦੇ ਹਾਂ। ਗੁਰੂ ਗ੍ਰੰਥ ਸਾਹਿਬ, ਗੁਰੂ ਦੇ ਅੱਗੇ ਵਾਲੀ ਗੱਲ ਮੈਂ ਜਿਹੜੀ ਕਰਦਾ ਹਾਂ, ਇਨ੍ਹਾਂ ਦੀ ਹੀ ਗੱਲ ਕਰਦਾ ਹਾਂ, ਜਿਹੜਾ ਕੁਝ ਇਹ ਕਹਿ ਰਹੇ ਨੇ। ਚਲੋ ਗੁਰਮੁਖ ਕਹਿ ਲਓ ਕਿ ਗੁਰਮੁਖ ਮਿਲ ਗਿਆ ਕੋਈ।

ਇਕ ਵਾਰੀ ਗੁਰੂ ਨਾਨਕ ਸਾਹਿਬ ਸੱਖਰ ਕੋਲ ਗਏ ਹੋਏ ਨੇ, ਉਥੇ ਇਕ ਪੀਰ ਹੈ ਜਲਾਲਦੀਨ। ਸਵੇਰ ਵੇਲੇ ਜਦੋਂ ਮਹਾਰਾਜ ਜੀ ਇਸ਼ਨਾਨ ਕਰ ਰਹੇ ਸੀ, 'ਜਪੁਜੀ ਸਾਹਿਬ' ਉਚੀ ਪੜ੍ਹ ਰਹੇ ਸਨ –

***ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥***
***ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥***
***ਪੰਨਾ – 2***

ਉਥੇ ਹੀ ਬੜੀ ਉਚੀ ਰੂਹਾਨੀਅਤ ਦੀ ਅਵਸਥਾ ਦਾ ਇਕ ਜਗਿਆਸੂ ਸੀ। ਉਸ ਨੇ ਧਿਆਨ ਨਾਲ ਸੁਣ ਕੇ ਕੰਠ ਕਰ ਲਿਆ ਕਿ ਇਸ ਦਾ ਅਰਥ ਮੈਂ ਜਾ ਕੇ ਆਪਣੇ ਪੀਰ ਜੀ ਤੋਂ ਪੁਛਾਂਗਾ। ਪੀਰ ਜੀ ਕੋਲ ਜਦੋਂ ਜਾ ਕੇ ਉਸ ਨੇ ਗੱਲ ਕਰੀ ਕਿ ਇਕ ਫਕੀਰ ਦਰਿਆ ਸੱਖਰ ਦੇ, ਸਿੰਧ ਦੇ ਕੰਢੇ ਤੇ ਨਹਾਉਂਦਾ ਸੀ, ਉਹ ਇਹ ਬਚਨ ਕਹਿੰਦਾ ਸੀ ਪਰ ਮੇਰੀ ਸਮਝ 'ਚ ਨਹੀਂ ਆਏ ਕਿ ਗੁਰਮੁਖ ਕੀ ਹੋਇਆ? ਉਹ ਕਹਿੰਦਾ ਕਿ ਜਾਹ! ਫਕੀਰ ਨੂੰ ਲੈ ਕੇ ਆ। ਉਹ ਮੁਰੀਦ ਚਲਿਆ ਗਿਆ, ਜਾ ਕੇ ਬੇਨਤੀ ਕਰੀ ਤਾਂ ਮਹਾਰਾਜ ਜੀ ਕਹਿੰਦੇ, "ਚਲ ਭਾਈ।" ਉਸ ਦੇ ਤਕੀਏ 'ਚ ਆ ਗਏ, ਤਕੀਆ ਆਸ਼ਰਮ ਨੂੰ ਕਹਿੰਦੇ ਨੇ। ਉਥੇ ਆਇਆਂ ਨੂੰ ਉਸ ਨੇ ਬੇਨਤੀ ਕਰੀ ਕਿ ਮਹਾਰਾਜ! ਗੁਰਮੁਖਾਂ ਦਾ ਕੀ ਅਰਥ ਹੈ? ਮਹਾਰਾਜ ਜੀ ਕਹਿੰਦੇ ਕਿ ਦੇਖ ਭਾਈ! ਤੇਰੇ ਤਾਲਾ ਲੱਗਿਆ ਹੋਇਆ ਹੈ ਕਾਅਬੇ ਦਾ, ਇਸ ਦੀ ਚਾਬੀ ਕਾਅਬੇ ਵਾਲਿਆਂ ਕੋਲ ਹੀ ਹੈ। ਜਿਵੇਂ ਸਾਡੇ ਕੋਲ ਕੋਈ ਆਵੇ, ਕੋਈ ਇਸਲਾਮ ਨੂੰ ਮੰਨਣ ਵਾਲਾ ਹੋਵੇ, ਅਸੀਂ ਕਹਿ ਦੇਈਏ ਕਿ ਤੇਰੀ ਚਾਬੀ ਸਾਡੇ ਕੋਲ ਨਹੀਂ ਹੈ, ਇਹ ਤਾਂ ਤੁਹਾਡੇ ਹੀ ਕੋਲ ਹੈ। ਉਹ ਕਹਿੰਦੇ ਕਿ ਫੇਰ? ਮਹਾਰਾਜ ਜੀ ਕਹਿਣ ਲੱਗੇ ਕਿ ਜੇ ਤੂੰ ਦਰਸ਼ਨ ਕਰਨੇ ਨੇ ਤਾਂ ਹੁਣੇ ਹੀ ਚਲਿਆ ਜਾਹ। ਉਹ ਮੁੱਸਲੇ ਦੇ ਉਤੇ ਬੈਠਿਆ ਹੁੰਦਾ, ਉਸ ਦਾ ਆਸਣ ਦਰਿਆ ਤੇ ਇਉਂ ਘੁੰਮਦਾ ਸੀ ਜਿਵੇਂ ਕਿਸ਼ਤੀ ਘੁੰਮਦੀ ਹੈ। ਭਿੱਜਦਾ ਨਹੀਂ ਸੀ, ਉਤੇ ਰਹਿੰਦਾ ਸੀ ਖੁਸ਼ਕ। ਏਨੇ ਨੂੰ ਜਹਾਜ ਆਇਆ ਤਾਂ ਉਸ ਦੇ ਵਿਚ ਬੈਠ ਗਿਆ। ਬੈਠਾ ਹੋਇਆ ਤਾਂ ਅੱਗੇ ਸ਼ਾਮ ਪੈ ਗਈ। ਉਥੇ ਇਕ ਮੀਨਾਰ ਬਣਿਆ ਹੋਇਆ ਸੀ ਥੋੜ੍ਹਾ ਜਿਹਾ, ਟਾਪੂ ਆ ਗਿਆ ਨਿੱਕਾ ਜਿਹਾ, ਉਥੇ ਰਾਤ ਨੂੰ ਉਤਰ ਗਿਆ, ਉਤਰ ਕੇ ਮੀਨਾਰ ਦੇ ਅੰਦਰ ਚਲਿਆ ਗਿਆ, ਇਸ ਦੇ ਦੇਖਦੇ-ਦੇਖਦੇ ਵੀਹ ਸਾਧੂ ਹੋਰ ਆ ਗਏ। ਆਰਾਮ ਨਾਲ ਬੈਠ ਕੇ ਭਜਨ ਕਰਨ ਲੱਗ ਗਏ ਸਾਰੇ ਤੇ ਪ੍ਰਸ਼ਾਦੇ ਦੇ ਵੀਹ ਥਾਲ ਉਤਰ ਆਏ, ਇਹ ਇੱਕੀਵਾਂ ਸੀ, ਇਸ ਦਾ ਵੀ ਥਾਲ ਉਤਰ ਆਇਆ। ਦੂਜੇ ਦਿਨ ਉਹ ਤਾਂ ਸਵੇਰੇ ਹੀ ਚਲੇ ਗਏ ਤੇ ਇਸ ਨੂੰ ਪਤਾ ਨਾ ਲੱਗ ਸਕਿਆ ਕਿ ਕੌਣ ਨੇ ਤੇ ਕਿਥੋਂ ਆਏ ਨੇ? ਜਹਾਜ ਤਾਂ ਉਸ ਨੇ ਛੱਡ ਦਿੱਤਾ ਕਿ ਹੋਰ ਲੈ ਲਵਾਂਗੇ ਤੇ ਮੈਂ ਪਤਾ ਕਰਾਂ ਕਿ ਇਹ ਕੌਣ ਨੇ ਬੰਦੇ। ਜਦੋਂ ਸ਼ਾਮ ਹੋਈ ਉਸ ਵੇਲੇ ਉਹ ਫੇਰ ਆ ਗਏ। ਦਿਨ ਵਿਚ ਉਥੇ ਇਕ ਜਹਾਜ ਡੁੱਬ ਰਿਹਾ ਸੀ ਤੇ ਜਦੋਂ ਇਸ ਨੇ ਹਾਹਾਕਾਰ ਸੁਣੀ ਤਾਂ ਇਸ ਨੇ ਸੋਚਿਆ ਕਿ ਜਹਾਜ਼ ਨਹੀਂ ਡੁੱਬਣ ਦੇਣਾ ਚਾਹੀਦਾ। ਇਸ ਨੇ ਆਪਣੀ ਸ਼ਕਤੀ ਨਾਲ ਜਹਾਜ਼ ਡੁੱਬਣ ਤੋਂ ਰੋਕ ਦਿੱਤਾ। ਬੜਾ ਨੇਕ ਕੰਮ ਕਰਿਆ, ਆਪਾਂ ਸਾਰੇ ਹੀ ਕਹਾਂਗੇ ਕਿ ਇਸ ਤੋਂ ਨੇਕ ਕੰਮ ਕਿਹੜਾ ਹੈ ਕਿ ਜਹਾਜ਼ ਨਾ ਡੁੱਬਣ ਦਿੱਤਾ। ਰਾਤ ਨੂੰ ਜਦੋਂ ਪ੍ਰਸ਼ਾਦਾ ਆਇਆ ਤਾਂ ਇਸ ਦਾ ਨਹੀਂ ਆਇਆ, ਬਾਕੀ ਸਾਰਿਆਂ ਦਾ ਆ ਗਿਆ। ਅਗਲੇ ਦਿਨ ਉਹ ਚਲੇ ਗਏ ਤੇ ਇਹ ਸਮੁੰਦਰ ਦੇ ਕੰਢੇ ਬੈਠਾ ਸੀ। ਮੀਂਹ ਬਹੁਤ ਜੋਰ ਦੀ ਪੈਣ ਲੱਗ ਗਿਆ, ਧਰਤੀ ਤੇ ਤਾਂ ਥੋੜ੍ਹਾ ਜਿਹਾ ਪਵੇ ਤੇ ਸਮੁੰਦਰ ਵਿਚ ਬਹੁਤਾ ਹੀ ਪਵੇ।

ਇਹ ਕਹਿਣ ਲੱਗਿਆ ਕਿ ਹੇ ਅੱਲਾ ਤਾਲਾ! ਤੇਰੇ ਵੀ ਨਿਯਮ ਅਜੀਬ ਨੇ। ਆਹ ਧਰਤੀ ਸੁੱਕੀ ਪਈ ਹੈ, ਘਾਹ ਸੁੱਕਾ



Sri Satguru Jagjit Singh Ji eLibrary NamdhariElibrary@gmail.com

ਪਿਆ ਹੈ, ਇਥੇ ਤਾਂ ਮੀਂਹ ਪਾਉਂਦਾ ਨਹੀਂ ਤੇ ਪਾਣੀ ਵਿਚ ਪਾਈ ਜਾਂਦਾ ਹੈਂ। ਮੀਂਹ ਬੰਦ ਹੋ ਗਿਆ ਤੇ ਜਿਸ ਵਕਤ ਇਹ ਸ਼ਾਮ ਨੂੰ ਆਇਆ ਤਾਂ ਇਸ ਦਾ ਪ੍ਰਸ਼ਾਦਾ ਫੇਰ ਨਾ ਆਇਆ। ਤੀਸਰਾ ਦਿਨ ਆ ਗਿਆ ਪਰ ਉਨ੍ਹਾਂ ਨਾਲ ਇਸ ਦੀ ਗੱਲ ਕੋਈ ਨਾ ਹੋ ਸਕੀ। ਜਿਹੜੇ ਮੀਨਾਰ ਵਿਚ ਬੈਠ ਕੇ ਭਗਤੀ ਕਰਦੇ ਸਨ, ਉਸ ਨੂੰ ਤੇੜ ਆ ਗਈ ਤੇ ਇਸ ਨੇ ਸੋਚਿਆ ਕਿ ਇਹ ਗਿਰ ਜਾਏਗਾ। ਸੋ ਇਸ ਨੇ ਆਪਣੀ ਸ਼ਕਤੀ ਨਾਲ ਉਸ ਨੂੰ ਰੋਕ ਦਿੱਤਾ ਤਾਂ ਸ਼ਾਮ ਨੂੰ ਕਿਸੇ ਮਹਾਤਮਾ ਦਾ ਪ੍ਰਸ਼ਾਦਾ ਨਾ ਆਇਆ। ਵੱਡੇ ਮਹਾਂਪੁਰਸ਼ਾਂ ਨੂੰ ਪੁਛਿਆ ਕਿ ਮਹਾਰਾਜ! ਕੀ ਕਸੂਰ ਹੋ ਗਿਆ?"

ਉਹ ਵਾਪਸ ਆ ਗਿਆ। ਮਕਦੂਮ ਸੀ ਉਸ ਦਾ ਨਾਉਂ, ਜਲਾਲਦੀਨ ਵੀ ਕਹਿੰਦੇ ਨੇ। ਵਾਪਸ ਆ ਕੇ ਉਸ ਨੇ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਤੇ ਸਿਜਦਾ ਕੀਤਾ ਤੇ ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਸਮਝਾ ਦਿਓ।

ਮਹਾਰਾਜ ਜੀ ਕਹਿਣ ਲੱਗੇ ਕਿ ਦੇਖ ਪਿਆਰਿਆ, ਕੰਮ ਤਾਂ ਤੂੰ ਕਰੇ ਨੇਕੀ ਦੇ - ਜਹਾਜ਼ ਡੁੱਬਣ ਤੋਂ ਬਚਾਉਣਾ ਨੇਕੀ ਹੈ, ਮੀਨਾਰ ਗਿਰਨ ਤੋਂ ਬਚਾਉਣਾ ਨੇਕੀ ਹੈ ਪਰ ਤੂੰ ਇਹ ਕੰਮ ਸਾਰੇ 'ਹਉਂ' ਧਾਰ ਕੇ ਕਰੇ। ਜੇ ਤਾਂ ਤੂੰ ਅਰਦਾਸ ਕਰਦਾ ਵਾਹਿਗੁਰੂ ਕੋਲ, ਤੇਰੀ ਅਰਦਾਸ ਸੁਣੀ ਜਾਂਦੀ ਤਾਂ ਉਸ ਦੀ ਰਜ਼ਾਅ ਹੋਣੀ ਸੀ ਤੇ ਉਸ ਨੇ ਆਪਣੀ ਰਜ਼ਾਅ ਨਰਮ ਕਰ



ਤਾਂ ਮਹਾਂਪੁਰਸ਼ ਕਹਿਣ ਲੱਗੇ ਕਿ ਆਪਣੇ ਵਿਚ ਕੋਈ ਨਾਸਤਕ ਬੰਦਾ ਆ ਗਿਆ, ਮਨਮੁਖ ਬੰਦਾ ਆ ਗਿਆ। ਕੌਣ ਹੈ ਉਹ? ਕਹਿੰਦੇ ਜੀ! ਵੀਹ ਤਾਂ ਆਪਾਂ ਹਮੇਸ਼ਾ ਹੀ ਇਥੇ ਇਕੱਠੇ ਹੁੰਦੇ ਹਾਂ, ਆਹ ਇਕੀਵਾਂ ਬੰਦਾ ਆਇਆ ਹੈ। ਕਹਿੰਦੇ ਕਿ ਇਹ ਨਾਸਤਕ ਆ ਗਿਆ, ਇਹ ਪ੍ਰਮੇਸ਼ਰ ਦੇ ਉਤੇ ਭਰੋਸਾ ਨਾ ਰੱਖਣ ਵਾਲਾ ਬੰਦਾ ਹੈ। ਇਹ ਮਨਮੁਖ ਹੈ, ਗੁਰਮੁਖ ਨਹੀਂ ਹੈ। ਉਹ ਕਹਿੰਦੇ ਕਿ ਜਾਹ ਇਥੋਂ। ਉਹ ਭੇਜ ਦਿੱਤਾ। ਮੁੱਸਲਾ ਉਸ ਨੇ ਪਾਇਆ ਕਿ ਮੈਂ ਏਸ ਤੇ ਬੈਠ ਕੇ ਲੰਘ ਜਾਵਾਂਗਾ ਪਰ ਉਹ ਚਲਿਆ ਨਾ, ਸੌ ਕੁ ਗਜ਼ ਜਾ ਕੇ ਰੁਕ ਗਿਆ, ਨਾ ਏਧਰ ਆਵੇ, ਤੇ ਨਾ ਓਧਰ ਜਾਵੇ। ਉਸ ਮਹਾਤਮਾ ਨੇ ਆਵਾਜ਼ ਮਾਰੀ, ਕਹਿੰਦੇ ਜਿਸ ਨੇ ਤੈਨੂੰ ਭੇਜਿਆ ਹੈ ਉਸ ਦਾ ਧਿਆਨ ਧਰ, ਜਿਹੜੇ ਅਰਥ ਸਿੱਖਣ ਆਇਆ ਹੈਂ, ਉਹ ਤੈਨੂੰ ਦੱਸੇਗਾ।



ਲੈਣੀ ਸੀ ਪਰ ਤੂੰ ਤਾਂ ਆਪਣੀ ਤਾਕਤ ਵਰਤੀ। ਜਿਥੇ ਸਮੁੰਦਰ ਵਿਚ ਮੀਂਹ ਪੈਂਦਾ ਸੀ ਉਥੋਂ ਦੇ ਜੋ ਜੰਤੂ ਸਨ ਉਹ ਏਸ ਕਿਸਮ ਦੇ ਸਨ ਕਿ ਉਹ ਬਹੁਤੇ ਖਾਰੇ ਪਾਣੀ ਵਿਚ ਨਹੀਂ ਜੀਉਂਦੇ ਰਹਿ ਸਕਦੇ। ਉਨ੍ਹਾਂ ਦੀ ਜ਼ਿੰਦਗੀ ਵਾਸਤੇ ਮੀਂਹ ਪੈ ਰਿਹਾ ਸੀ ਉਹ ਤੂੰ ਬੰਦ ਕਰਾ ਦਿਤਾ। ਫੇਰ ਮੀਨਾਰ ਬਾਰੇ ਤੂੰ ਕਿਹਾ ਕਿ ਮੈਂ ਗਿਰਨ ਨਾ ਦੇਵਾਂ। ਉਸ ਦੇ ਵਿਚ ਤੇਰੀ ਹਉਂ ਨੇ ਕੰਮ ਕਰਿਆ।

ਸੋ ਹੁਣ ਸੰਤ ਕਹੋ, ਚਾਹੇ ਗੁਰਮੁਖ ਕਹੋ, ਉਹ ਹੈ ਜਿਹੜਾ ਵਾਹਿਗੁਰੂ ਦੀ ਰਜ਼ਾਅ ਵਿਚ ਚਲਦਾ ਹੈ, ਜਿਸ ਦੇ ਮਨ ਵਿਚ ਫੁਰਨਾ ਨਹੀਂ ਆਉਂਦਾ, ਰਜ਼ਾਅ ਨੂੰ ਮਿੱਠਾ ਕਰਕੇ ਮੰਨਦਾ ਹੈ ਕਿ ਚੰਗਾ, ਜੋ ਤੇਰੀ ਮਰਜ਼ੀ ਹੈ ਮਾਲਕਾ ਠੀਕ ਹੈ, ਜੋ ਭਾਣਾ ਵਰਤਾਅ ਰਿਹਾ ਹੈਂ ਠੀਕ ਹੈ। ਸੋ ਐਸੀ ਸਮਾਨ ਬਿਰਤੀ ਵਾਲਾ ਜੇ ਤਾਂ ਸਾਧੂ



Sri Satguru Jagjit Singh Ji eLibrary NamdhariElibrary@gmail.com

ਮਿਲ ਜਾਵੇ, ਫੇਰ ਤਾਂ ਆਦਮੀ ਰੂਹਾਨੀ ਤੌਰ ਤੇ ਚੜ੍ਹ ਜਾਇਆ ਕਰਦਾ ਹੈ, ਜੇ ਨਾ ਮਿਲੇ ਫੇਰ ਮੁਸ਼ਕਲ ਬਹੁਤ ਹੈ।

ਸੋ ਸਾਡੀ ਵਾਰੀ ਆਈ ਹੈ; ਵਾਰੀ ਕਾਹਦੀ? ਸਾਡੇ ਵਰਗਿਆਂ ਦੀ ਤਾਂ ਲੰਘਣ ਵਾਲੀ ਹੋ ਗਈ, ਅੱਜ ਗਈ-ਕੱਲ੍ਹ ਗਈ, ਵਾਰੀ ਖਤਮ ਹੈ ਪਰ ਫੇਰ ਅਫਸੋਸ ਹੁੰਦਾ ਹੈ ਕਿ ਵਾਹਿਗੁਰੂ ਦੇ ਦਰਸ਼ਨ ਕਰਨ ਆਏ ਸੀ, ਅਭੇਦ ਅਵਸਥਾ 'ਚ ਲੀਨ ਹੋਣ ਆਏ ਸੀ, ਕੀਰਤਨ ਵਖਿਆਨ ਕਰਕੇ ਹੀ ਦਿਨ ਕੱਟ ਲਏ, ਲੋਕਾਂ ਨੂੰ ਉਪਦੇਸ਼ ਦੇ ਕੇ ਹੀ ਦਿਨ ਕੱਟ ਲਏ, ਗੱਲ ਤਾਂ ਬਣੀ ਨਾ ਆਪ ਦੀ, ਉਥੇ ਦੇ ਉਥੇ ਹੀ ਰਹਿ ਗਏ। ਸਭ ਨੂੰ ਹੁੰਦਾ ਹੈ ਅਫਸੋਸ ਆਖਰੀ ਸਾਹ ਦੇ ਨਾਲ। ਸੋ ਇਹ ਤਾਂ ਹੈ ਪ੍ਰੇਮੀਓ! ਜੇ ਲਗਨ ਲੱਗ ਜਾਵੇ...., ਜੇ ਮੈਂ ਕਹਾਂ ਕਿ ਥੋੜ੍ਹੀ ਜਿਹੀ ਲੱਗ ਜਾਵੇ, ਉਹ ਤਾਂ ਐਵੇਂ ਹੀ ਦਿਲ ਪ੍ਰਚਾਵਾ ਹੈ, ਲਗਨ ਪੂਰੀ ਲਗਣੀ ਚਾਹੀਦੀ ਹੈ। ਲੱਗ ਜਾਂਦੀ ਹੈ, ਐਸੀ ਬਾਤ ਨਹੀਂ ਹੈ ਕਿ ਨਾ ਲੱਗੇ ਭਾਵੇਂ ਕਿੰਨੇ ਹੀ ਅਣ-ਸੁਖਾਵੇਂ ਹਾਲਾਤ ਕਿਉਂ ਨਾ ਹੋਣ –

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥***
***ਪੰਨਾ – 70***

ਵਾਹਿਗੁਰੂ ਜਦੋਂ ਵੱਲ ਹੋ ਗਿਆ, ਨਾਮ ਜਪਣ ਲੱਗ ਗਏ ਫੇਰ ਇਹ ਉਲਝਣਾਂ ਨਹੀਂ ਕਿਸੇ ਤਰ੍ਹਾਂ ਰਿਹਾ ਕਰਦੀਆਂ, ਨਾਮ 'ਚ ਹੀ ਬਿਰਤੀ ਰਹਿੰਦੀ ਹੈ। ਜਿੰਨਾਂ ਸਮਾਂ ਲੰਘ ਗਿਆ ਸੋ ਲੰਘ ਗਿਆ, ਉਹ ਤਾਂ ਹੁਣ ਹੱਥ ਵਿਚ ਨਹੀਂ ਆਉਂਦਾ –

***ਇਹ ਠਹਿਰਨ ਜਾਚ ਨ ਜਾਣਦਾ,***
***ਲੰਘ ਗਿਆ ਨ ਮੁੜ ਕੇ ਆਂਵਦਾ।***
***ਭਾਈ ਵੀਰ ਸਿੰਘ ਜੀ***

ਪਰ ਜਿਹੜਾ ਅਜੇ ਸਾਡੇ ਹੱਥ ਵਿਚ ਹੈ –

***ਹੋ! ਅਜੇ ਸੰਭਾਲ ਇਸ 'ਸਮੇਂ' ਨੂੰ,***
***ਕਰ ਸਫਲ ਉਡੰਦਾ ਜਾਂਵਦਾ। ਭਾਈ ਵੀਰ ਸਿੰਘ ਜੀ***

ਇਸ ਨੂੰ ਸੰਭਾਲ ਲੈ, ਕਹਿੰਦੇ ਉਡਦਾ ਜਾ ਰਿਹਾ ਹੈ ਹੱਥੋਂ ਨਿਕਲ ਕੇ, ਮੁੜ ਵਾਪਸ ਨਹੀਂ ਆਉਂਦਾ। ਇਸ ਨੂੰ ਸੰਭਾਲ ਲੈ ਬੱਸ! ਜਿਹੜੀਆਂ ਹੋਰ ਗੱਲਾਂ ਬਾਤਾਂ ਨੇ...., ਡਿਊਟੀ ਦੇਣ 'ਚ ਕੋਈ ਔਖਾ ਨਹੀਂ ਹੈ। ਡਿਊਟੀਆਂ ਵੀ ਦੇਵੋ, ਵਾਹਿਗੁਰੂ ਵਾਹਿਗੁਰੂ ਕਰੀ ਚੱਲੋ, ਕਾਰੋਬਾਰ ਕਰਦਿਆਂ ਕੋਈ ਔਖਾ ਨਹੀਂ ਹੈ, ਕੋਈ ਕੰਮ ਕਰਦਿਆਂ ਵੀ ਔਖਾ ਨਹੀਂ ਹੈ, ਬੱਸ ਇਰਾਦਾ ਨਹੀਂ ਬਣਦਾ ਕਿ ਭਜਨ ਕਰੀਏ।

ਕੀਰਤਨ ਹੋ ਰਿਹਾ ਸੀ, ਬੜਾ ਸੋਹਣਾ ਲਗ ਰਿਹਾ ਸੀ, ਰਸ ਆ ਰਿਹਾ ਸੀ, ਥੋੜ੍ਹਾ ਚਿਰ ਹੈ ਇਹ ਰਸ, ਇਉਂ ਨਹੀਂ ਕਿ ਦੋ ਘੰਟਿਆਂ ਬਾਅਦ ਓਹੀ ਰਸ ਤੁਹਾਡੇ ਅੰਦਰ ਕਾਇਮ ਰਹਿ ਜਾਏਗਾ। ਯਾਦ ਤਾਂ ਉਸ ਦੀ ਕਾਇਮ ਰਹਿ ਜਾਏਗੀ ਪਰ ਰਸ ਨਹੀਂ ਕਾਇਮ ਰਹਿੰਦਾ ਜਿਹੜਾ ਤੁਸੀਂ ਪਹਿਲਾਂ ਮਾਣ ਰਹੇ ਸੀ। ਇਹ ਰਸ ਕੇਵਲ ਨਾਮ ਜਪਣ ਨਾਲ ਆਉਂਦਾ ਹੈ ਤੇ ਕਾਇਮ ਰਹਿੰਦਾ ਹੈ।

ਸੋ ਜੇ ਤਾਂ ਏਸ ਰਸਤੇ ਤਰੱਕੀ ਕਰਨੀ ਹੈ ਭਾਈ ਪ੍ਰੇਮੀਓ! ਫੇਰ ਤਾਂ ਐਸਾ ਦ੍ਰਿੜ੍ਹ ਇਰਾਦਾ ਬਣਾ ਲਓ ਕਿ ਵਾਹਿਗੁਰੂ ਵਾਹਿਗੁਰੂ ਛੱਡਣਾ ਹੀ ਨਹੀਂ ਹੈ ਕਹਿਣ ਤੋਂ, ਕਹੀ ਜਾਣਾ ਹੈ-ਕਹੀ ਜਾਣਾ ਹੈ, ਖੁਸ਼ਕੀਆਂ ਵੀ ਆਉਂਦੀਆਂ ਨੇ, ਫਿੱਕਾਪੁਣ ਵੀ ਆ ਜਾਂਦਾ ਹੈ ਪਰ ਸਾਧੂ ਦੀ ਸੰਗਤ ਨਹੀਂ ਫਿੱਕਾਪਣ ਰਹਿਣ ਦਿੰਦੀ। ਉਸ ਦਾ ਪਿਆਰ ਇਹੋ ਜਿਹਾ ਹੁੰਦਾ ਹੈ ਕਿ ਇਕ ਦਮ ਫੇਰ ਵਲ੍ਹੇਟ ਕੇ ਲੈ ਜਾਂਦਾ ਹੈ ਸਾਰਿਆਂ ਨੂੰ ਬੰਦਗੀ ਕਰਨ ਵਾਲੇ ਨਾਲ ਪਿਆਰ, ਨਾਮ ਦਾ ਜਾਪ। ਹੋਰ ਚੱਕਰਾਂ 'ਚ ਪੈਣ ਦੀ ਲੋੜ ਨਹੀਂ ਹੈ ਬਹੁਤੀ, ਗਿਆਨੀ ਬਣਨ ਦੀ ਲੋੜ ਨਹੀਂ ਹੈ। ਗਿਆਨ ਆਪੇ ਹੀ ਆਉਂਦਾ ਹੈ। ਸੋਚਿਆ ਹੋਇਆ ਗਿਆਨ ਨਹੀਂ ਕੁਝ ਹੁੰਦਾ, ਐਵੇਂ ਹੁੰਦਾ ਹੈ ਉਹ ਕੱਚਾ ਗਿਆਨ, ਉਸ ਨੂੰ ਬੱਧ ਗਿਆਨ ਕਹਿੰਦੇ ਨੇ, ਮੁਰਦਾ ਗਿਆਨ –

***ਅਤਿ ਸੁੰਦਰ ਕੁਲੀਨ ਚਤੁਰ ਮੁਖ ਙਿਆਨੀ ਧਨਵੰਤ॥***
***ਪੰਨਾ – 253***

ਮੁੱਖ ਗਿਆਨੀ ਦਾ ਜਿਹੜਾ ਗਿਆਨ ਹੈ –

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ – 253***

ਪਿਆਰ ਚਾਹੀਦਾ ਹੈ ਵਾਹਿਗੁਰੂ ਨਾਲ। ਪਿਆਰ ਨਾਲ ਕੀ ਹੁੰਦਾ ਹੈ?

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਉਨ੍ਹਾਂ ਨੂੰ ਨੀਂਦਰ ਆਉਂਦੀ ਹੀ ਨਹੀਂ।

ਦਿਨ ਰਾਤ ਹੀ ਚਲੀ ਜਾਂਦਾ ਹੈ ਉਨ੍ਹਾਂ ਦਾ ਕੰਮ ਜਦੋਂ ਤੱਕ ਪ੍ਰਾਪਤੀ ਨਹੀਂ ਹੁੰਦੀ। ਜਦੋਂ ਨਾਮ ਨੇ ਟਿਕ ਜਾਣਾ ਹੈ ਅੰਦਰ ਆ ਕੇ, ਰਸ ਵਿਚ ਆ ਜਾਣਾ ਹੈ, ਫੇਰ ਜਾ ਕੇ ਗੱਲ ਬਣਨੀ ਹੈ। ਜਿੰਨਾ ਅਜੇ ਜ਼ੋਰ ਲਾਉਂਦਾ ਹੈ ਜੀਵ! ਮੈਂ ਪੰਜ ਬਾਣੀਆਂ ਪੜ੍ਹਦਾ ਹਾਂ, ਛੇ ਪੜ੍ਹਦਾ ਹਾਂ ਜੀ! ਮੈਂ ਆਹ ਗ੍ਰੰਥ ਵੀ ਵਿਚਾਰ ਲਿਆ, ਉਹ ਵੀ ਵਿਚਾਰ ਲਿਆ। ਵਿਚਾਰੀ ਜਾਹ, ਜਦੋਂ ਤਕ ਨਾਮ ਟਿਕਦਾ ਨਹੀਂ ਅੰਦਰ, ਓਨਾਂ ਚਿਰ ਗੱਲ ਬਣਦੀ ਨਹੀਂ। ਇਹ ਤਾਂ ਆਪਾਂ ਬਾਹਰ ਬਾਹਰ ਤਿਆਰੀ ਜਿਹੀ ਰਖਦੇ ਹਾਂ ਥੋੜ੍ਹੀ ਬਹੁਤੀ, ਸੱਤੀਂ ਦਿਨੀਂ ਇਕੱਠੇ ਹੋ ਕੇ, ਕੁਝ ਥੋੜ੍ਹਾ ਜਿਹਾ ਰਸ ਆ ਗਿਆ, ਮਿਹਨਤ ਨਹੀਂ ਹੈ। ਜੇ ਕਹੇ ਕਿ ਮੇਰਾ ਕੰਮ ਇਹੋ ਜਿਹਾ ਹੈ ਜਿਥੇ ਮਿਹਨਤ ਹੁੰਦੀ ਨਹੀਂ, ਹਰ ਕੰਮ 'ਚ ਹੀ ਹੋ ਜਾਂਦੀ ਹੈ, ਇਰਾਦਾ ਹੋਣਾ ਚਾਹੀਦਾ ਹੈ ਆਦਮੀ ਦੇ ਅੰਦਰ। ਕੋਈ ਕੰਮ ਇਹੋ ਜਿਹਾ ਨਹੀਂ ਦੁਨੀਆਂ ਦਾ ਕਿ ਇਥੇ ਮੇਰੀ ਬਿਰਤੀ ਨਹੀਂ ਲੱਗਣੀ। ਅੰਦਰ ਇਰਾਦਾ ਹੋਣਾ ਚਾਹੀਦਾ ਹੈ, ਉਥੇ ਹੀ ਬਿਰਤੀ ਲਗ ਜਾਏਗੀ; ਹਾਂ! ਚਲਾਕ ਨਾ ਹੋਵੇ–

***ਚਤੁਰਾਈ ਨ ਚਤੁਰਭੁਜੁ ਪਾਈਐ॥ ਪੰਨਾ – 324***

ਭਗਤ ਧੰਨੇ ਵਾਲੀ ਬਿਰਤੀ ਹੋਵੇ। ਧੰਨੇ ਭਗਤ ਨੂੰ ਇਕ



Sri Satguru Jagjit Singh Ji eLibrary NamdhariElibrary@gmail.com

ਸਕਿੰਟ ਵਾਸਤੇ ਵੀ ਇਹ ਧਿਆਨ ਨਹੀਂ ਸੀ ਆਇਆ ਕਿ ਏਸ ਬ੍ਰਾਹਮਣ ਨੇ ਮੈਨੂੰ ਐਡਾ ਸਾਰਾ ਪੱਥਰ ਫੜਾ ਦਿਤਾ। ਨਾ! ਕਹਿੰਦਾ ਇਸ ਦੇ ਵਿਚ ਪ੍ਰਮੇਸ਼ਰ ਹੈ, ਉਸ ਨੇ ਪ੍ਰਗਟ ਹੋਣਾ ਹੈ ਤੇ ਉਹ ਝੂਠ ਨਹੀਂ ਬੋਲਦਾ। ਉਹ ਆਪ ਵੀ ਤਾਂ ਕਰਦਾ ਹੈ ਰੋਜ਼, ਦੁੱਧ ਪਿਲਾਉਂਦਾ ਹੈ। ਉਸਦੇ ਪੂਰਨ ਭਰੋਸੇ ਨੂੰ ਫਲ ਲੱਗਿਆ, ਪੱਥਰ ਵਿਚੋਂ ਹੀ ਰੱਬ ਪ੍ਰਗਟ ਹੋ ਗਿਆ। ਵਾਹਿਗੁਰੂ ਤਾਂ ਸਾਰੇ ਪਰੀਪੂਰਨ ਹੈ, ਜਿਥੇ ਜੀਅ ਕਰਦਾ ਹੈ ਪ੍ਰਗਟ ਹੋ ਜਾਵੇ।

ਸੋ ਏਸ ਤਰ੍ਹਾਂ ਹੈ ਕਿ ਇਕ ਤਾਂ ਸਤਿਸੰਗ ਤੋਂ ਬਗੈਰ ਮੈਲ ਪੈ ਜਾਂਦੀ ਹੈ, ਮਨ ਮੈਲਾ ਹੋ ਜਾਂਦਾ ਹੈ। ਬਾਹਰਲੇ ਖਿਆਲ ਆਈ ਜਾਂਦੇ ਨੇ, ਆਈ ਜਾਂਦੇ ਨੇ। ਹਰ ਪਾਸਿਓਂ ਖਿਆਲ ਆ ਰਿਹਾ ਹੈ। ਹੁਣ ਤਾਂ ਹੱਲਾ ਹੋਇਆ ਹੋਇਆ ਹੈ, ਆਹ ਟੈਲੀਵੀਜ਼ਨ ਦੇ ਚੈਨਲ ਹੀ ਪਤਾ ਨਹੀਂ 60-70 ਨੇ, ਲਾਈ ਜਾਓ, ਲਾਈ ਜਾਓ ਕਮਲਿਆਂ ਵਾਂਗ, ਅਖਬਾਰ ਹੀ ਪੜ੍ਹੀ ਜਾਹ। ਮੁਕਦਾ ਹੀ ਨਹੀਂ ਹੈ ਅਖਬਾਰ। ਉਹ ਗੱਲ ਨਹੀਂ ਬਣਦੀ ਜਿਥੇ ਅਸੀਂ ਬਣਾਉਣੀ ਚਾਹੁੰਦੇ ਹਾਂ। ਸਿਹਤ ਠੀਕ ਰੱਖੇ ਵਾਹਿਗੁਰੂ ਕ੍ਰਿਪਾ ਕਰੇ। ਸਿਹਤ ਠੀਕ ਹੋਏਗੀ ਤਾਂ ਨਾਮ ਜਪ ਹੁੰਦਾ ਹੈ। ਨਾਮ ਦੇ ਵਿਚ ਹੈ ਪਿਆਰ, ਪਿਆਰ ਵਿਚ ਆਓ, ਲਿਵ ਦੀ ਅਵਸਥਾ ਤੱਕ ਪਹੁੰਚੋ ਕਿਉਂਕਿ ਮਹਾਰਾਜ ਜੀ ਨੇ ਲਿਵ ਤੋਂ ਬਗੈਰ ਜ਼ਿੰਦਗੀ ਨੂੰ 'ਨਿਮਾਣੀ' ਕਿਹਾ ਹੈ 'ਨਿਮਾਣੀ'-

***ਸਾਚੀ ਲਿਵੈ ਬਿਨੁ ਦੇਹ ਨਿਮਾਣੀ॥***
***ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥***
***ਪੰਨਾ - 917***

ਨਿਮਾਣਾ ਜਾਣਦੇ ਹੋ ਕੋਹੜੀ ਨੂੰ ਕਹਿੰਦੇ ਨੇ। ਸੋ ਲਿਵ ਤੋਂ ਬਿਨਾ ਦੇਹ ਕੋਹੜੀ ਹੈ। ਕੋਹੜ ਹੋਇਆ ਹੋਇਆ ਹੈ ਇਸ ਨੂੰ। ਸੋ ਜਦੋਂ ਰਸ ਆਏਗਾ ਫੇਰ ਬਾਕੀ ਦੇ ਰਸ ਵਿਸਰ ਜਾਣਗੇ, ਚਲਾਕੀਆਂ ਭੁੱਲ ਜਾਣਗੀਆਂ, ਸਭ ਕੁਝ ਭੁੱਲ ਜਾਏਗਾ। ਮੈਂ ਤਾਂ ਪੜ੍ਹ ਪੜ੍ਹ ਕੇ ਏਸ ਨਤੀਜੇ ਤੇ ਪਹੁੰਚਿਆਂ ਕਿ ਮੈਂ ਕੱਖ ਨਹੀਂ ਜਾਣਿਆ, ਬਿਲਕੁਲ ਪੂਰਾ ਅਗਿਆਨੀ ਹਾਂ। ਪੂਰਾ ਅੱਗੇ ਤਾਂ ਮੈਂ ਕਹਿੰਦਾ ਹੁੰਦਾ ਸੀ ਕਿ ਮੈਂ ਪੜ੍ਹਿਆ ਹੋਇਆ ਹਾਂ, ਮੈਨੂੰ ਅਰਥ ਆਉਂਦੇ ਨੇ, ਮੈਨੂੰ ਸਿਧਾਂਤ ਆਉਂਦੇ ਨੇ। ਹੁਣ ਮੈਂ ਕਹਿੰਦਾਂ ਨਾ! ਮੈਂ ਤਾਂ ਜਾਣਦਾ ਹੀ ਨਹੀਂ ਕੁਝ ਵੀ। ਆਹ ਦਿਲੋਂ ਆ ਜਾਂਦੀ ਹੈ ਇਹ ਗੱਲ -

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਪੰਨਾ - 148***

ਜੇ ਬੁੱਝ ਲਈ ਗੱਲ, ਫੇਰ ਤਾਂ ਮਿਲ ਜਾਂਦਾ ਹੈ, ਪੜ੍ਹਿਆਂ ਹੋਇਆਂ ਨੂੰ ਨਹੀਂ ਮਿਲਦਾ। ਪੜ੍ਹਿਆ ਤਾਂ ਹੁੰਦਾ ਹੈ ਜੇ ਮਦਦਗਾਰ ਹੋਵੇ। ਜਿਸ ਰਸਤੇ ਤੁਰਿਆ ਹੋਵੇ ਉਸੇ ਰਸਤੇ ਪੜ੍ਹਾਈ ਮਦਦ ਕਰਦੀ ਹੋਵੇ, ਉਤਸ਼ਾਹਿਤ ਕਰੇ। ਜੇ ਵਿਚਾਰ ਉਲਟੇ-ਪੁਲਟੇ ਆ ਗਏ, ਉਹ ਅੰਦਰ ਸੰਸਕਾਰ ਰਹਿ ਜਾਣਾ ਹੈ, ਨਾਮ ਜਪਣ ਲੱਗਣਾ ਹੈ ਤਾਂ ਬਿਰਤੀ ਨਹੀਂ ਸਾਫ ਹੋਣੀ। ਸੋ ਏਸ ਕਰਕੇ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***
***ਪੰਨਾ - 642***

ਬਾਕੀ ਮੈਂ ਆਪਣੇ ਸਰੀਰ ਦੀ ਗੱਲ ਕਰਦਾ ਹਾਂ। ਬਹੁਤ ਔਖਾ ਸੀ ਸਮਾਗਮ ਦੇ ਦਿਨਾਂ ਵਿਚ, ਬਹੁਤ ਜ਼ਿਆਦਾ ਔਖਾ ਸੀ। ਹੁਣ ਡਾਕਟਰਾਂ ਨੇ ਕਿਹਾ ਹੈ ਕਿ ਤੁਹਾਡੇ ਅੰਦਰ ਸਫੇਦ ਰਕਤਾਣੂ ਘੱਟ ਗਏ, ਬਹੁਤ ਘਟ ਗਏ, ਤੁਹਾਨੂੰ ਕਿਸੇ ਦਾ ਸਾਹ ਦੂਰੋਂ ਵੀ ਖਰਾਬ ਕਰ ਸਕਦਾ ਹੈ, ਤੁਸੀਂ ਭੀੜ 'ਚ ਨਾ ਜਾਇਓ। ਮੈਂ ਕਿਹਾ ਕਿ ਭੀੜ ਤਾਂ ਮੇਰੇ ਕੋਲ ਬੇਅੰਤ ਆਉਣੀ ਹੈ। ਕਈ ਪ੍ਰੇਮੀਆਂ ਨੇ ਮੈਨੂੰ ਸਲਾਹ ਦਿਤੀ ਕਿ ਬਾਪੂ ਆਸਾ ਰਾਮ ਕੈਬਿਨ ਵਿਚ ਬੈਠ ਕੇ ਮਿਲਦਾ ਹੈ। ਮੈਂ ਕਿਹਾ ਕਿ ਉਹ ਤਾਂ ਹੋਰ ਨੇੜੇ ਹੋ ਜਾਂਦਾ ਹੈ, ਵਿਚਾਲੇ ਸ਼ੀਸ਼ੇ ਦਾ ਹੀ ਫਾਸਲਾ ਰਹਿ ਜਾਂਦਾ ਹੈ। ਸ਼ੀਸ਼ੇ ਨੇ ਰੋਕ ਲੈਣਾ ਹੈ ਸਾਹ ਵਗੈਰਾ ਤੇ ਮੈਂ ਕਿਹਾ ਕਿ ਲਾਊਡ ਸਪੀਕਰ ਮੈਂ ਲਾ ਲਵਾਂਗਾ। ਅਵਲ ਤਾਂ ਮੈਥੋਂ ਜਵਾਬ ਦੇ ਹੀ ਨਹੀਂ ਹੁੰਦਾ, ਮੈਂ ਬੋਲ ਹੀ ਨਹੀਂ ਸਕਦਾ ਸੀ ਐਨਾ ਦਮ ਚੜ੍ਹਦਾ ਸੀ। ਕੁਰਸੀ ਤੋਂ ਮੈਂ ਮੰਜੇ ਤੇ ਬੈਠਣਾ, ਕਿੰਨੀ ਦੇਰ ਸਾਹ ਨਹੀਂ ਸੀ ਜੁੜਦਾ, ਮੰਜੇ ਤੋਂ ਕੁਰਸੀ ਤੇ ਆਉਣਾ ਤਾਂ, ਜੇ ਬਾਥਰੂਮ ਜਾਣਾ ਤਾਂ ਵੀ ਫੜ ਕੇ ਮੈਨੂੰ ਲੈ ਜਾਣਾ ਹੌਲੀ ਹੌਲੀ। ਸਟੇਜ ਤੇ ਜਾ ਕੇ ਮੈਂ ਖੜ੍ਹਾ ਹੋ ਜਾਂਦਾ ਸੀ, ਹੌਲੀ ਹੌਲੀ ਚੜ੍ਹਦਾ ਸੀ, ਮੇਰੇ ਮਨ ਵਿਚ ਸੀ ਕਿ ਇਹ ਪੂਰਾ ਹੋ ਜਾਵੇ ਸਮਾਗਮ ਕਿਵੇਂ ਨਾ ਕਿਵੇਂ। ਮੈਂ ਜੇ ਵਿਚਾਲੇ ਬਰੇਕ ਪਾ ਦਿਤੀ...। ਘਰ ਵੀ ਪੈਣਾ ਹੈ ਤੇ ਮੰਜਾ ਮੈਂ ਵਿਚਾਲੇ ਡਾਹ ਲਿਆ ਕਿ ਲੋੜ ਸਮੇਂ ਮੈਂ ਮੰਜੇ ਤੇ ਪੈ ਜਾਵਾਂਗਾ। ਸੋ ਸਮਾਗਮ ਬਹੁਤ ਸੋਹਣਾ ਹੋ ਗਿਆ। ਸਾਰੀਆਂ ਸੰਗਤਾਂ ਦੇ ਮੈਨੂੰ ਦਰਸ਼ਨ ਹੋ ਗਏ। ਡਾਕਟਰ ਇਥੇ ਆ ਗਏ ਪੀ.ਜੀ.ਆਈ ਦੇ, ਡਾਇਰੈਕਟਰ ਵੀ ਆਇਆ - Head of department, ਜਿਹੜਾ ਮੇਰਾ ਇਲਾਜ ਕਰਦਾ ਸੀ, ਉਹ ਵੀ ਆ ਗਿਆ, ਦੂਜੇ ਛੋਟੇ ਵੀ ਆ ਗਏ। ਕਹਿੰਦੇ ਬਾਬਾ ਜੀ! ਆਹ ਤਾਂ ਕਮਾਲ ਕਰੀ ਪਈ ਹੈ, ਇਸ ਦੇ ਵਿਚ ਹੁਣ ਪ੍ਰਦੂਸ਼ਣ (Pollution) ਨਹੀਂ ਹੈ। ਕਹਿੰਦੇ ਪਿਛੋਂ ਏ.ਸੀ. ਚਲਦੀ ਹੈ, ਹਵਾ ਮਾਰਦੀ ਹੈ, ਹਵਾ ਸਾਰੀ ਨਿਕਲੀ ਜਾਂਦੀ ਹੈ ਤੇ ਤੁਹਾਡੇ ਤੇ ਅਸਰ ਨਹੀਂ ਹੋ ਸਕਣਾ। ਇਹ ਕੋਈ ਦਿਖਾਵੇ ਵਾਸਤੇ ਨਹੀਂ ਮੈਂ ਬਣਾਇਆ, ਮੈਂ ਤਾਂ ਹੁਣੇ ਚੁਕਾ ਦੇਵਾਂ ਕਿਉਂਕਿ ਬੀਬੀ ਪਸੰਦ ਹੀ ਨਹੀਂ ਕਰਦੀ, ਉਸ ਨੂੰ ਪਤਾ ਨਹੀਂ ਹੈ ਕਿ ਇਸਦਾ ਅਸਰ ਕੀ ਹੋਏਗਾ। ਜੇ ਹਟਾ ਦੇਵਾਂ ਤਾਂ ਬਾਅਦ ਵਿਚ ਕਹੇਗੀ ਕਿ ਬਿਮਾਰ ਹੋ ਗਏ, ਹਾਲੇ ਨਹੀਂ ਪਤਾ ਕਿ ਇਹ ਕੀ ਗੱਲ ਹੈ। ਇਥੇ ਮੈਂ ਤਾਂ ਨਹੀਂ ਬਹਿੰਦਾ ਕਿ ਇਥੇ ਹਵਾ ਘੁੰਮੀ ਜਾਂਦੀ ਹੈ, ਓਹੀ ਹਵਾ। ਸੋ ਮੈਂ ਉਥੇ ਕੁਟੀਆ ਵਲ ਜਾ ਕੇ ਬਹਿੰਦਾ ਹਾਂ, ਬੜੀ ਤੇਜ਼ ਹਵਾ ਚਲਦੀ ਹੁੰਦੀ ਹੈ। ਆਕਸੀਜਨ ਬਹੁਤ ਜ਼ਿਆਦਾ ਹੈ। ਸੋ ਸੰਗਤ ਨੇ ਮਿਲਣਾ ਹੈ, ਆ ਜਾਓ, ਆ ਕੇ ਦਰਸ਼ਨ ਦਿਓ, ਮੈਂ ਵੀ ਕਰ ਲਵਾਂ ਤੁਹਾਡੇ ਦਰਸ਼ਨ। ਸੋ ਹੌਲੀ ਹੌਲੀ ਉਥੇ ਸੰਗਤ ਆਉਂਦੀ ਰਹੀ ਹੈ। ਅੱਗੇ ਲਈ ਵੀ ਇਹੀ ਇੰਤਜ਼ਾਮ ਰਹੇਗਾ। ਉਥੇ ਬੜਾ ਆਸਾਨ ਹਾਂ। ਥੋੜ੍ਹਾ ਸੰਗਤ ਐਨਾ ਕੁ ਦੂਰ ਰਹਿੰਦੀ ਹੈ, ਹਵਾ ਚਲਦੀ ਹੈ, ਆਕਸੀਜਨ ਉਥੇ ਹੈ। ਥੋੜ੍ਹੇ ਦਿਨਾਂ ਦਾ ਕੰਮ ਹੈ, ਜਦੋਂ ਠੀਕ ਹੋ ਗਿਆ ਫੇਰ.....। ਇਹ ਮੈਨੂੰ ਉਥੇ ਇੰਗਲੈਂਡ ਵੀ ਡਾਕਟਰਾਂ ਨੇ ਕਿਹਾ ਸੀ। ਉਹ ਡਾਕਟਰ ਬੜੇ ਸਿਆਣੇ ਨੇ, ਦਿਸਦੀ ਨਹੀਂ ਹੁੰਦੀ ਬਿਮਾਰੀ। ਮੈਨੂੰ ਮਿਲਣ ਤੋਂ ਪਹਿਲਾਂ ਉਨ੍ਹਾਂ ਦੇ ਮੂੰਹ ਤੇ ਕੱਪੜੇ ਬੰਨ੍ਹੇ ਹੁੰਦੇ, ਡਾਕਟਰਾਂ ਦੇ, ਨਰਸਾਂ ਦੇ, ਜਿਹੜੇ ਮੇਰੇ ਕੋਲ ਰਹਿੰਦੇ ਸੀ, ਰਾਜ ਰਹਿੰਦਾ ਸੀ, ਉਸ ਦੇ ਵੀ ਉਥੇ Mask ਬੰਨ੍ਹਾਏ ਹੋਏ ਸਨ ਕਿ ਨੰਗੇ ਮੂੰਹ ਨਾ ਇਥੇ ਕੋਈ ਵੀ ਆਇਓ, ਬਾਕੀ ਬੰਦ ਕਰ ਦਿਤੇ ਉਨ੍ਹਾਂ ਨੇ। ਉਨ੍ਹਾਂ ਨੇ ਫੇਰ ਮੈਨੂੰ ਦੱਸਿਆ



Sri Satguru Jagjit Singh Ji eLibrary NamdhariElibrary@gmail.com

ਕਿ ਤੁਹਾਡੇ ਪੁਆਇੰਟ 1 ਰਹਿ ਗਏ - ਸਫੈਦ ਰਕਤਾਣੂ, ਖਤਰਨਾਕ ਹੈ ਇਹ ਗੱਲ, ਸਾਹ ਦੀ ਬਿਮਾਰੀ ਲਗ ਸਕਦੀ ਹੈ ਤੁਹਾਨੂੰ। ਤੀਸਰੇ ਦਿਨ ਦੱਸਿਆ ਕਿ ਪੁਆਇੰਟ 3 ਹੋ ਗਏ। ਛੇਵੇਂ ਦਿਨ ਦੱਸਿਆ ਕਿ ਪੁਆਇੰਟ 7 ਹੋ ਗਏ, ਅੱਠਵੇਂ ਦਿਨ ਮੈਨੂੰ ਦੱਸਿਆ ਕਿ ਪੁਆਇੰਟ 11 ਹੋ ਗਏ, ਨਾਲੇ ਐਸ ਤਰ੍ਹਾਂ ਕਹਿ ਦਿਤਾ ਕਿ ਤੁਸੀਂ ਐਨੀ ਛੇਤੀ ਰਾਜ਼ੀ ਹੋ ਰਹੇ ਹੋ ਜਿਵੇਂ ਈਥਰੋ ਤੋਂ ਹਵਾਈ ਜਹਾਜ਼ ਉਡਦਾ ਹੁੰਦਾ ਹੈ। ਉਨ੍ਹਾਂ ਦੀ ਸੰਭਾਲ ਸੀ ਬੜੀ ਜ਼ਬਰਦਸਤ। ਉਥੇ ਕੋਈ ਗਲਤ ਸਾਹ ਵਾਲਾ ਇਕ ਵੀ ਬੰਦਾ ਆ ਜਾਂਦਾ ਤਾਂ ਕਹਿੰਦੇ ਕਿ ਤੁਸੀਂ ਉਸੇ ਵੇਲੇ ਬਿਮਾਰ ਹੋ ਜਾਣਾ ਸੀ।

ਸੋ ਜਦੋਂ ਪੁਆਇੰਟ 11 ਹੋਏ ਤਾਂ ਉਨ੍ਹਾਂ ਨੇ mask ਮੇਰੇ ਮੂੰਹ ਤੇ ਬੰਨ੍ਹ ਦਿਤਾ, ਆਪਣਿਆਂ ਤੋਂ ਲਾਹ ਦਿਤੇ। ਮੈਂ ਕਿਹਾ ਕਿ ਹੁਣ? ਉਹ ਕਹਿਣ ਲੱਗੇ ਕਿ ਦੋ ਮਿੰਟ ਦੇਰੀ ਨਾ ਕਰੋ, ਹਸਪਤਾਲ 'ਚੋਂ ਨਿਕਲ ਜਾਓ, ਹੁਣ ਬਿਮਾਰੀ ਤੁਹਾਨੂੰ ਹਸਪਤਾਲ 'ਤੋਂ ਲੱਗੇਗੀ, ਇਕ ਦਮ ਨਿਕਲੋ, ਸਾਥੋਂ ਲੱਗੇਗੀ। ਤੁਸੀਂ ਆਪਣਾ ਮੂੰਹ ਬੰਨ੍ਹ ਕੇ ਰੱਖੋ, ਲਾ ਕੇ ਰੱਖੋ mask। ਉਨ੍ਹਾਂ ਵਿਚਾਰਿਆਂ ਨੇ ਮੈਨੂੰ ਬੜੀਆਂ ਹਦਾਇਤਾਂ ਦਿਤੀਆਂ ਕਿ ਬੰਦਿਆਂ ਨੂੰ ਤੁਸੀਂ ਮਿਲਣਾ ਹੈ। ਮੈਂ ਦੱਸਿਆ ਕਿ ਉਥੇ ਸੰਗਤ ਹੈ, ਮੈਂ ਤਾਂ ਮਿਲਣਾ ਹੈ। ਉਹ ਕਹਿੰਦੇ ਕਿ ਦੂਰ ਰੱਖਿਓ - ਦਸ-ਦਸ ਫੁੱਟ, ਪਰ ਦਸ ਫੁੱਟ ਰਹਿ ਨਾ ਸਕੇ ਨੇੜੇ ਆ ਜਾਂਦੇ ਸੀ। ਮੈਨੂੰ ਵਾਪਸ ਆਉਣਾ ਪੈ ਗਿਆ India ਕਿ ਹੁਣ ਚੱਲਾਂ ਮੈਂ ਵਾਪਸ।

ਇਵੇਂ ਜਿਵੇਂ ਹੁਣ ਕਹਿੰਦੇ ਨੇ ਕਿ ਇਲਾਜ ਚੱਲ ਰਿਹਾ ਹੈ ਤੁਹਾਡਾ, ਇਕ ਤਾਂ ਨਾ ਆਵੇ ਸਾਹ ਤੁਹਾਨੂੰ ਕਿਸੇ ਦਾ, ਇਕ ਨਾ ਕਿਸੇ ਦੀ ਗਰਮੀ ਦਾ ਮੁਸ਼ਕ ਤੁਹਾਨੂੰ ਆਵੇ, ਦੂਰ ਰਹੋ ਜੇ ਤੁਸੀਂ ਮਿਲਣਾ ਹੀ ਹੈ, ਸ਼ੀਸ਼ੇ ਦਾ ਕੈਬਿਨ ਬਣਾ ਲਓ। ਉਸ ਦਿਨ ਡਾਕਟਰ ਆਏ, ਕਹਿਣ ਲੱਗੇ ਕਿ ਬਹੁਤ ਕਮਾਲ ਦੀ ਚੀਜ਼ ਬਣਾ ਲਈ, ਅਸੀਂ ਹੁਣ ਸੰਤੁਸ਼ਟ ਹਾਂ। ਸੋ ਇਹ ਬਿਮਾਰੀ ਵਾਸਤੇ ਹੈ ਸਭ ਕੁਝ, ਤੁਹਾਡੇ ਵਾਸਤੇ ਹੀ ਨੁਕਸਾਨਦੇਹ ਹੈ, ਮੈਨੂੰ ਤਾਂ ਹੈ ਨਹੀਂ, ਨਾ ਮੈਨੂੰ ਜਾਣ ਦਾ ਡਰ ਹੈ ਨਾ ਆਉਣ ਦਾ, ਕੋਈ ਫਰਕ ਨਹੀਂ ਹੈ। ਤੁਹਾਡੇ ਵਾਸਤੇ ਹੈ ਕਿ ਜੇ ਚਾਰ ਕੁ ਦਿਨਾਂ ਨੂੰ ਇਹ ਫੇਰ ਚਲਦਾ ਫਿਰਦਾ ਰਹੇ ਤਾਂ ਚੰਗਾ ਹੈ ਤਾਂ ਇਹ ਮੈਂ ਲਾਇਆ ਸੀ ਤੇ ਹੁਣ ਇਸ ਨੂੰ ਤੋੜ ਦਿਓ। ਜਿੰਨਾ ਚਿਰ ਮੈਨੂੰ ਡਾਕਟਰ ਨਹੀਂ ਕਹਿੰਦੇ, ਮੈਂ ਉਥੇ ਕੁਟੀਆ ਵਿਚ ਬੈਠਿਆ ਕਰਾਂਗਾ, ਛਾਂ ਉਥੇ ਬਹੁਤ ਹੈ, ਮਿਲੀ ਜਾਓ, ਆ ਜਾਓ, ਮਿਲੀ ਜਾਓ, ਆ ਜਾਓ। ਦੀਵਾਨ ਤੋਂ ਬਾਅਦ ਮੈਂ ਇਥੇ 10 ਮਿੰਟ ਬਹਿ ਜਾਇਆ ਕਰਾਂਗਾ। ਮਹਾਰਾਜ ਜੀ ਦੀ ਸਵਾਰੀ ਚਲੀ ਜਾਏਗੀ ਕਿਉਂਕਿ ਆਹ ਉਚਾ ਥਾਂ ਹੈ। ਥੋੜ੍ਹਾ ਹਟ ਕੇ ਬਹਿ ਜਾਵਾਂਗੇ, ਪੱਖੇ ਚਲਾ ਲਵਾਂਗੇ ਤੇ ਏਸ ਤਰ੍ਹਾਂ ਦੇ ਨਾਲ ਮਿਲ ਵੀ ਲਵਾਂਗੇ, ਦਰਸ਼ਨ ਵੀ ਕਰ ਲਵਾਂਗੇ ਤੇ ਸਰੀਰ ਦੇ ਉਤੇ ਵੀ ਕੋਈ ਨੁਕਸ ਨਹੀਂ ਹੋਏਗਾ। ਸੋ ਇਥੇ ਹੀ ਮੈਂ ਸਮਾਪਤ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

(ਪੰਨਾ 6 ਦੀ ਬਾਕੀ)

ਨਿਰਾਰਥਕ ਹੈ ਜਿਵੇਂ ਕੋਈ ਮੋਹਲੀ ਵਿਚ ਫਕ ਪਾ ਕੇ ਸਾਰਾ ਦਿਨ ਕੁਟਦਾ ਰਹੇ। ਉਸ ਨੂੰ ਕੀ ਪ੍ਰਾਪਤ ਹੋਵੇਗਾ? ਵਿਗਾਰੀ ਆਦਮੀ ਵੀ ਦੂਜਿਆਂ ਦੇ ਕੰਮ ਹੀ ਕਰਦਾ ਰਹਿੰਦਾ ਹੈ, ਆਪਣਾ ਕੁਝ ਨਹੀਂ ਸੰਵਾਰਦਾ।

ਪਰ ਇਹ ਸਭ ਹੁਕਮ ਦੀ ਖੇਡ ਹੈ, ਕਰਮਾਂ ਦੀ ਕਿਰਤ ਹੈ। ਸਰੀਰ ਦੇ ਅੰਦਰ ਮਨ ਹੈ, ਮਨ ਦੀ ਕਿਰਿਆ ਸੰਸਕਾਰਾਂ ਅਧੀਨ ਹੈ, ਬੁੱਧੀ ਦੇ ਆਪਣੇ ਸੰਕਲਪ ਵਿਕਲਪ ਹਨ। ਇਹ ਮਿਲ ਕੇ ਸੰਸਾਰਕ ਖੇਡ ਖੇਡ ਰਹੇ ਹਨ। ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ, ਸੰਸਕਾਰਾਂ ਦੀ ਲੀਹ ਤੋਂ ਥੋੜ੍ਹਾ ਪਾਸੇ ਕਰਕੇ ਚੇਤਨਤਾ ਦੀ ਸੋਝੀ ਬਖਸ਼ਦੀ ਹੈ, ਅੰਦਰ ਵਸਦੇ ਪਾਰਬ੍ਰਹਮ ਪ੍ਰਮੇਸ਼ੂਰ ਦੀ ਸੋਝੀ ਦਿੰਦੀ ਹੈ, ਆਤਮਕ ਚਾਨਣ ਪ੍ਰਦਾਨ ਕਰਦੀ ਹੈ, ਸਾਨੂੰ ਸੁਤਿਆਂ ਨੂੰ ਜਗਾਂਦੀ ਹੈ, ਸਾਧ ਦੇ ਸੰਗ ਲਈ ਪ੍ਰੇਰਤ ਕਰਦੀ ਹੈ ਤਾਕਿ ਅਸੀਂ 'ਜੀਵਤ' ਹੋਈਏ, ਜੀਵਤ ਹੋ ਕੇ ਜੀਵੀਏ, ਅਸਲ ਜੀਵਨ ਜੀਵੀਏ, ਐਸੀ ਅਰਦਾਸ ਕਰੀਏ-

***ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥ ਪੰਨਾ - 240***

ਕਿਉਂਕਿ ***'ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥ਪੰਨਾ-240***

ਨਾਮ ਤੋਂ ਬਿਨਾਂ ਸਾਰਾ ਜੀਵਨ ਵਿਉਹਾਰ, ਖਾਣਾ ਪੀਣਾ ਪਹਿਨਣਾ ਮਿਥਿਆ ਹੈ, ਮੁਰਦੇ ਨੂੰ ਸ਼ਿੰਗਾਰਨ ਵਤ ਹੈ-

***ਨਾਮ ਬਿਨਾਂ ਜੋ ਪਹਿਰੈ ਖਾਇ***
***ਜਿਉਂ ਕੂਕਰ ਜੂਠਨ ਮਹਿ ਪਾਇ॥***
***ਨਾਮ ਬਿਨਾ ਜੇਤਾ ਬਿਉਹਾਰੁ॥***
***ਜਿਉ ਮਿਰਤਕ ਮਿਥਿਆ ਸੀਗਾਰੁ॥ ਪੰਨਾ - 40***

ਐਸੀ ਸੋਝੀ ਗੁਰੂ ਬਖਸ਼ਦਾ ਹੈ ਜਿਸ ਦੇ ਪਾਸਾਰ ਲਈ **'ਆਤਮ ਮਾਰਗ'** ਬਚਨ-ਬੱਧ ਹੈ। ਮਹਾਂਪੁਰਸ਼ਾਂ ਨੇ ਆਤਮ ਮਾਰਗ ਨੂੰ ਐਸੀ ਦਿਸ਼ਾ ਵਲ ਹੀ ਪ੍ਰੇਰਤ ਕੀਤਾ ਹੈ, ਉਨ੍ਹਾਂ ਦੀਆਂ ਲੜੀਵਾਰ ਛਪ ਰਹੀਆਂ ਲਿਖਤਾਂ ਸਾਨੂੰ ਅਸਲ ਜੀਵਨ ਜਾਚ ਪ੍ਰਦਾਨ ਕਰਦੀਆਂ ਹਨ। ਸਤਿਕਾਰਯੋਗ ਭਾਈ ਸਾਹਿਬ (ਲਖਬੀਰ ਸਿੰਘ ਜੀ) ਨੇ 32 ਸਾਲ ਨਿਕਟ ਹੋ ਕੇ ਮਹਾਂਪੁਰਸ਼ਾਂ ਦੀ ਸੰਗਤ ਮਾਣੀ ਹੈ। ਆਪ ਜੀ ਦੀ ਮਹਾਂਪੁਰਸ਼ਾਂ ਦੇ ਦਰਸਾਏ ਗੁਰਮਤਿ ਮਾਰਗ ਨਾਲ ਪੂਰੀ ਤਰ੍ਹਾਂ ਬਚਨ-ਬਧਤਾ ਹੈ ਅਤੇ ਆਪ ਇਸ ਦਿਸ਼ਾ ਵਲ ਹੀ ਪੂਰੀ ਤਰ੍ਹਾਂ ਕਿਰਿਆਸ਼ੀਲ ਹਨ, ਇਹ ਬਹੁਤ ਹੀ ਸੁਭਾਗੀ ਗੱਲ ਹੈ। ਅੱਜ ਦੇ ਵਿਚਾਰ ਦੇ ਸਨਮੁਖ ਹੁੰਦਿਆਂ ਆਓ! ਸਤਿਗੁਰੂ ਅੱਗੇ ਅਸਲ ਜੀਵਨ ਦੀ, ਨਾਮ ਜੀਵਨ ਦੀ ਯਾਚਨਾ ਕਰੀਏ, ਨਾਮ ਦੇ ਰੰਗ ਵਿਚ ਜੀਵੀਏ-

***ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥***
***ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥***
***ਪੰਨਾ - 761***



Sri Satguru Jagjit Singh Ji eLibrary NamdhariElibrary@gmail.com

# ਦੋਸੁ ਕਰੰਮਾ ਆਪਣਿਆ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ – 17)*

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ – 1356***

ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ, ਉਸਦਾ ਜਨਮ ਕੁਤਿਆਂ, ਸੂਰਾਂ, ਗਧਿਆਂ, ਕਾਵਾਂ ਤੇ ਸੱਪਾਂ ਦੀ ਨਿਆਈਂ ਹੁੰਦੈ ਤੇ ਭ੍ਰਿਸ਼ਟਿਆ ਹੋਇਆ ਹੁੰਦਾ ਹੈ ਪਰ ਅਫਸੋਸ ਕਿ ਇਹ ਆਵਾਜ਼ ਸੁਣੀ ਨਹੀਂ ਜਾਂਦੀ। ਸੋ ਇਹ ਜਿੰਦਗੀ ਦਾ ਇਕ ਪੱਖ ਹੈ ਜਿਸ ਨੂੰ ਦੁਖਾਂ ਦਾ ਪੱਖ ਕਹਿੰਦੇ ਹਨ।

ਦੂਜਾ ਸੁਖਾਂ ਦਾ ਪੱਖ ਹੋਇਆ ਕਰਦਾ ਹੈ। ਸੁਖਾਂ ਨੂੰ ਪ੍ਰਾਪਤ ਕਰਨ ਲਈ ਗੁਰੂ ਦੇ ਪਿਛੇ ਲੱਗਣਾ ਪੈਂਦਾ ਹੈ। ਉਸ ਸੰਬੰਧੀ ਫੁਰਮਾਨ ਹੈ –

**ਨੋਟ – ਇਸ ਲੇਖ ਵਿਚ ਪਹਿਲਾਂ ਆਪ ਪੜ੍ਹ ਚੁੱਕੇ ਹੋ ਕਿ ਉਹ ਕਿਹੜੇ ਕਰਮ ਹਨ ਜਿਨ੍ਹਾਂ ਕਰਕੇ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਇਸ ਹਿਸੇ ਵਿਚ ਆਪ ਪੜ੍ਹੋਗੇ ਕਿ ਉਹ ਕਿਹੜੇ ਕਰਮ ਹਨ ਜੋ ਸੁਖ ਦਿੰਦੇ ਹਨ, ਜਨਮ ਮਰਨ ਦਾ ਭਉ ਕੱਟ ਦਿੰਦੇ ਹਨ, ਜੀਵਨ ਪਦਵੀ ਪ੍ਰਾਪਤ ਹੁੰਦੀ ਹੈ ਜਿਸ ਕਰਕੇ ਭਗਤ ਬੇਪਰਵਾਹ ਹੋ ਕੇ ਵਾਹਿਗੁਰੂ ਦੇ ਰੰਗ ਵਿਚ ਵਿਚਰਦੇ ਹਨ।**

***ਗੁਰਮੁਖਿ ਅੰਤਰਿ ਸਾਂਤਿ ਹੈ***
***ਮਨਿ ਤਨਿ ਨਾਮਿ ਸਮਾਇ॥***
***ਨਾਮੁ ਚਿਤਵੈ ਨਾਮੋ ਪੜੈ***
***ਨਾਮਿ ਰਹੈ ਲਿਵ ਲਾਇ॥***
***ਪੰਨਾ – 1317***

ਓਹ ਫਿਰ ਦਿਨ ਰਾਤ ਨਾਮ ਜਪਦਾ ਹੈ, ਬਾਣੀ ਪੜ੍ਹਦਾ ਹੈ, ਚੰਗੇ ਕੰਮ ਕਰਦਾ ਹੈ –

***ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ॥***
***ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥***
***ਪੰਨਾ – 31***

***ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ॥***
***ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥***
***ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥***
***ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ॥***
***ਪੰਨਾ – 1418***

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥***
***ਪੰਨਾ – 1414***

ਵਾਹਿਗੁਰੂ ਨੂੰ ਹਮੇਸ਼ਾ ਹਿਰਦੇ ਵਿਚ ਰੱਖਦੇ ਹਨ ਜਿਵੇਂ ਸੁਹਾਗਣ ਹਮੇਸ਼ਾ ਆਪਣੇ ਪਤੀ ਨੂੰ ਯਾਦ ਕਰਦੀ ਰਹਿੰਦੀ ਹੈ। ਮਿਠੇ ਬਚਨ ਬੋਲਦੇ ਹਨ, ਨਿਵ ਕੇ ਚਲਦੇ ਹਨ ਜਿਸ ਨਾਲ ਪਿਆਰੇ ਦੀ ਖੁਸ਼ੀ ਮਿਲੇ। ਜੋ ਹਮੇਸ਼ਾ ਗਿਆਨ ਦੇ ਵਿਚ ਰਹਿੰਦੇ ਹਨ ਉਹ ਸਰੀਰਕ ਤੌਰ ਤੇ ਭਾਵੇਂ ਬੁਢੇ ਹੋ ਜਾਣ ਪਰ ਆਤਮਕ ਤੌਰ ਤੇ ਕਦੀ ਵੀ ਬੁਢੇ ਨਹੀਂ ਹੁੰਦੇ, ਹਮੇਸ਼ਾ ਹੀ ਪ੍ਰਭੂ ਦੇ ਧਿਆਨ ਵਿਚ ਰਹਿੰਦੇ ਹਨ ਤੇ ਦੁਖ ਸੁਖ ਨੂੰ ਸਮ ਸਮਝ ਕੇ ਵਿਵੇਕ ਬੁਧੀ ਵਿਚ ਰਹਿੰਦੇ ਹਨ ਅਤੇ ਗਿਆਨ ਵਿਚ ਰਹਿੰਦੇ ਹਨ।

***ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥***
***ਪੰਨਾ – 1419***

ਦੁਖ ਨੂੰ ਸੁਖ ਸਮਝ ਲੈਂਦੇ ਹਨ –

***ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮ ਪਛਾਨ॥***
***ਪੰਨਾ – 1419***

ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦੇਖਦੇ ਹਨ।

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਪੰਨਾ – 1414***

ਮਨ ਉਪਰ ਬਿਰਤੀ ਵਿਚ ਚੜ੍ਹ ਜਾਂਦਾ ਹੈ – ਦਸਵੇਂ ਆਕਾਸ਼ ਵਿਚ, ਜਿਥੇ ਫੁਰਨਾ ਨਹੀਂ ਹੋਇਆ ਕਰਦਾ।

***ਤਿਥੈ ਊਂਘ ਨ ਭੁਖ ਹੈ ਹਰਿ***
***ਅੰਮ੍ਰਿਤ ਨਾਮੁ ਸੁਖ ਵਾਸੁ॥***
***ਪੰਨਾ – 1414***

ਉਥੇ ਮਾਇਆ ਦਾ ਅਸਰ ਨਹੀਂ ਹੁੰਦਾ, ਤ੍ਰਿਸ਼ਨਾ ਦੀ ਭੁਖ ਨਹੀਂ ਲਗਦੀ, ਉਥੇ ਅੰਮ੍ਰਿਤ ਰੂਪੀ ਨਾਮ ਦੇ ਸੁਖਾਂ ਦਾ ਵਾਸਾ ਹੋਇਆ ਕਰਦਾ ਹੈ।

***ਨਾਨਕ ਦੁਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਕਾਸੁ॥***
***ਪੰਨਾ – 1414***

ਸੋ ਇਕ ਤਾਂ ਜਿੰਦਗੀ ਇਹ ਹੈ ਜੋ ਸੁਖਾਂ ਦੀ ਭਰੀ ਹੋਈ ਹੈ।

***ਖੋਜਤ ਖੋਜਤ ਤਤੁ ਬਿਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***
***ਪੰਨਾ – 714***

ਦੂਸਰਾ ਇਸ ਪੱਖ ਦੇ ਅੰਦਰ ਇਹ ਹੈ ਕਿ ਇਹ ਸਰੀਰ ਤਾਂ ਜਰੂਰ ਨਾਸ਼ ਹੋਏਗਾ, ਸਭ ਦਾ ਹੀ ਹੋਏਗਾ ਭਾਵੇਂ ਛੋਟਾ ਹੈ, ਭਾਵੇਂ ਵੱਡਾ ਹੈ। ਲੇਕਿਨ ਇਕ ਜੁਗਤ ਐਸੀ ਸਿਖ ਲਈਦੀ ਹੈ ਕਿ ਮੁੜ ਕੇ ਫੇਰ ਨਾ ਮਰੀਏ। ਇਹਦੇ ਅੰਦਰ ਜਿਹੜਾ ਜੀਵ ਰਹਿੰਦਾ ਹੈ, ਮਰਦਾ ਜੰਮਦਾ ਰਹਿੰਦਾ ਹੈ। ਮਨਮੁਖ ਦਾ ਜੀਵ ਹਰ ਵਕਤ ਜੰਮਦਾ ਹੈ, ਹਰ ਵਕਤ ਮਰਦਾ ਹੈ, ਮਰੀ ਜਾਂਦਾ ਹੈ, ਜੰਮੀ ਜਾਂਦਾ ਹੈ, ਬਹੁਤ ਸਜਾ ਮਿਲਦੀ ਹੈ। ਜਿਹੜਾ ਗੁਰਮੁਖ ਦੇ ਅੰਦਰ ਰਹਿੰਦਾ ਹੈ ਉਹ ਨਹੀਂ ਮਰਦਾ, ਨਾ ਹੀ ਜੰਮਦਾ ਹੈ। ਇਕ ਵਾਰੀ ਇਸ ਸਰੀਰ 'ਚੋਂ ਨਿਕਲਿਆ, ਉਸ ਤੋਂ ਬਾਅਦ ਮਰਜੀ ਨਾਲ ਆਏਗਾ, ਮਰਜੀ ਨਾਲ ਜਾਏਗਾ। ਇਸ ਕਰਕੇ ਮਹਾਰਾਜ ਕਹਿੰਦੇ ਹਨ, ਤੂੰ ਗੁਰੂ ਨੂੰ ਮਿਲ ਕੇ ਉਹ ਜੁਗਤੀ ਸਿਖ ਲੈ ਜਿਸ ਦੇ ਨਾਲ ਤੂੰ ਹਮੇਸ਼ਾ ਲਈ ਜਿਉਂਦਾ ਰਹੇਂ।



Sri Satguru Jagjit Singh Ji eLibrary NamdhariElibrary@gmail.com

*ਧਾਰਨਾ - ਸਿਖ ਲੈ ਮਨਾ,*
*ਜੁਗਤੀ ਸਦਾ ਜਿਉਣ ਵਾਲੀ -2, 2.*

***ਕਿਆ ਜਾਨਾ ਕਿਵ ਮਰਹਗੇ ਕੈਸਾ ਮਰਣਾ ਹੋਇ॥***
***ਪੰਨਾ - 555***

ਮਰਨ ਤੋਂ ਸਾਰਾ ਸੰਸਾਰ ਡਰਦਾ ਹੈ ਕਿ ਪਤਾ ਨਹੀਂ ਕੈਸੀ ਮੌਤ ਆ ਜਾਵੇ, ਸਭ ਮੌਤ ਤੋਂ ਡਰਦੇ ਹਨ। ਪਰ -

***ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥***
***ਪੰਨਾ - 555***

ਇਕ ਜੁਗਤੀ ਹਾਂ ਇਹ ਹੈ ਕਿ ਜੇ ਵਾਹਿਗੁਰੂ ਨਾ ਮਨ ਤੋਂ ਵਿਸਰੇ ਤਾਂ ਆਰਾਮ ਦੇ ਨਾਲ ਹੀ ਆਦਮੀ ਚਲਾ ਜਾਇਆ ਕਰਦਾ ਹੈ।

***ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥***
***ਪੰਨਾ - 555***

ਕੋਈ ਵੀ ਸੰਸਾਰ ਵਿਚ ਐਸਾ ਜੀਵ ਨਹੀਂ ਹੈ ਜੋ ਮਰਨਾ ਚਾਹੁੰਦਾ ਹੈ। ਆਹ ਮੱਖੀ ਹੈ, ਜਦੋਂ ਇਸ ਨੂੰ ਮਾਰਨ ਲੱਗੋ ਤਾਂ ਨੱਠ ਜਾਏਗੀ। ਮੱਛਰ ਨਿਕਾ ਜਿਹਾ ਹੈ। ਕੀ ਪਤਾ ਰੱਬ ਨੇ ਇਸ ਨੂੰ ਕਿਹੋ ਜਿਹਾ ਬਣਾਇਆ ਹੈ ਜਰਾ ਕੁ ਮਾਰਨ ਨੂੰ ਹੱਥ ਚੁਕੋ, ਕਿਤੇ ਦਾ ਕਿਤੇ ਜਾਂਦਾ ਹੈ ਕਿਉਂਕਿ ਮਰਨ ਤੋਂ ਡਰਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਜਿੰਨੇ ਵੀ ਆਏ ਹਨ, ਸਭ ਮਰਨ ਤੋਂ ਡਰਦੇ ਹਨ। ਸਭ ਇਹੀ ਕਹਿੰਦੇ ਹਨ ਕਿ ਅਸੀਂ ਜਿਉਂਦੇ ਰਹਿ ਜਾਈਏ।

***ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ॥***
***ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ॥***
***ਪੰਨਾ - 555***

ਜੇ ਮਰਨ ਦੀ ਜਾਚ ਆ ਜਾਵੇ, ਜੇ ਪਤਾ ਲਗ ਜਾਵੇ ਕਿ ਕਿਹੜੀ ਮੌਤ ਕਰਕੇ ਸਦਾ ਦੀ ਜਿੰਦਗੀ ਪ੍ਰਾਪਤ ਹੁੰਦੀ ਹੈ ਫੇਰ ਤਾਂ ਆਦਮੀ ਬਾਜੀ ਜਿਤ ਗਿਆ ਕਿਉਂਕਿ ਫੇਰ ਉਸ ਨੂੰ ਸਦਾ ਦਾ ਜੀਵਨ ਮਿਲ ਗਿਆ, ਮੁੜ ਕੇ ਮੌਤ ਨਹੀਂ ਆਵੇਗੀ। ਇਕ ਵਾਰੀ ਆ ਗਈ ਜਿਹੜੀ ਆ ਗਈ, ਫਿਰ ਦੁਬਾਰਾ ਨਹੀਂ ਆਇਆ ਕਰਦੀ। ਸੋ ਉਹ ਜੁਗਤੀ ਗੁਰੂ ਤੋਂ ਮਿਲਦੀ ਹੈ।

***ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ॥***
***ਪੰਨਾ - 948***

ਹੁਣ ਸਵਾਲ ਆ ਗਿਆ ਕਿ ਜੇਕਰ ਜੀਵਤ ਮਰ ਜਾਵੇ ਤਾਂ ਫਿਰ ਉਹ ਜੁਗਤੀ ਮਿਲਦੀ ਹੈ। ਹੁਣ ਸਵਾਲ ਮਹਾਰਾਜ ਜੀ ਨੇ ਕਰ ਦਿਤਾ ਕਿ ਇਸ ਮਨ ਨੂੰ ਕਿਵੇਂ ਮਾਰਿਆ ਜਾਵੇ, ਕਿਵੇਂ ਜੀਉਂਦਾ ਮੁਰਦਾ ਬਣ ਜਾਵੇ? ਅਸੀਂ ਤਾਂ ਇਹ ਸ਼ਬਦ ਪੜ੍ਹਦੇ ਹਾਂ ਕਿ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਹੁਣ ਸਵਾਲ ਹੁੰਦਾ ਹੈ ਕਿ ਮੁਰਦਾ ਕਿਵੇਂ ਬਣੀਦਾ ਹੈ? ਕੀ ਜੀਉਂਦਾ ਆਦਮੀ ਵੀ ਮੁਰਦਾ ਬਣ ਸਕਦਾ ਹੈ? ਮਹਾਰਾਜ ਜੀ ਕਹਿੰਦੇ ਹਨ -

***ਕਿਉ ਕਰ ਇਹ ਮਨ ਮਾਰੀਐ ਕਿਉ ਕਰਿ ਮਿਰਤਕ ਹੋਇ॥***
***ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ॥***
***ਪੰਨਾ - 948***

ਆਪ ਇਹ ਮੰਨਦਾ ਨਹੀਂ, ਕਹਿ ਕਹਿ ਕੇ ਦੇਖ ਲਿਆ। ਗੁਰੂ ਗਰੰਥ ਸਾਹਿਬ ਜੀ ਦੇ ਹਜ਼ਾਰਾਂ ਪਾਠ ਸੁਣ ਲਏ, ਲੇਕਿਨ ਨਿਗੁਰੇ ਦਾ ਨਿਗੁਰਾ ਰਹਿ ਗਿਆ, ਪੱਥਰ ਦਾ ਪੱਥਰ ਰਹਿ ਗਿਆ ਤੇ ਇਹ ਹਉਮੈ ਛਡਦਾ ਨਹੀਂ ਹੈ। ਪਹਿਲਾਂ ਇਕੋ ਤਰੀਕਾ ਹੈ ਕਿ -

***ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ॥***
***ਪੰਨਾ - 948***

ਕਿਉਂਕਿ ਹਉਮੈ ਛੁਟਦੀ ਨਹੀਂ। ਇਹਦੇ ਅੰਦਰ ਦੋ ਚੀਜ਼ਾਂ ਜਿਉਂਦੀਆਂ ਹਨ - ਇਕ ਹੰਗਤਾ ਹੈ ਤੇ ਇਕ ਮਮਤਾ ਹੈ। ਹੰਗਤਾ ਨੂੰ 'ਮੈਂ' ਕਹਿੰਦੇ ਹਨ, ਮੈਂ ਆਹ ਬਣ ਗਿਆ, ਮੈਂ ਅਮੀਰ ਹੋ ਗਿਆ, ਮੈਂ ਖਾਂਦਾ ਹਾਂ, ਮੈਂ ਪੀਂਦਾ ਹਾਂ। 'ਮੇਰਾ' 'ਮੇਰਾ' ਨੂੰ ਮਮਤਾ ਕਹਿੰਦੇ ਹਨ। ਜਦੋਂ ਇਹਦਾ ਮੈਂ ਤੇ ਮੇਰਾ ਮਰ ਗਿਆ ਉਸ ਵੇਲੇ ਆਦਮੀ ਨੂੰ ਸਦਾ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ।

***ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ॥***
***ਪੰਨਾ - 948***

ਹੰਗਤਾ (ਹਉਮੈ) ਤੇ ਮਮਤਾ ਕਿਸ ਤਰ੍ਹਾਂ ਨਾਲ ਮਰਦੀਆਂ ਹਨ? ਇਸ ਨੂੰ ਜਦੋਂ ਗੁਰੂ ਸ਼ਬਦ ਦਿੰਦਾ ਹੈ, ਪੰਜ ਪਿਆਰੇ ਸ਼ਬਦ ਦਿੰਦੇ ਹਨ, ਉਹਦੇ ਜਪਣ ਨਾਲ ਇਹ ਮਰ ਜਾਇਆ ਕਰਦੀਆਂ ਹਨ। ਹੋਰ ਕਿਸੇ ਯਤਨ ਨਾਲ ਨਹੀਂ ਮਰਦੀਆਂ ਭਾਵੇਂ ਚਾਰੇ ਬੇਦ ਪੜ੍ਹ ਲਵੋ, ਕੁਰਾਨ ਸ਼ਰੀਫ, ਗੁਰੂ ਗਰੰਥ ਸਾਹਿਬ ਪੜ੍ਹ ਲਵੋ।

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਪੰਨਾ - 148***

ਪੜ੍ਹ ਕੇ ਗੱਲ ਨਹੀਂ ਬਣਨੀ, ਇਹਨੂੰ ਪਾਉਣ ਵਾਸਤੇ ਤਾਂ ਅਮਲੀ ਕਾਰਜ ਕਰਨਾ ਪੈਣਾ ਹੈ। ਜਿਵੇਂ ਬੱਚਾ ਸਾਇੰਸ ਦੀ ਕਿਤਾਬ ਪੜ੍ਹਦਾ ਹੈ, ਉਸਦੇ ਵਿਚ ਲਿਖਿਆ ਹੋਇਐ ਕਿ ਗੈਸ ਇਸ ਤਰੀਕੇ ਨਾਲ ਬਣਦੀ ਹੈ। ਹਾਈਡਰੋਜ਼ਨ 16 ਤੇ ਆਕਸੀਜਨ ਇਕ। ਦੋਵਾਂ ਦੇ ਸਿਲੰਡਰ ਹੋਣ, ਦੋਵਾਂ ਨੂੰ ਇਕੱਠੇ ਕਰਕੇ ਬਿਜਲੀ ਦੀ ਕਰੰਟ ਪਾਸ ਕਰ ਦਿਓ ਤਾਂ ਪਾਣੀ ਬਣ ਜਾਂਦਾ ਹੈ। ਇਸ ਨੂੰ ਜਿੰਨਾਂ ਜੀ ਕਰਦਾ ਹੈ ਪੜ੍ਹਦੇ ਜਾਵੋ, ਯਾਦ ਕਰਦੇ ਜਾਵੋ, ਪਰ ਜਿੰਨਾ ਚਿਰ ਤੁਸੀਂ 16 ਸਿਲੰਡਰ ਹਾਈਡਰੋਜਨ ਦੇ, 1 ਸਿਲੰਡਰ ਆਕਸੀਜਨ ਦਾ ਇਕੱਠਾ ਨਹੀਂ ਕਰਦੇ ਤੇ ਬਿਜਲੀ ਦੀ ਕਰੰਟ ਨਹੀਂ ਲੰਘਾਉਂਦੇ, ਉਨਾਂ ਚਿਰ ਪਾਣੀ ਨਹੀਂ ਪੀ ਸਕਦੇ ਕਿਉਂਕਿ ਪਾਣੀ ਬਣਨਾ ਹੀ ਨਹੀਂ। ਪਾਣੀ ਤਾਂ ਤਦ ਹੀ ਬਣੇਗਾ ਜੇਕਰ ਅਸੀਂ ਵਿਧੀ ਪੂਰਬਕ ਪਾਣੀ ਬਣਾਉਣ ਦੀ ਕਿਰਿਆ ਕਰਾਂਗੇ। ਇਸ ਤਰ੍ਹਾਂ ਨਾਲ ਹਉਮੈ ਨੇ ਤਦ ਹੀ ਮਰਨਾ ਹੈ ਜਦੋਂ ਗੁਰੂ ਦਾ ਸ਼ਬਦ ਪ੍ਰਾਪਤ ਹੋ ਗਿਆ ਤੇ ਉਸ ਦੀ ਕਮਾਈ ਕੀਤੀ ਜਾਵੇ।

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***


Sri Satguru Jagjit Singh Ji eLibrary NamdhariElibrary@gmail.com

***ਭਾਈ ਗੁਰਦਾਸ ਜੀ ਦੀ ਵਾਰ 13/2***

ਵਾਹਿਗੁਰੂ ਮੰਤਰ ਦਾ ਜਾਪ ਕਰਦਿਆਂ ਕਰਦਿਆਂ ਹਉਮੈ ਚਲੀ ਜਾਂਦੀ ਹੈ, ਖਤਮ ਹੋ ਜਾਂਦੀ ਹੈ। ਜਿਸ ਵਕਤ ਹਉਮੈ ਚਲੀ ਗਈ ਤਾਂ ਜੀਵਨ ਮੁਕਤ ਹੋ ਜਾਂਦਾ ਹੈ।

***ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥***
***ਪੰਨਾ - 1009***

ਸੋ ਇਸ ਤਰ੍ਹਾਂ ਜਦੋਂ ਜੀਉਂਦਾ ਮਰ ਗਿਆ ਤਾਂ ਸਦਾ ਦੀ ਜ਼ਿੰਦਗੀ ਪ੍ਰਾਪਤ ਹੋ ਜਾਇਆ ਕਰਦੀ ਹੈ।

***ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ॥***
***ਪੰਨਾ - 948***

ਸਾਰੇ ਹੀ ਜੀਵਨ ਮੁਕਤ, ਜੀਵਨ ਮੁਕਤ ਦਾ ਜਿਕਰ ਕਰਦੇ ਹਨ ਪਰ ਕਿਸ ਤਰ੍ਹਾਂ ਜੀਵਨ ਮੁਕਤ ਹੋਵੇ।

***ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ॥***
***ਪੰਨਾ - 948***

ਪ੍ਰਮੇਸ਼ਰ ਦੇ ਭੈਅ ਦਾ ਸੰਜਮ ਕਰੇ ਅਤੇ ਪਿਆਰ ਦੀ ਦਾਰੂ ਕਰੇ -

***ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ॥***
***ਪੰਨਾ - 948***

ਕੀਰਤਨ ਕਰਕੇ ਪ੍ਰਮੇਸ਼ਰ ਦੇ ਗੁਣ ਗਾਵੋ ਅਤੇ ਜਿਹੜਾ ਵਿਹੁ ਦਾ ਭਰਿਆ ਹੋਇਆ ਭਵਜਲ ਸਾਗਰ ਹੈ, ਨਾਮ ਜਪ ਜਪ ਕੇ ਸਹਿਜੇ ਹੀ ਤਰ ਜਾਈਦਾ ਹੈ।

***ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ॥***
***ਪੰਨਾ - 948***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਜੀਵਨ ਜੁਗਤੀ ਗੁਰਮੁਖਾਂ ਦੇ ਹਿਸੇ ਆਈ ਹੈ। ਉਹ ਹੀ ਇਸ ਨੂੰ ਪਾਉਂਦੇ ਹਨ ਤੇ ਵਾਹਿਗੁਰੂ ਦੀ ਨਦਰ ਵੀ ਉਨ੍ਹਾਂ ਉਤੇ ਹੀ ਹੁੰਦੀ ਹੈ। ਸੋ ਇਸ ਤਰ੍ਹਾਂ ਸਦਾ ਦਾ ਜੀਵਨ ਪਾਉਣ ਦੀ ਜੁਗਤੀ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਸੁਖਾਲੀ ਦੱਸੀ ਹੈ।

***ਧਾਰਨਾ - ਜੀਵਨ ਪਦਵੀ ਮਿਲਗੀ,***
***ਜਿਹਨਾਂ ਨੇ ਸਾਸ ਸਾਸ ਹਰਿ ਜਪਿਆ -2, 2.***

***ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥***
***ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥***
***ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ॥***
***ਪੰਨਾ - 556***

ਸਾਧ ਸੰਗਤ ਜੀ! ਜਿਹਦੇ ਉਤੇ ਪ੍ਰਮੇਸ਼ਰ ਕਿਰਪਾ ਕਰ ਦੇਵੇ ਤਾਂ ਉਹ ਐਸੀ ਅਵਸਥਾ ਵਿਚ ਚਲਿਆ ਜਾਂਦਾ ਹੈ ਕਿ ਦੁਬਾਰਾ ਮੌਤ ਨਹੀਂ ਹੋਇਆ ਕਰਦੀ। ਨਾਮ ਜਪਕੇ ਕਿਡੀ ਵੱਡੀ ਪਦਵੀ ਪਾ ਲਈ। ਇਕ ਪਾਸੇ ਮਨਮੁਖ ਹੈ ਜਿਹੜਾ ਦੁਖ ਹੀ ਦੁਖ ਪਾਉਂਦਾ ਹੈ।

***ਜਮਿ ਜਮਿ ਮਰੈ ਮਰੈ ਫਿਰਿ ਜੰਮੈ॥***
***ਬਹੁਤੁ ਸਜਾਇ ਪਇਆ ਦੇਸਿ ਲੰਮੈ॥ ਪੰਨਾ - 1020***

ਮਨਮੁਖ ਨੂੰ ਬਹੁਤ ਲੰਮੀ ਸਜਾ ਮਿਲਦੀ ਹੈ, ਲੰਮੇ ਚੱਕਰ ਵਿਚ ਪੈ ਜਾਂਦਾ ਹੈ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ।

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲਿ ਇਹ ਦੇਹ ਸੰਜਰੀਆ॥***
***ਕਈ ਜਨਮ ਸੈਲ ਗਿਰਿ ਕਰਿਆ॥ ਪੰਨਾ - 176***

ਬਹੁਤ ਲੰਮੇ ਚੱਕਰ, ਜਿਸ ਨੂੰ ਚੁਰਾਸੀ ਦਾ ਚੱਕਰ ਕਹਿੰਦੇ ਹਨ, ਇਸ ਚੱਕਰ ਵਿਚ ਪੈ ਜਾਂਦਾ ਹੈ।

***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥***
***ਪੰਨਾ - 156***

ਕਦੇ ਨਾਗਾਂ ਦੀਆਂ ਕੁਲੀਆਂ ਵਿਚ ਆ ਗਿਆ, ਕਦੇ ਖੰਭਾਂ ਵਾਲੇ ਪੰਛੀਆਂ ਦੀ ਜੂਨੀ ਵਿਚ ਆ ਗਿਆ। ਇਕ ਪਾਸੇ ਇਹ ਜੀਵਨ ਹੈ ਤੇ ਦੂਜੇ ਪਾਸੇ ਐਸਾ ਜੀਵਨ ਹੈ ਕਿ ਮੌਤ ਨੇੜੇ ਹੀ ਨਹੀਂ ਆਉਂਦੀ। ਮੌਤ ਦੂਰ ਖੜ੍ਹਦੀ ਹੈ ਤੇ ਪੁਛਦੀ ਹੈ ਕਿ ਚਲਣਾ ਹੈ? ਅੱਗੋਂ ਗੁਰਮੁਖ ਕਹਿੰਦਾ ਹੈ ਕਿ ਅਜੇ ਠਹਿਰ ਜਾ, ਹਾਲੇ ਮੈਂ ਜਾਣਾ ਨਹੀਂ ਹੈ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੂੰ ਪ੍ਰਮੇਸ਼ਰ ਵਲੋਂ ਸਚਖੰਡ ਜਾਣ ਦਾ ਸੱਦਾ ਆ ਗਿਆ ਅਤੇ ਆਪ ਜੀ ਨੇ ਸੰਗਤਾਂ ਨੂੰ ਬੁਲਾ ਲਿਆ ਤੇ ਕਿਹਾ, ਭਾਈ ਜਿਸ ਨੇ ਕੁਝ ਪੁਛਣਾ ਹੈ ਪੁਛ ਲਵੋ, ਅਸੀਂ ਫਲਾਣੇ ਦਿਨ ਫਲਾਣੇ ਸਮੇਂ ਚਲੇ ਜਾਣਾ ਹੈ। ਸੰਗਤਾਂ ਨੇ ਰੋ ਰੋ ਕੇ, ਵੈਰਾਗ ਕਰਕੇ ਬੇਨਤੀਆਂ ਕੀਤੀਆਂ ਕਿ ਮਹਾਰਾਜ ਜੀ ਅਜੇ ਆਪ ਠਹਿਰੋ। ਕਹਿਣ ਲੱਗੇ ਸਾਧ ਸੰਗਤ! ਇਹ ਤਾਂ ਅਕਾਲ ਪੁਰਖ ਦੀ ਰਜਾਅ ਹੈ, ਚਲੋ ਜੇ ਤੁਸੀਂ ਕਹਿੰਦੇ ਹੋ ਤਾਂ ਮੇਰੀ ਥਾਂ ਤੇ ਹੋਰ ਕੋਈ ਚਲਾ ਜਾਵੇ। ਸੰਤ ਲਾਲ ਸਿੰਘ ਜੀ ਜੋ ਲੰਗਰ ਦੀ ਸੇਵਾ ਕਰਦੇ ਹੁੰਦੇ ਸਨ, ਕੋਲ ਖੜ੍ਹੇ ਸਨ। ਉਹਨਾਂ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਦੀ ਥਾਂ ਤੇ ਮੈਂ ਚਲਿਆ ਜਾਂਦਾ ਹਾਂ। ਬਾਬਾ ਜੀ ਕਹਿਣ ਲੱਗੇ, ਚੰਗਾ ਠੀਕ ਹੈ ਤੁਸੀਂ 2 ਸਾਲ ਦੋ ਮਹੀਨੇ ਦੋ ਦਿਨ ਨੂੰ ਤੁਸੀਂ ਜਾਣਾ ਹੈ, ਤੁਸੀਂ ਹੁਣ ਚਲੇ ਜਾਵੋ, ਅਸੀਂ ਤੁਹਾਡੀ ਥਾਂ ਆ ਜਾਵਾਂਗੇ। ਦੇਖੋ ਕਿਡੀ ਸੁਖਾਲੀ ਮੌਤ ਬਣ ਗਈ। ਕਿਥੇ ਅਸੀਂ ਖੜ੍ਹੇ ਹਾਂ ਕਿ ਮੌਤ ਤੋਂ ਡਰਦੇ ਹਾਂ ਕਿਉਂਕਿ ਮਰਨ ਦਾ ਢੰਗ ਪਤਾ ਨਹੀਂ ਲਗ ਸਕਿਆ। ਮਰ ਕੇ ਅਸੀਂ ਜਾਣਾ ਕਿਥੇ ਹੈ, ਅਸੀਂ ਪ੍ਰਮੇਸ਼ਰ ਕੋਲ ਹੀ ਜਾਣਾ ਹੈ, ਹੋਰ ਕਿਤੇ ਵੀ ਨਹੀਂ ਜਾਣਾ, ਆਪਣੇ ਗੁਰੂ ਕੋਲ ਹੀ ਜਾਣਾ ਹੈ। ਜਿਨ੍ਹਾਂ ਨੇ ਜਿਉਂਦੇ ਜਿਉਂਦੇ ਗੁਰੂ ਨਾਲ ਪ੍ਰੀਤਾਂ ਪਾ ਲਈਆਂ, ਉਨ੍ਹਾਂ ਨੂੰ ਜਮਦੂਤ ਲੈਣ ਨਹੀਂ ਆਇਆ ਕਰਦੇ, ਗੁਰੂ ਮਹਾਰਾਜ ਆਪ ਹੀ ਲੈਣ ਆਇਆ ਕਰਦੇ ਹਨ। ਗੁਰਮੁਖ ਪਿਆਰਿਆਂ ਨੂੰ ਲੈਣ ਵਾਸਤੇ ਆਪਣੇ ਸਿੰਘਾਂ ਨੂੰ ਭੇਜਿਆ ਕਰਦੇ ਹਨ।

ਇਸ ਤਰ੍ਹਾਂ ਦੇ ਕਈ ਵਾਕਿਆਤ ਮੈਨੂੰ ਯਾਦ ਹਨ ਜੋ ਮੇਰੀਆਂ ਅੱਖਾਂ ਸਾਮ੍ਹਣੇ ਗੁਜ਼ਰੇ ਹਨ। ਮੇਰੇ ਇਕ ਮਿੱਤਰ ਕਰਨਲ


Sri Satguru Jagjit Singh Ji eLibrary NamdhariElibrary@gmail.com

ਲਾਲ ਸਿੰਘ ਜੀ ਸਨ। ਉਨ੍ਹਾਂ ਦਾ ਫਾਰਮ ਯੂ.ਪੀ. ਵਿਚ ਬਾਰਾਂਦਰੀ ਵਿਚ ਹੈ। ਪਟਿਆਲੇ, (ਪੈਪਸੂ) ਤੋਂ ਕਰਨਲ ਰਿਟਾਇਰ ਹੋਏ ਸਨ। ਉਹਨਾਂ ਦਾ ਸੱਤ ਸੌ ਏਕੜ ਦਾ ਫਾਰਮ ਸੀ ਤੇ ਬੜੇ ਅਮੀਰ ਸਨ। ਉਨ੍ਹਾਂ ਦੇ ਬੱਚੇ ਵੀ ਬੜੇ ਬੜੇ ਅਹੁਦਿਆਂ ਤੇ ਹਨ। ਜਦੋਂ ਉਹਨਾਂ ਦਾ ਅੰਤ ਸਮਾਂ ਆਇਆ, ਉਹਨਾਂ ਨੂੰ ਦਿਲੀ ਹਸਪਤਾਲ ਵਿਚ ਲੈ ਗਏ। ਚਾਰ ਡਾਕਟਰ ਤਾਂ ਉਹਨਾਂ ਦੇ ਘਰ ਦੇ ਹੀ ਸੀ। ਇਕ ਉਨ੍ਹਾਂ ਦਾ ਭਰਾ ਡਾਕਟਰ ਸੀ, ਬਾਕੀ ਹੋਰ ਰਿਸ਼ਤੇਦਾਰ ਸਨ।

ਉਨ੍ਹਾਂ ਦੇ ਆਲੇ ਦੁਆਲੇ ਸੱਤ ਅੱਠ ਡਾਕਟਰ ਖੜ੍ਹੇ ਹਨ। ਉਹ ਕੁਝ ਥੋੜ੍ਹਾ ਜਿਹਾ ਸੋਚਣ ਲੱਗ ਪਏ ਤੇ ਗੱਲਾਂ ਕਰਦੇ ਕਰਦੇ ਚੁਪ ਕਰ ਗਏ। ਉਹਨਾਂ ਦਾ ਛੋਟਾ ਭਰਾ ਡਾਕਟਰ ਮੁਨਸ਼ੀ ਸਿੰਘ (ਮੇਜਰ) ਕਹਿਣ ਲੱਗਿਆ ਕਿ ਲਾਲ ਸਿੰਘ ਸਾਨੂੰ ਪਛਾਣਦਾ ਹੈ? ਕਹਿਣ ਲੱਗਾ, ਹਾਂ, ਮੈਂ ਕੋਈ ਬੇਹੋਸ਼ ਤਾਂ ਨਹੀਂ ਹਾਂ। ਤੁਹਾਨੂੰ ਸਾਰਿਆਂ ਨੂੰ ਪਛਾਣਦਾ ਹਾਂ, ਤੇ ਇਕੱਲੇ ਇਕੱਲੇ ਦਾ ਨਾਮ ਲੈਣਾ ਸ਼ੁਰੂ ਕਰ ਦਿੱਤਾ ਕਿ ਆਹ ਫਲਾਣਾ, ਆਹ ਫਲਾਣਾ ਸਿੰਘ ਹੈ ਅਤੇ ਸਾਰੇ ਬੱਚਿਆਂ ਦਾ ਨਾਮ ਲਿਆ। ਮੁਨਸ਼ੀ ਸਿੰਘ ਨੂੰ ਕਹਿਣ ਲੱਗੇ ਕਿ ਤੈਨੂੰ ਸ਼ੱਕ ਪੈ ਗਿਆ? ਕਹਿੰਦਾ ਨਹੀਂ, ਮੈਂ ਤਾਂ ਵੈਸੇ ਹੀ ਪੁਛਿਆ ਸੀ। ਕਰਨਲ ਲਾਲ ਸਿੰਘ ਕਹਿਣ ਲੱਗੇ, ਲਉ ਬਈ! ਹੁਣ ਕੋਈ ਨਾ ਬੋਲਿਉ। ਔਹ ਦੇਖੋ, ਗੁਰੂ ਨਾਨਕ ਸਾਹਿਬ ਆ ਗਏ। ਇਕ ਦਮ ਬੋਲਣਾ ਸ਼ੁਰੂ ਕਰ ਦਿਤਾ ਕਿ "ਗੁਰੂ ਨਾਨਕ ਦੇਵ ਕੀ ਜੈ। ਗੁਰੂ ਅੰਗਦ ਸਾਹਿਬ ਕੀ ਜੈ, ਇਸੇ ਤਰ੍ਹਾਂ ਦੱਸਾਂ ਪਾਤਿਸ਼ਾਹੀਆਂ ਦੀ ਜੈ ਬੁਲਾ ਕੇ, ਕਹਿਣ ਲੱਗਿਆ ਕਿ ਮੈਂ ਤਾਂ ਹੁਣ ਚਲਿਆਂ, ਗੁਰੂ ਮਹਾਰਾਜ ਜੀ ਨਾਲ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਇੰਨਾ ਕਹਿ ਕੇ ਇਕ ਹੱਥ ਇਧਰ ਰੱਖ ਲਿਆ ਇਕ ਉਧਰ ਰੱਖ ਲਿਆ ਜਿਵੇਂ ਕੋਈ ਬੜੇ ਆਰਾਮ ਨਾਲ ਘਰ ਵਿਚੋਂ ਬਾਹਰ ਨਿਕਲ ਜਾਂਦਾ ਹੈ, ਇਸ ਤਰ੍ਹਾਂ ਸਰੀਰ ਵਿਚੋਂ ਨਿਕਲ ਗਏ। ਕਿਡੀ ਸੁਖਾਲੀ ਮੌਤ ਹੈ ਕਿ ਗੁਰੂ ਮਹਾਰਾਜ ਆਪ ਲੈਣ ਵਾਸਤੇ ਆ ਗਏ।

ਇਸ ਤਰ੍ਹਾਂ ਨਾਲ ਇਕ ਹੋਰ ਬੀਬੀ ਬਾਰੇ ਮੈਨੂੰ ਪਤਾ ਹੈ। ਉਸ ਦਾ ਪਿੰਡ ਆਹ ਨੇੜੇ ਹੀ ਸਾਧੂਗੜ੍ਹ ਸਟੇਸ਼ਨ ਦੇ ਕੋਲ ਹੈ। ਉਸ ਦਾ ਨਾਮ ਗੁਰਮੀਤ ਕੌਰ ਸੀ। ਉਹ ਦੱਸ ਕੇ ਗਈ ਸੀ ਕਿ ਮੈਂ ਫਲਾਣੇ ਦਿਨ ਨੂੰ ਐਸੇ ਵੇਲੇ ਚੜ੍ਹਾਈ ਕਰ ਜਾਣਾ ਹੈ। ਜ਼ਿਆਦਾ ਵਿਸਥਾਰ ਵਿਚ ਦੱਸਣ ਦਾ ਸਮਾਂ ਨਹੀਂ ਹੈ, ਇਸ ਕਰਕੇ ਇਸ਼ਾਰੇ ਮਾਤਰ ਹੀ ਦੱਸਦਾ ਹਾਂ ਕਿ ਉਹ ਆਪਣੇ ਪਿਤਾ ਨੂੰ ਕਹਿਣ ਲੱਗੀ ਕਿ ਤੁਸੀਂ ਅਜ ਬਾਹਰ ਨਾ ਜਾਇਓ, ਅੱਜ ਮੈਂ ਚੜ੍ਹਾਈ ਕਰ ਜਾਣਾ ਹੈ। ਉਸ ਨੂੰ ਇਸ ਤਰ੍ਹਾਂ ਕਹਿੰਦੀ ਨੂੰ ਕਈ ਸਾਲ ਹੋ ਗਏ, ਪਿਤਾ ਨੇ ਕਿਹਾ ਕਿ ਮੀਤੋ! ਤੂੰ ਤਾਂ ਐਵੇਂ ਕਮਲ ਕੁਟੀ ਜਾ ਰਹੀ ਹੈਂ, ਮੈਨੂੰ ਤਾਂ ਜਰੂਰੀ ਸ਼ਹਿਰ ਜਾਣੈ ਤੇ ਕਣਕ ਵੇਚ ਕੇ ਖਾਦ ਲੈ ਕੇ ਆਉਣੀ ਹੈ ਅਤੇ ਧਾਨਾਂ ਵਿਚ ਖਾਦ ਪਾਉਣੀ ਹੈ। ਉਹ ਸ਼ਹਿਰ ਚਲੇ ਗਏ ਅਤੇ ਮੀਤੋ ਨੇ ਦਿਨ ਦੇ 12 ਵਜੇ ਦਾ ਟਾਈਮ ਆਪਣੇ ਪਿਤਾ ਨੂੰ ਦੱਸਿਆ ਸੀ ਤੇ ਉਸ ਨੂੰ ਲੈਣ ਵਾਸਤੇ ਸਿੰਘ ਆ ਗਏ। ਉਸ ਨੇ ਜਾ ਕੇ ਮੰਜੇ ਤੇ ਬਿਠਾ ਦਿਤੇ। ਉਹ ਕਹਿਣ ਲੱਗੀ, ਬਾਬਾ ਜੀ ਕੀ ਹੁਕਮ ਹੈ, ਉਧਰੋਂ ਸਿੰਘਾਂ ਨੇ ਕਿਹਾ ਕਿ ਬੀਬਾ ਟਾਈਮ ਹੋ ਗਿਆ, ਹੁਣ ਚਲੀਏ। ਉਹ ਕਹਿਣ ਲੱਗੀ, ਮੇਰੇ ਪਿਤਾ ਜੀ ਗਏ ਹੋਏ ਹਨ, ਉਨ੍ਹਾਂ ਨੂੰ ਮੈਂ ਰੋਕਿਆ ਵੀ ਸੀ ਪਰ ਰੁਕੇ ਨਹੀਂ, ਜੇ ਤੁਸੀਂ 10-12 ਘੰਟੇ ਤੋਂ ਬਾਅਦ ਆ ਜਾਵੋ? ਤਾਂ ਕਹਿਣ ਲੱਗੇ, ਬੀਬਾ ਠੀਕ ਹੈ, ਅਸੀਂ ਹੁਣ ਰਾਤ ਦੇ ਬਾਰਾਂ ਵਜੇ ਆਵਾਂਗੇ। ਉਹ ਗੱਲਾਂ ਕਰਦੀ ਹੈ, ਉਸ ਨੂੰ ਦਿਸਦੇ ਹਨ, ਹੋਰ ਕਿਸੇ ਨੂੰ ਦਿਸਦੇ ਨਹੀਂ ਹਨ।

ਉਹ ਵਾਪਸ ਚਲੇ ਗਏ। ਸਾਰੇ ਲੋਕ ਹੈਰਾਨ ਹਨ ਤੇ ਇਕੱਠ ਕਾਫੀ ਹੋ ਗਿਆ ਸੀ ਤੇ ਲੋਕੀ ਗੱਲਾਂ ਕਰਦੇ ਹਨ ਕਿ ਇਹ ਕੁੜੀ ਐਵੇਂ ਕਰੀ ਜਾਂਦੀ ਹੈ, ਕੋਈ ਗਲ ਨਹੀਂ, ਕੋਈ ਬਾਤ ਨਹੀਂ ਤੇ ਰਾਤ ਦਸ ਵਜੇ ਇਹਦਾ ਪਿਤਾ ਸ਼ਹਿਰ ਤੋਂ ਵਾਪਸ ਆ ਗਿਆ। ਪਿਤਾ ਨੂੰ ਬੜੀ ਗੁਸੇ ਹੋਈ, ਕਹਿੰਦੀ ਪਿਤਾ ਜੀ! ਤੁਹਾਨੂੰ ਮੈਂ ਕਿਹਾ ਸੀ ਕਿ ਤੁਸੀਂ ਨਾ ਜਾਵੋ, ਅੱਜ ਮੈਂ ਜਾਣੈ। ਉਸਨੇ ਇਕ ਦਿਨ ਪਹਿਲਾਂ ਸਾਰੀ ਤਿਆਰੀ ਕਰ ਦਿਤੀ ਸੀ, ਰਾਸ਼ਨ ਰੱਖ ਦਿਤਾ ਦੇਗ ਵਾਸਤੇ। ਕੜਾਹੀਆਂ ਮਾਂਜ ਦਿਤੀਆਂ। ਘਰ ਨੂੰ ਲਿਪ ਦਿਤਾ ਅਤੇ ਮਾਂ ਨੂੰ ਚਾਬੀਆਂ ਸੰਭਾਲ ਦਿਤੀਆਂ ਜਿਵੇਂ ਬੜੇ ਆਰਾਮ ਨਾਲ ਦੂਸਰੇ ਪਿੰਡ ਮਹਿਮਾਨਦਾਰੀ ਤੇ ਜਾਣਾ ਹੁੰਦਾ ਹੈ। ਇਸ ਦੇ ਪਿਤਾ ਨੂੰ ਇਸ ਦੀ ਮਾਂ ਕਹਿਣ ਲੱਗੀ ਕਿ ਮੀਤੋ ਤਾਂ ਸਚਮੁਚ ਹੀ ਜਾ ਰਹੀ ਸੀ ਪਰ ਤੁਹਾਡੇ ਕਰਕੇ ਰੁਕ ਗਈ। ਪਿਤਾ ਕਹਿਣ ਲੱਗਿਆ, ਮੀਤੋ! ਤੂੰ ਸਚਮੁਚ ਹੀ ਜਾਣਾ ਹੈ? ਕਹਿਣ ਲੱਗੀ, ਪਿਤਾ ਜੀ! ਤੁਹਾਨੂੰ ਹਾਲੇ ਯਕੀਨ ਹੀ ਨਹੀਂ ਆਇਆ? ਕਹਿਣ ਲੱਗਿਆ, ਮੈਂ ਤਾਂ ਸਮਝਦਾ ਸੀ ਤੂੰ ਐਵੇਂ ਕਹਿੰਦੀ ਹੈਂ। ਇਨੇ ਨੂੰ ਰਾਤ ਦੇ ਬਾਰਾਂ ਵਜ ਗਏ ਤੇ ਕਹਿਣ ਲੱਗੀ, ਔਹ ਉਹ ਬਾਬਾ ਜੀ ਆ ਗਏ। ਉਨ੍ਹਾਂ ਨੂੰ ਨਹੀਂ ਦਿਸਦੇ। ਕਹਿਣ ਲੱਗੀ, ਬਾਬਾ ਜੀ! ਲੰਘ ਆਉ, ਤੇ ਮੰਜੇ ਤੇ ਬਿਠਾ ਦਿਤੇ। ਆਪਣੇ ਮਾਤਾ ਪਿਤਾ ਨੂੰ ਕਹਿਣ ਲੱਗੀ ਕਿ ਹੁਣ ਤੁਸੀਂ ਮੇਰੀਆਂ ਭੁਲਾਂ ਮਾਫ ਕਰਨੀਆਂ, ਜੋ ਸੇਵਾ ਕਰਨੀ ਸੀ ਕਰ ਦਿਤੀ ਤੇ ਹੁਣ ਮੈਂ ਚਲੀ ਹਾਂ ਤੇ ਆਰਾਮ ਨਾਲ ਭੁੰਜੇ ਲੇਟ ਗਈ ਤੇ ਫਤਹਿ ਬੁਲਾ ਦਿਤੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਜਦੋਂ ਉਨ੍ਹਾਂ ਨੇ ਹੱਥ ਲਾ ਕੇ ਦੇਖਿਆ ਤਾਂ ਉਸ ਦੇ ਪ੍ਰਾਨ ਪੰਖੇਰੂ ਉਡ ਚੁਕੇ ਸਨ ਕੇਵਲ ਸਰੀਰ ਪਿਆ ਸੀ। ਜਿਨ੍ਹਾਂ ਨੇ ਜੀਉਂਦੇ ਜੀਅ ਪ੍ਰਮੇਸ਼ਰ ਨੂੰ ਰਾਜ਼ੀ ਕਰ ਲਿਆ ਹੋਵੇ, ਉਹ ਆਪਣੀ ਮਰਜੀ ਨਾਲ ਚਲੇ ਜਾਇਆ ਕਰਦੇ ਹਨ। ਉਹਨਾਂ ਨੂੰ ਮਰਨ ਦਾ ਕੋਈ ਡਰ ਨਹੀਂ ਲੱਗਿਆ ਕਰਦਾ, ਮਰਨ ਦਾ ਡਰ ਤਾਂ ਸਾਕਤਾਂ ਨੂੰ ਹੁੰਦਾ ਹੈ, ਸੰਤਾਂ ਨੂੰ ਮਰਨ ਦਾ ਡਰ ਨਹੀਂ ਹੋਇਆ ਕਰਦਾ, ਸਾਕਤਾਂ ਨੂੰ ਰੋਣਾ ਪੈਂਦਾ ਹੈ -

***ਧਾਰਨਾ - ਰੋਵੋ ਰੋਵੋ ਬਈ ਸਾਕਤ ਬਪੁਰੇ ਨੂੰ,***
***ਜੋ ਹਾਟੋ ਹਾਟ ਵਿਕਾਏ -2, 2.***
***ਬਈ ਸਾਕਤ ਬਪੁਰੇ ਨੂੰ -2, 2.***
***ਰੋਵੋ ਰੋਵੋ ਬਈ ਸਾਕਤ ਬਪੁਰੇ ਨੂੰ,..... -2.***

***ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥***
***ਰੋਵਹੁ ਸਾਕਤ ਬਪੁਰੇ ਜੁ ਹਾਟੈ ਹਾਟ ਬਿਕਾਇ॥***
***ਪੰਨਾ - 1365***

ਜਿਸ ਨੇ ਸੰਸਾਰ ਤੇ ਆ ਕੇ ਕੋਈ ਚੰਗਾ ਕੰਮ ਨਹੀਂ



Sri Satguru Jagjit Singh Ji eLibrary NamdhariElibrary@gmail.com

ਕੀਤਾ, ਵਿਸ਼ੇ ਵਿਕਾਰਾਂ ਵਿਚ ਪੈ ਕੇ ਆਪਣਾ ਜੀਵਨ ਬਤੀਤ ਕੀਤਾ, ਪਰਾਈ ਨਿੰਦਿਆ, ਈਰਖਾ, ਬਖੀਲੀ, ਚੋਰੀ, ਠੱਗੀ, ਦਗਾ, ਫਰੇਬ ਕਰਕੇ ਆਪਣਾ ਜਨਮ ਬਰਬਾਦ ਕਰ ਦਿਤਾ ਉਸ ਨੂੰ ਰੋਣਾ ਚਾਹੀਦਾ ਹੈ ਕਿਉਂਕਿ ਉਸ ਨੂੰ ਜਨਮਾਂ ਜਨਮਾਂ ਦੀ ਮਾਰ ਪੈਣੀ ਹੈ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ਪੰਨਾ – 268***

ਇਕ ਪਾਸੇ ਤਾਂ ਹੈ ਕਿ ਇਥੇ ਆ ਕੇ ਗਲਤ ਕੰਮਾਂ ਵਿਚ ਪੈ ਕੇ ਜਨਮ ਬਰਬਾਦ ਕਰ ਲਿਆ। ਦੂਸਰਾ ਜੀਵਨ ਗੁਰਮੁਖ ਪਿਆਰਿਆਂ ਦਾ ਹੈ ਜਿਨ੍ਹਾਂ ਨੇ ਸੰਸਾਰ ਵਿਚ ਆ ਕੇ ਆਪ ਨਾਮ ਜਪਿਆ, ਸਾਰੀਆਂ ਅਵਸਥਾਵਾਂ ਪਾਰ ਕਰਕੇ ਲਿਵ ਦੀ ਅਵਸਥਾ ਵਿਚੋਂ ਲੰਘ ਕੇ ਨਾਮ ਵਿਚ ਪਰਵੇਸ਼ ਕਰ ਲਿਆ, ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ।

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਪੰਨਾ – 707***

ਦੂਸਰੇ ਪਾਸੇ ਮਾਇਕ ਜੀਵਨ ਹੈ, ਜਿਸ ਦੇ ਪਾਸ ਮਾਇਆ ਦੇ ਅੰਬਾਰ ਲੱਗੇ ਹੋਏ ਹਨ, ਇਹੋ ਜਿਹਾ ਭਾਵੇਂ ਸੰਸਾਰੀ ਰਾਜਾ ਵੀ ਹੋਵੇ, ਕਰੋੜਾਂ ਰੁਪਿਆ ਬੈਂਕਾਂ ਵਿਚ ਜਮ੍ਹਾ ਵੀ ਹੋਵੇ, ਬਜਾਰਾਂ ਦੇ ਬਾਜਾਰ ਉਸ ਦੇ ਆਪਣੇ ਹੋਣ, ਬੇਅੰਤ ਵੱਡੇ ਕਾਰਖਾਨੇ ਹੋਣ ਅਤੇ ਪਤਾ ਵੀ ਨਾ ਹੋਵੇ ਕਿ ਕਿਥੇ ਕਿਥੇ ਮੇਰਾ ਕਾਰੋਬਾਰ ਹੈ ਅਤੇ ਇਸ ਤਰ੍ਹਾਂ ਨਾਲ ਦੀ ਸ਼ਾਨ ਸ਼ੌਕਤ ਹੋਵੇ–

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥***
***ਪੰਨਾ – 707***

ਇਹੋ ਜਿਹੇ ਸੁੰਦਰ ਮਹਿਲ ਬਣੇ ਹੋਣ, ਘਰ ਬਣੇ ਹੋਣ ਕਿ ਹੀਰਿਆਂ ਤੇ ਮੋਤੀਆਂ ਨਾਲ ਘਰ ਨੂੰ ਸਜਾਇਆ ਹੋਵੇ, ਕੰਧਾਂ ਦੇ ਉਤੇ ਸੋਨੇ ਦੇ ਪੱਤਰ ਲਾਏ ਹੋਣ –

***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਪੰਨਾ – 707***

ਜਿਹੜੇ ਵੀ ਸੁਖ ਦੀ ਇਛਾ ਰੱਖਦਾ ਹੋਵੇ, ਉਹ ਹਰ ਸੁਖ ਉਸਨੂੰ ਪ੍ਰਾਪਤ ਹੋ ਜਾਵੇ ਤੇ ਕੋਈ ਸੁਖ ਦੁਖ ਨਾ ਦੇ ਸਕਦਾ ਹੋਵੇ। ਸੁੰਦਰ ਸੇਜਾਂ ਮਾਨਣ ਵਾਸਤੇ ਹੋਣ ਤੇ ਹਰ ਤਰ੍ਹਾਂ ਦੇ ਭੋਗ ਭੋਗਣ ਵਾਸਤੇ ਹੋਣ। ਜੋ ਜੀਅ ਚਾਹੇ ਖਾ ਸਕਦਾ ਹੋਵੇ। ਅਸੀਂ ਤਾਂ ਜੇਕਰ ਬਹੁਤੀ ਖੁਰਾਕ ਖਾ ਲਈਏ ਤਾਂ ਸ਼ੂਗਰ ਹੋ ਜਾਂਦੀ ਹੈ, ਦਿਲ ਦੀ ਬਿਮਾਰੀ ਹੋ ਜਾਂਦੀ ਹੈ, ਬਲੱਡ ਪ੍ਰੈਸ਼ਰ ਹੋ ਜਾਂਦਾ ਹੈ, ਗੈਸ ਹੋ ਜਾਂਦੀ ਹੈ ਕਿਉਂਕਿ ਸੁਆਦ ਵਾਲਾ ਖਾਣਾ ਖਾ ਕੇ ਰੋਗ ਪੈਦਾ ਹੋ ਜਾਇਆ ਕਰਦਾ ਹੈ।

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ – 1256***

ਵਾਹਿਗੁਰੂ ਨੂੰ ਵਿਸਾਰ ਕੇ ਆਦਮੀ ਰਸਾਂ ਵਿਚ ਪੈ ਗਿਆ, ਭੋਗਾਂ ਵਿਚ ਪੈ ਗਿਆ ਤਾਂ ਰੋਗੀ ਹੋ ਜਾਇਆ ਕਰਦਾ ਹੈ।

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਪੰਨਾ – 135***

ਪ੍ਰਮੇਸ਼ਰ ਨਾਲੋਂ, ਉਸ ਸਰੋਤ ਦੇ ਨਾਲੋਂ ਜਦੋਂ ਬਿਰਤੀ ਟੁਟ ਜਾਂਦੀ ਹੈ ਤਾਂ ਫੇਰ ਖਾਂਦੇ, ਪੀਂਦੇ ਤੇ ਪਹਿਨਦੇ ਦੇ ਵੀ ਰੋਗ ਲੱਗ ਜਾਂਦੇ ਹਨ। ਕਪੜਾ ਵੀ ਬਿਮਾਰੀ ਕਰਦਾ ਹੈ, ਖੁਰਾਕ ਵੀ ਬਿਮਾਰੀ ਕਰਦੀ ਹੈ ਲੇਕਿਨ ਉਸ ਦੇ, ਜਿਸਦੇ ਅੰਦਰ ਇਸ ਦਾ ਲੇਪ ਨਹੀਂ ਹੈ ਕਿ –

***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਪੰਨਾ – 707***

ਕੋਈ ਵੀ ਉਸ ਨੂੰ ਕਿਸੇ ਦੁਖ ਦੀ ਤਕਲੀਫ ਨਹੀਂ ਆਉਂਦੀ ਤੇ ਕੋਈ ਤੋਟ ਨਹੀਂ ਆਉਂਦੀ, ਕੋਈ ਥੁੜ ਨਹੀਂ ਆਉਂਦੀ। ਜੇ ਜੀਅ ਕਰਦਾ ਹੋਵੇ ਕਿ ਹੁਣੇ ਅਮਰੀਕਾ ਜਾਣਾ ਹੈ ਤਾਂ ਦੂਸਰੇ ਮਿੰਟ ਵਿਚ ਜਾ ਸਕਦਾ ਹੋਵੇ। ਉਸ ਨੂੰ ਇਤਨੇ ਸੁਖ ਮਹੁਈਆ ਹੋਣ, ਕਿਸੇ ਕਿਸਮ ਦਾ ਵੀ ਝੋਰਾ ਨਾ ਹੋਵੇ ਪਰ ਜੇਕਰ ਉਸ ਨੂੰ ਪ੍ਰਭੂ ਚਿਤ ਨਹੀਂ ਆਉਂਦਾ ਤਾਂ ਉਸ ਦੀ ਵਿਸਟਾ ਦੇ ਕੀੜੇ ਵਰਗੀ ਹਾਲਤ ਹੈ।

***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥***
***ਪੰਨਾ – 707***

***ਧਾਰਨਾ – ਵਿਸਟਾ ਕੇ ਕੀੜੇ ਜੀ,***
***ਸੋ ਪ੍ਰਭਿ ਚਿਤ ਨ ਆਵਈ –2, 2.***
***ਸੋ ਪ੍ਰਭ ਚਿਤ ਨਾ ਆਵਈ –2, 2.***
***ਵਿਸਟਾ ਕੇ ਕੀੜੇ ਜੀ,.............. –2.***

***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***
***ਪੰਨਾ – 707***

ਸੋ ਜਿਸ ਨੂੰ ਇੰਨਾ ਕੁਝ ਹੁੰਦਿਆਂ ਵੀ ਪ੍ਰਭੂ ਚਿਤ ਨਹੀਂ ਆਉਂਦਾ, ਉਸ ਦੀ ਹਾਲਤ ਵਿਸ਼ਟਾ ਦੇ ਕੀੜੇ ਵਰਗੀ ਹੈ, ਉਸ ਨੂੰ ਕਦੀ ਸ਼ਾਂਤੀ ਨਹੀਂ ਆ ਸਕਦੀ। ਉਸ ਦਾ ਮਨ ਸਥਿਰ ਨਹੀਂ ਹੋ ਸਕਦਾ, ਉਸ ਨੂੰ ਮਨ ਦੀ ਸ਼ਾਂਤੀ ਨਹੀਂ ਹੋ ਸਕਦੀ ਜਿੰਨਾਂ ਚਿਰ ਉਹ ਪ੍ਰਭੂ ਨੂੰ ਹਿਰਦੇ ਵਿਚ ਨਹੀਂ ਵਸਾ ਲੈਂਦਾ। ਧਨ ਦੌਲਤ, ਦੁਨਿਆਵੀ ਸੁਖ, ਮਾਨ ਇਜ਼ਤ, ਐਸ਼ੋ ਇਸ਼ਰਤ, ਰਾਜਸੀ ਤਾਕਤ, ਜਿਸਮਾਨੀ ਤਾਕਤ, ਮਾਨਸਿਕ ਤਾਕਤ, ਫੇਰ ਇਹ ਸਾਰਾ ਕੁਝ ਮਨ ਦੇ ਟਿਕਾਉਣ ਦਾ ਸਾਧਨ ਤਾਂ ਨਾ ਹੋਇਆ। ਮਨ ਦਾ ਸਾਧਨ ਤਾਂ ਇਹ ਹੈ ਜੋ ਮਹਾਂਪੁਰਸ਼ਾਂ ਨੇ ਤੱਤ ਬੇਤਿਆਂ ਨੇ ਖੋਜ ਖੋਜ ਕੇ ਤੱਤ ਕੱਢਿਆ ਹੈ –

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਪੰਨਾ – 714***

ਮਹਾਰਾਜ ਜੀ ਕਹਿੰਦੇ ਹਨ ਕਿ ਖੋਜ ਕਰ ਕਰ ਕੇ ਅਸੀਂ ਤੁਹਾਨੂੰ ਤੱਤ ਦੀ ਗੱਲ ਦੱਸਦੇ ਹਾਂ, ਸਮਝਣ ਦਾ ਯਤਨ ਕਰੋ। ਉਹ ਇਹ ਹੈ ਕਿ ਜਿਹੜਾ ਦਾਸ ਹੈ, ਉਹ ਆਪਣਾ ਸਾਰਾ ਬਲ ਛੱਡ ਕੇ ਗੋਬਿੰਦ ਦੇ ਪਰਾਇਣ ਹੋ ਜਾਵੇ, ਕਿ ਜਿਵੇਂ ਵਾਹਿਗੁਰੂ ਚਲਾਵੇਗਾ, ਉਸੇ ਤਰ੍ਹਾਂ ਚਲਾਂਗੇ।

***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***
***ਪੰਨਾ – 714***

(ਬਾਕੀ ਪੰਨਾ 37 ਤੇ)



Sri Satguru Jagjit Singh Ji eLibrary NamdhariElibrary@gmail.com

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਪੱਛਮ ਜਾਣਾ

ਸਾਲਾਂ ਬੱਧੀ ਦੀ ਸਿਖਿਆ ਦਾ ਅੰਤ ਹੋਇਆ, ਹੁਣ ਸਵਾਮੀ ਜੀ ਹੋਰ ਉਡੀਕ ਨਹੀਂ ਕਰ ਸਕਦੇ ਸੀ, ਉਹ ਤਾਂ ਆਪਣੇ ਗਿਆਨ ਨੂੰ ਵੰਡਣਾ ਚਾਹੁੰਦੇ ਸੀ। ਗੁਰੂਦੇਵ ਨੇ ਹੁਕਮ ਕੀਤਾ, ਤੁਸੀਂ ਪੱਛਮ ਵਿਚ ਜਾਓ। ਪੱਛਮ ਦਾ ਵਿਗਿਆਨ ਉਥੇ ਦੀ ਸਾਰੀ ਟੈਕਨਾਲੌਜੀ ਇਹ ਸਭ ਭੌਤਿਕ ਸੰਸਾਰ ਤੋਂ ਅੱਗੇ ਨਹੀਂ ਦੇਖ ਸਕਦੇ। ਬੜੇ ਜ਼ੋਰ ਨਾਲ ਮਨੋ ਚਿਕਿਤਸਿਕ, ਨਾੜੀ ਸਾਸ਼ਤਰ ਦੇ ਚਿਕਿਤਸਕ ਇਸ ਗੱਲ ਦੀ ਨਖੇਦੀ ਕਰਦੇ ਹਨ ਕਿ ਮਨ ਦੀ ਹੋਂਦ ਅਦ੍ਵੈਤ ਹੈ। ਸਵਾਮੀ ਜੀ ਹਿਮਾਲੀਆ ਦੇ ਸੰਤਾਂ ਦਾ ਦ੍ਰਿਸ਼ਟੀਕੋਂਣ ਲੈ ਕੇ ਉਸ ਸੰਸਾਰ ਵਿਚ ਵਿਚਰੇ ਜਿਥੇ ਚੇਤਨਤਾ ਬਹੁਤ ਹੀ ਥੋੜ੍ਹੀ ਹੈ ਜਿਥੇ ਕੇਵਲ ਭੌਤਿਕ ਤੱਤ ਹੀ ਪ੍ਰਧਾਨ ਹੈ।

ਮੈਂ ਇਸ ਗੱਲ ਦੀ ਸ਼ਲਾਘਾ ਕਰਦਾ ਹਾਂ ਕਿ ਉਹ ਪੱਛਮ ਵਿਚ ਆਏ। ਸਵਾਮੀ ਜੀ ਫਿਰਨ ਤੁਰਨ ਇਕ ਥਾਂ ਤੋਂ ਦੂਸਰੀ ਥਾਂ ਜਾਣ ਲਈ ਲਿਫਟ ਲੈਣ ਵਿਚ, ਕਾਰਾਂ ਨੂੰ ਹੱਥ ਦੇ ਕੇ ਰੋਕਣ ਵਿਚ, ਬਹੁਤ ਹੀ ਮਾਹਰ ਸੀ। ਆਣ ਜਾਣ ਦੀ ਚਿੰਤਾ ਉਨ੍ਹਾਂ ਨੂੰ ਘੱਟ ਹੀ ਹੁੰਦੀ ਸੀ। ਸਵਾਮੀ ਜੀ ਨੇ ਮੈਨੂੰ ਦੱਸਿਆ ਕਿ ਜਦੋਂ ਗੁਰੂਦੇਵ ਨੇ ਮੈਨੂੰ ਤੋਰਿਆ, ਮੇਰੀ ਜੇਬ ਵਿਚ ਥੋੜ੍ਹੇ ਜਿਹੇ ਡੌਲਰ ਹੀ ਸਨ। ਜਿਥੇ ਜਿਥੇ ਸਵਾਮੀ ਜੀ ਗਏ, ਚਾਹੇ ਜਾਪਾਨ ਯੂਰਪ ਜਾਂ ਅਮਰੀਕਾ। ਹਮੇਸ਼ਾ ਇਸ ਤਰ੍ਹਾਂ ਹੁੰਦਾ ਰਿਹਾ ਕਿ ਉਨ੍ਹਾਂ ਨੂੰ ਬਿਲਕੁਲ ਠੀਕ ਬੰਦੇ, ਠੀਕ ਜਗ੍ਹਾ ਤੇ ਮਿਲਦੇ ਰਹੇ। ਹਰ ਇਕ ਸੱਜਣ ਜਿਹੜੇ ਮਿਲਦੇ ਰਹੇ ਉਹ ਉਨ੍ਹਾਂ ਦੇ ਕਾਰਜ ਨੂੰ ਅੱਗੇ ਵਧਾਣ ਲਈ ਸਹਾਇਕ ਬਣਦਾ ਰਿਹਾ। ਜਿਵੇਂ ਜਿਵੇਂ ਸਵਾਮੀ ਜੀ ਸਭ ਕੁਝ ਦਸ ਰਹੇ ਸੀ, ਮੈਂ ਮਹਿਸੂਸ ਕਰ ਰਿਹਾ ਸੀ ਕਿ ਮੈਨੂੰ ਵੀ ਆਪਣੇ ਜੀਵਨ ਵਿਚ ਆਏ ਅਵਸਰ ਦਾ ਗਿਆਨ ਹੋਣਾ ਚਾਹੀਦਾ ਹੈ। ਇਕ ਵਾਰੀ ਮੈਂ ਧਿਆਨ ਵਿਚ ਬੈਠਾ ਸੀ ਕਿ ਮੈਨੂੰ ਜ਼ੋਰ ਜ਼ੋਰ ਦੀ ਡਾਂਟ ਸੁਣਾਈ ਦਿਤੀ, ਜੋ ਕੁਝ ਵੀ ਹੈ ਪਹਿਲਾਂ ਉਸ ਤੋਂ ਜਾਣੂੰ ਹੋਵੋ। ਮੈਂ ਹੁਣ ਇਸ ਗੱਲ ਨੂੰ ਰੋਜ਼ ਯਾਦ ਰਖਦਾ ਹਾਂ।

ਜਦੋਂ ਮੈਡੀਕਲ ਅਤੇ ਵਿਗਿਆਨਕ ਸੰਗਠਨਾਂ ਵਿਚ ਸਵਾਮੀ ਜੀ ਦੇ ਅਨੁਭਵ ਦੇਖੇ, ਉਹ ਸਵਾਮੀ ਜੀ ਵਿਚ ਰੁਚੀ ਦਿਖਾਉਣ ਲੱਗੇ, ਉਨ੍ਹਾਂ ਨੇ ਸਵਾਮੀ ਜੀ ਦੀਆਂ ਸ਼ਕਤੀਆਂ ਵੀ ਦੇਖੀਆਂ। ਡਾ. ਡੇਨੀਅਲ ਫਰਗੂਸਨ ਨੇ ਡਾ. ਐਲਮਰ ਗਰੀਨ ਨੂੰ ਇਹ ਸੁਝਾ ਦਿਤਾ ਜਿਹੜੇ ਮੈਨਿਜਰ ਸੰਸਥਾ ਵਿਚ ਸੀ। ਸਵਾਮੀ ਜੀ ਉਸ ਪ੍ਰੌਜੈਕਟ ਲਈ ਇਕ ਉਚਿਤ ਸੱਜਣ ਹੋਣਗੇ ਉਹ ਪ੍ਰੌਜੈਕਟ ਸੀ, Ziological Feed-back for Psychophysiological Self-Regulation. ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਉਨ੍ਹਾਂ ਨੇ ਇਸ ਖੋਜ ਨੂੰ ਬਦਲ ਕੇ ਇਸ ਦੇ ਨਾਲ ਸਿਖਿਆ ਤੇ ਚਿਕਿਤਸਾ ਵੀ ਜੋੜ ਦਿਤੇ। ਇਸ ਪ੍ਰੋਗਰਾਮ ਦੇ ਅਧੀਨ ਸਵਾਮੀ ਰਾਮ ਨੂੰ Topeka, Kanson ਵਿਚ ਤਜਰਬੇ ਦਿਖਾਉਣ ਲਈ ਮਾਰਚ 28-30 1970 ਵਿਚ ਬੁਲਾਇਆ ਗਿਆ।

ਡਾ. ਗਰੀਨ ਦਾ ਸੱਦਾ ਸਵਾਮੀ ਜੀ ਨੇ ਮੰਨ ਲਿਆ ਉਹ Menninger Foundation ਚਲੇ ਗਏ। ਇਸ ਤਰ੍ਹਾਂ ਕਰਨ ਨਾਲ ਉਹ ਪ੍ਰੋਗਰਾਮ ਕਰਨ ਲਈ ਵਿਸ਼ਾ ਵੀ ਬਣ ਗਏ ਅਤੇ ਉਥੋਂ ਦੇ ਸਟਾਫ ਤੇ ਵੀ ਆ ਗਏ, ਲੈਕਚਰ ਵੀ ਕੀਤੇ, ਉਥੇ ਪ੍ਰਮਾਣ ਦੇ ਕੇ ਸਪਸ਼ਟੀਕਰਨ ਵੀ ਦਿਤੇ ਦੂਸਰਿਆਂ ਨੂੰ ਸਿਖਿਆ ਵੀ ਦੇ ਸਕੇ। ਉਥੇ ਦੇ ਖੋਜ ਵਿਭਾਗ ਦੇ ਡਾਇਰੈਕਟਰ ਨੇ ਉਨ੍ਹਾਂ ਨੂੰ ਵਿਗਿਆਨਕ ਪਦ ਤੇ ਹੋਰ ਮਾਨਤਾ ਦਿਤੀਆਂ ਸਵਾਮੀ ਜੀ ਲਈ ਇਹ ਇਕ ਮੌਕਾ ਸੀ ਇਸ ਤੋਂ ਅੱਗੇ ਉਹ ਜੀਵਨ ਵਿਗਿਆਨ ਨੂੰ ਵਿਗਿਆਨਕ ਰੂਪ ਨਾਲ ਅਧਿਆਤਮਵਾਦ ਦੀਆਂ ਪਰੰਪਰਾ ਨਾਲ, ਨਿਜੀ ਜੀਵਨ, ਸਮਾਜਿਕ ਜੀਵਨ ਤੇ ਚਿਕਿਤਸਾ ਨਾਲ ਜੋੜ ਕੇ ਮਾਨਵਤਾ ਦੇ ਭਲੇ ਲਈ ਵਰਤਿਆ।

ਸਵਾਮੀ ਜੀ ਨੇ ਮੈਨੂੰ ਦੱਸਿਆ ਕਿ ਮੈਨੂੰ ਇਸ ਪ੍ਰੋਗਰਾਮ ਤੋਂ ਬੜੀ ਆਸ ਸੀ। ਇਸ ਪ੍ਰੋਗਰਾਮ ਨੂੰ ਸਿਆਸਤ ਦਾ ਰੰਗ ਦੇ ਕੇ, ਬੜੇ ਹੀ ਕੱਟੜਵਾਦ ਵਿਚ ਪਾ ਕੇ ਇਸ ਨੂੰ ਬਿਲਕੁਲ ਹੀ ਬਦਲ ਦਿਤਾ ਗਿਆ, ਇਸ ਦੇ ਵਿਪਰੀਤ ਸਵਾਮੀ ਜੀ ਨੇ ਇਕ ਬਿਲਕੁਲ ਹੀ ਨਵਾਂ ਪਾਸਾ ਵਚਿਤਰ ਤਰੀਕੇ ਨਾਲ ਪ੍ਰਮਾਣ ਦੇ ਕੇ ਉਸ ਦਾ ਸਪਸ਼ਟੀਕਰਨ ਦਿਤਾ ਸੀ ਤਾਂ ਜੋ ਇਹ ਪਤਾ ਲਗ ਸਕੇ ਕਿ ਮਨੁੱਖ ਕੀ ਕੁਝ ਕਰ ਸਕਦਾ ਹੈ ਉਸ ਦੀਆਂ ਕੀ ਯੋਗਤਾਵਾਂ ਹਨ।

## ਇਕ ਨਵੀਂ ਮਿਸਾਲ

ਸਵਾਮੀ ਜੀ ਨੇ ਆਪਣੇ ਸ਼ਬਦਾਂ ਤੋਂ ਕਿਤੇ ਵਧ Menninger ਸੰਸਥਾ ਵਿਚ ਪ੍ਰਮਾਣ ਦਿਤੇ, ਗਰਮੀਆਂ ਵਿਚ ਜਦੋਂ ਸਵਾਮੀ ਜੀ Menninger ਸੰਸਥਾ ਵਿਚ ਗਏ, ਏਥੇ ਸਵਾਮੀ ਜੀ ਨੂੰ ਛੋਟੀਆਂ ਬਿਜਲੀ ਦੀਆਂ ਤਾਰਾਂ ਨਾਲ ਬੰਨ੍ਹ ਦਿਤਾ ਗਿਆ, ਉਹ ਐਨੀਆਂ ਵੱਧ ਸੰਵੇਦਨਸ਼ੀਲ ਸੀ ਕਿ ਉਨ੍ਹਾਂ ਨਾਲ ਸਰੀਰ ਦੀ ਚਮੜੀ ਦਾ ਤਾਪਮਾਨ ਇਕ ਡਿਗਰੀ ਦੇ ਦਸਵੇਂ ਭਾਗ ਤਕ ਦੇਖਿਆ ਜਾ ਸਕਦਾ ਸੀ। ਦੋ ਬਹੁਤ ਹੀ ਬਰੀਕ ਤਾਰਾਂ ਹੱਥ ਤੇ ਲਗਾ ਦਿਤੀਆਂ ਗਈਆਂ। ਇਕ ਅੰਗੂਠੇ ਦੇ ਨੇੜੇ, ਦੂਸਰੀ ਉਸ ਤੋਂ ਦੋ ਇੰਚ ਦੂਰ ਹੱਥ ਦੇ ਦੂਸਰੇ ਸਿਰੇ ਤਕ। ਸਵਾਮੀ ਜੀ ਨੇ ਪਹਿਲੇ ਹੀ ਦੱਸ ਦਿਤਾ



Sri Satguru Jagjit Singh Ji eLibrary NamdhariElibrary@gmail.com

ਸੀ ਕਿ ਉਨ੍ਹਾਂ ਹੱਥ ਦੇ ਦੋਨੋਂ ਪਾਸੇ ਦਾ ਤਾਪਮਾਨ ਵੱਖ ਵੱਖ ਹੋਵੇਗਾ। 15 ਮਿੰਟਾਂ ਦੇ ਅੰਦਰ ਹੱਥ ਦੇ ਦੋਨੋਂ ਪਾਸਿਆਂ ਤੇ ਤਾਪਮਾਨ ਦਾ ਪ੍ਰਭਾਵ ਦਿਸਣਾ ਸ਼ੁਰੂ ਹੋ ਗਿਆ। ਹਥੇਲੀ ਦਾ ਖੱਬਾ ਪਾਸਾ ਗੁਲਾਬੀ ਹੋ ਗਿਆ ਤੇ ਸੱਜਾ ਪਾਸਾ ਹਲਕਾ ਸਲੇਟੀ ਰੰਗ ਦਾ ਹੋ ਗਿਆ। ਇਹ ਤਾਪਮਾਨ 11 ਡਿਗਰੀ ਤੇ ਨੋਟ ਕੀਤਾ ਗਿਆ।

ਏਸੇ ਸਮੇਂ ਸਵਾਮੀ ਜੀ ਨੇ ਆਪਣੇ ਦਿਲ (heart) ਨਾਲ ਤਜਰਬਾ ਸ਼ੁਰੂ ਕੀਤਾ। ਇਕ ਮਿੰਟ ਦੇ ਅੰਦਰ ਉਨ੍ਹਾਂ ਨੇ ਦਿਲ ਦੀ ਧੜਕਣ ਨੂੰ ਟਿਕਾਅ ਵਿਚ ਕਰ ਲਿਆ। ਖੋਜਕਾਰਾਂ ਨੇ ਵਿਸ਼ੇਸ਼ ਤੌਰ ਤੇ ਇਹ ਦੇਖਿਆ ਕਿ ਸਵਾਮੀ ਜੀ ਨੇ ਕਿਸੇ ਕਿਸਮ ਦਾ ਜ਼ੋਰ ਨਹੀਂ ਸੀ ਲਗਾਇਆ, ਉਨ੍ਹਾਂ ਨੇ ਦੇਖਿਆ ਮਾਸ ਪੇਸ਼ੀਆਂ ਦਾ ਕੋਈ ਖਿਚਾਓ ਨਹੀਂ। ਬਾਅਦ ਵਿਚ ਜਦੋਂ ਉਹ ਬਿਲਕੁਲ ਨਿਸਲ ਰਹੇ ਫੇਰ ਜਦੋਂ ਉਨ੍ਹਾਂ ਨੂੰ ਸੰਕੇਤ ਦਿਤਾ, ਗਿਆ ਉਨ੍ਹਾਂ ਨੇ ਦਿਲ ਦੀ ਧੜਕਣ ਬਾਈ ਕਰ ਲਈ। ਇਹ ਉਨ੍ਹਾਂ ਨੇ 8 ਸੈਕਿੰਡ ਦੇ ਅੰਦਰ ਕਰ ਲਿਆ। ਇਸ ਤਰ੍ਹਾਂ ਕਰਨ ਨਾਲ ਇਹ ਪ੍ਰਮਾਣਤ ਹੋ ਗਿਆ ਕਿ ਉਹ ਕੇਵਲ ਸਮੁੱਚੇ ਦਿਲ ਤੇ ਕਾਬੂ ਨਹੀਂ ਪਾ ਸਕਦੇ ਪਰ ਉਹ ਤਾਂ ਦਿਲ ਦੇ ਵੱਖ ਵੱਖ ਭਾਗਾਂ ਨੂੰ ਵੱਖ ਵੱਖ ਸਮੇਂ ਤੇ ਕਾਬੂ ਕਰ ਸਕਦੇ ਹਨ, ਨਿਸਲ ਹੋ ਕੇ ਉਨ੍ਹਾਂ ਨੇ ਨਬਜ਼ ਬਿਲਕੁਲ ਰੋਕ ਲਈ ਸੀ, ਕਿਸੇ ਤਰ੍ਹਾਂ ਵੀ ਨਬਜ਼ ਦੀ ਧੜਕਣ ਨਹੀਂ ਸੁਣੀ ਜਾ ਸਕਦੀ ਸੀ, ਨਾ ਹੱਥ ਨਾਲ, ਨਾ ਕਿਸੇ ਯੰਤਰ ਨਾਲ।

ਰਾਤ ਦੇ ਖਾਣੇ ਸਮੇਂ ਸਵਾਮੀ ਜੀ ਕਹਿਣ ਲੱਗੇ, ਮੈਂ ਮਾਫੀ ਮੰਗਦਾ ਹਾਂ ਕਿ ਮੈਂ heart beat ਨਹੀਂ ਰੋਕ ਸਕਿਆ, ਮੈਨੂੰ ਪਤਾ ਹੈ ਤੁਸੀਂ ਦੇਖਣਾ ਚਾਹੁੰਦੇ ਸੀ।

ਡਾ. ਗਰੀਨ ਕਹਿਣ ਲੱਗੇ ਕਿਉਂ ਨਹੀਂ, ਅਸੀਂ ਇਹ ਕਿਸੇ ਹੋਰ ਸਮੇਂ ਲਈ ਰੱਖ ਲੈਂਦੇ ਹਾਂ।

ਸਵਾਮੀ ਜੀ ਕਹਿਣ ਲੱਗੇ, "ਨਹੀਂ ਮੈਂ ਕੱਲ੍ਹ ਹੀ ਇਹ ਕਰਾਂਗਾ।"

ਡਾ. ਗਰੀਨ ਨੇ ਸਵਾਮੀ ਜੀ ਨੂੰ ਯਾਦ ਕਰਾਇਆ ਕਿ ਤੁਸੀਂ ਤਾਂ ਦਸਦੇ ਹੋ ਕਿ ਇਹ ਦਿਲ ਦਾ ਤਜਰਬਾ ਕਰਨ ਲਈ ਤਿੰਨ ਦਿਨ ਦਾ ਵਰਤ ਚਾਹੀਦਾ ਹੈ।

ਡਾ. ਗਰੀਨ ਨੇ ਕੋਸ਼ਿਸ਼ ਕੀਤੀ ਕਿ ਸਵਾਮੀ ਜੀ ਇਹ ਤਜਰਬਾ ਕਦੀ ਫੇਰ ਕਰ ਲੈਣ ਪਰ ਸਵਾਮੀ ਜੀ ਨਹੀਂ ਮੰਨੇ, ਸਵਾਮੀ ਜੀ ਨੇ ਕਿਹਾ ਮੈਂ ਕਾਗਜ਼ਾਂ ਤੇ ਦਸਤਖਤ ਕਰਕੇ ਇਹ ਤਜਰਬਾ ਕਰਾਂਗਾ ਕਿ Menninger ਸੰਸਥਾ ਮੇਰੀ ਮੌਤ ਦੀ ਜ਼ਿੰਮੇਵਾਰ ਨਹੀਂ ਹੋਵੇਗੀ।

ਸਵਾਮੀ ਜੀ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਉਹ ਆਪਣੇ ਦਿਲ ਦੀ ਧੜਕਣ ਤਿੰਨ ਤੋਂ ਚਾਰ ਮਿੰਟ ਤਕ ਬੰਦ ਕਰ ਸਕਦੇ ਹਨ, ਇਹ ਬਿਨਾਂ ਵਰਤ ਰੱਖਿਆਂ ਕਰ ਸਕਦੇ ਹਨ ਤੇ ਨਾਲ ਹੀ ਉਹ ਇਕ ਹੋਰ ਬਹੁਤ ਹੀ ਵਲੱਖਣਤਾ ਦਾ ਇਕ ਹੋਰ ਪ੍ਰਯੋਗ ਵੀ ਕਰਨਗੇ। ਜਿਹੜਾ ਹੋਰ ਕੋਈ ਨਹੀਂ ਕਰ ਸਕਦਾ। ਉਹ ਇਹ ਕਿ ਜਦੋਂ ਉਨ੍ਹਾਂ ਨੇ ਦਿਲ ਦੀ ਧੜਕਣ ਬੰਦ ਕੀਤੀ ਹੋਵੇਗੀ, ਉਸ ਸਮੇਂ ਉਹ ਤੁਹਾਡੇ ਨਾਲ ਗੱਲਬਾਤ ਵੀ ਕਰਨਗੇ ਜੋ ਕਿ ਹੋਰ ਕੋਈ ਯੋਗੀ ਨਹੀਂ ਕਰ ਸਕਦਾ। ਤੁਸੀਂ ਕੀ ਚਾਹੁੰਦੇ ਹੋ? ਮੈਂ ਕਿੰਨੀ ਦੇਰ ਦਿਲ ਦੀ ਧੜਕਣ ਬੰਦ ਕਰਾ ਕਿ ਤੁਹਾਡੀਆਂ ਮਸ਼ੀਨਾਂ ਉਸ ਨੂੰ ਪਕੜ ਸਕਦੀਆਂ ਹਨ? ਸਵਾਮੀ ਜੀ ਨੇ ਡਾ. ਗਰੀਨ ਨੂੰ ਪੁੱਛਿਆ ਕਿਉਂਕਿ ਸਵਾਮੀ ਜੀ ਨੇ ਵਰਤ ਤਾਂ ਰੱਖਿਆ ਨਹੀਂ ਸੀ।

ਡਾ. ਗਰੀਨ ਕਹਿਣ ਲੱਗੇ, ਜੇ ਦੱਸ ਸੈਕਿੰਡ ਲਈ ਤੁਸੀਂ ਧੜਕਣ ਬੰਦ ਕਰ ਦਿਓ, ਅਸੀਂ ਬਹੁਤ ਹੀ ਅਭਾਰੀ ਹੋਵਾਂਗੇ ਤੇ ਅਸੀਂ ਬਹੁਤ ਹੀ ਪ੍ਰਭਾਵਿਤ ਹੋਵਾਂਗੇ।

ਅਗਲੇ ਦਿਨ ਸਵਾਮੀ ਜੀ ਦੋ ਮਿੰਟਾਂ ਲਈ ਚੁੱਪ ਚਾਪ ਬੈਠ ਗਏ ਤੇ ਫੇਰ ਇਕ ਦਮ ਹੀ ਦਿਲ ਦੀ ਧੜਕਣ ਜੋ ਕਿ 72 ਸੀ, ਉਸ ਨੂੰ 306 ਪ੍ਰਤੀ ਮਿੰਟ ਦੀ ਤੇਜ਼ੀ ਤੇ ਲੈ ਗਏ। ਇਸ ਤਰ੍ਹਾਂ ਕਰਨ ਨਾਲ ਦਿਲ ਦਾ ਇਕ ਹਿੱਸਾ ਜ਼ੋਰ ਜ਼ੋਰ ਦੀ ਫੜ ਫੜਾਉਂਦਾ ਹੈ, ਐਨੀ ਤੇਜ਼ੀ ਨਾਲ ਫੜ ਫੜਾਉਂਦਾ ਹੈ ਕਿ ਇਸ ਤਰ੍ਹਾਂ ਲਗਦਾ ਹੈ ਕਿ ਦਿਲ ਦੀ ਧੜਕਣ ਬੰਦ ਹੋ ਗਈ ਹੈ। ਖੂਨ ਦਾ ਦੌਰਾ ਰੁਕ ਜਾਂਦਾ ਹੈ, blood pressure ਇਕ ਦਮ ਥੱਲੇ ਆ ਜਾਂਦਾ ਹੈ ਤੇ ਬੰਦਾ ਬੇਹੋਸ਼ ਹੋ ਜਾਂਦਾ ਹੈ। ਇਹ ਅਵਸਥਾ ਆਮ ਤੌਰ ਤੇ ਹਾਰਟ ਅਟੈਕ ਵਿਚ ਹੁੰਦੀ ਹੈ ਜਾਂ ਜਦੋਂ ਦਿਮਾਗ ਦੀ ਨਾੜੀ ਫਟਦੀ ਹੈ।

ਸਵਾਮੀ ਜੀ ਦੇ ਦਿਲ ਦੀ ਇਹ ਹਾਲਤ ਦੇਖ ਕੇ ਉਥੇ ਦੇ ਖੋਜਕਾਰੀ ਤੇ ਉਥੇ ਦੇ ਮਸ਼ੀਨਾਂ ਤੇ ਕੰਮ ਕਰਨ ਵਾਲੇ ਬਹੁਤ ਹੀ ਹੈਰਾਨ ਹੋਏ ਜਿਹੜੇ ਪ੍ਰਯੋਗ ਦੀ ਇੰਤਜ਼ਾਰ ਕਰ ਰਹੇ ਸੀ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਪ੍ਰਯੋਗ ਕਦੋਂ ਸ਼ੁਰੂ ਹੋਇਆ ਤੇ ਕਦੋਂ ਖਤਮ ਹੋਇਆ, ਕਿਉਂਕਿ ਸਵਾਮੀ ਜੀ ਤਾਂ ਸਮਾਧੀ ਸਥਿਤ ਸੀ, ਬਿਲਕੁਲ ਨਿਸਲ ਪਰ ਡਾ. ਗਰੀਨ ਨੇ ਇੰਟਰਕਾਮ ਤੇ ਸਵਾਮੀ ਜੀ ਨਾਲ ਗੱਲਬਾਤ ਵੀ ਕੀਤੀ ਜਿਵੇਂ ਕਿ ਸਵਾਮੀ ਜੀ ਦਾ ਆਦੇਸ਼ ਸੀ, ਬੱਸ ਇਹ ਕੁਝ ਹੀ ਹੋਇਆ।

ਸਵਾਮੀ ਜੀ ਨੇ ਇਸ ਤੋਂ ਪਿਛੋਂ ਦਿਲ ਨੂੰ ਮੁੜ ਉਸ ਦੀ ਪਹਿਲੀ ਸਥਿਤੀ ਵਿਚ ਲਿਆਂਦਾ ਉਹ ਮੁਸਕਰਾਏ ਕੰਟਰੋਲ ਰੂਮ ਨੇ ਸਾਰੇ ਪ੍ਰਯੋਗ ਦਾ ਸਮਾਂ 16.2 ਸੈਕਿੰਡ ਨੋਟ ਕੀਤਾ। ਉਨ੍ਹਾਂ ਨੇ ਫੇਰ ਦੱਸਿਆ ਕਿ ਉਹ ਆਪਣੇ ਦਿਲ ਦੀ ਹਾਲਤ ਲਈ ਉਸ ਤਰ੍ਹਾਂ ਕੋਈ ਚਿੰਤਾ ਵਿਚ ਨਹੀਂ ਸੀ ਪਰ ਉਹ ਉਸ ਸ਼ਕਤੀ ਲਈ ਜ਼ਰੂਰ ਥੋੜ੍ਹੇ ਫਿਕਰ ਵਿਚ ਸੀ ਜਿਹੜੀ ਦਿਲ ਵਿਚੋਂ ਨਿਕਲਦੀ ਹੈ। ਇਸ ਪਸ਼ਚਾਤ ਸਵਾਮੀ ਜੀ ਕੁਰਸੀ ਤੋਂ ਉਠੇ ਤੇ ਪੌੜੀਆਂ ਚੜ੍ਹ ਕੇ ਲੈਕਚਰ ਦੇਣ ਚਲੇ ਗਏ।

ਵਿਗਿਆਨਕ ਭਾਈਚਾਰੇ ਵਿਚ ਇਹ ਗੱਲ ਫੈਲ ਗਈ ਕਿ ਇਕ ਭਾਰਤੀ ਨੇ Newtonian ਸੰਸਾਰ ਨੂੰ ਵੰਗਾਰ ਦਿਤਾ ਹੈ, ਕਈ ਵਿਗਿਆਨਕਾਂ ਲਈ ਇਹ ਬਹੁਤ ਹੀ ਝੰਜੋੜ ਦੇਣ ਵਾਲੀ ਗੱਲ ਸੀ। ਸਵਾਮੀ ਜੀ ਤਾਂ ਸਦਾ ਹੀ ਆਪਣੇ



Sri Satguru Jagjit Singh Ji eLibrary NamdhariElibrary@gmail.com

ਆਲੋਚਕਾਂ ਨੂੰ ਬੁਲਾ ਕੇ ਉਨ੍ਹਾਂ ਦੇ ਸਾਮ੍ਹਣੇ ਹੀ ਪ੍ਰਯੋਗ ਕਰਦੇ ਸੀ ਤਾਂ ਜੋ ਕੁਝ ਕਹਿਣ ਤੋਂ ਪਹਿਲਾਂ ਉਹ ਦੇਖ ਲੈਣ।

ਇਕ ਹੋਰ ਪ੍ਰਯੋਗ ਸਵਾਮੀ ਜੀ ਨੇ ਕੀਤਾ ਜਿਸ ਨੂੰ Psychokmetic ਪ੍ਰਦਰਸ਼ਨ ਕਹਿੰਦੇ ਹਨ ਇਸ ਤੋਂ ਭਾਵ ਇਹ ਹੈ ਕਿ ਮਾਨਸਿਕ ਸ਼ਕਤੀ ਨਾਲ ਤੁਸੀਂ ਭੌਤਿਕ ਪਦਾਰਥਾਂ ਨੂੰ ਆਪਣੀ ਥਾਂ ਤੋਂ ਹਿਲਾ ਸਕਦੇ ਹੋ। ਇਹ ਪ੍ਰਯੋਗ ਸਵਾਮੀ ਜੀ ਨੇ 1970 ਦੀ ਪਤਝੜ ਵਿਚ ਕੀਤਾ। ਇਸ ਪ੍ਰਯੋਗ ਲਈ ਐਲੋਮੀਨੀਅਮ ਦੀਆਂ 14 ਦੀਆਂਸਲਾਈਆਂ ਇਕ ਡੰਡਾ ਸਿੱਧਾ ਗੱਡ ਕੇ ਉਸ ਉਤੇ ਲਗਾਈਆਂ ਗਈਆਂ। ਉਨ੍ਹਾਂ ਦਾ ਕਰੌਸ ਭਾਵ ਚੌਕੋਰ ਬਣਾਇਆ ਗਿਆ। ਇਸ ਤਰ੍ਹਾਂ ਉਹ ਕਿਸੇ ਵੀ ਪਾਸੇ ਵਲ ਜਾ ਸਕਦੀਆਂ ਸੀ। ਇਕ 360 ਡਿਗਰੀ ਤੇ ਇਕ ਮਾਪ ਲਗਾਇਆ ਗਿਆ ਤਾਂ ਜੋ ਉਸ ਦੀ ਹਿਲਜੁਲ ਨੂੰ ਮਾਪ ਲਿਆ ਜਾਵੇ। ਸਵਾਮੀ ਜੀ ਨੇ 6 ਫੁੱਟ ਦੂਰ ਬੈਠਣਾ ਸੀ। ਵਿਗਿਆਨਕ ਇਹ ਆਸ ਕਰਦੇ ਸੀ ਕਿ ਉਹ ਸਲਾਈਆਂ ਨੂੰ ਹਵਾ ਦੀ ਗਤੀ ਨਾਲ ਗਤੀਸ਼ੀਲ ਕਰਨਗੇ ਤੇ ਉਹ ਆਪਣੇ ਸਰੀਰ ਨਾਲ ਵਾਯੂ ਪੈਦਾ ਕਰਨਗੇ। ਉਨ੍ਹਾਂ ਦੇ ਸਰੀਰ ਦੇ ਦੁਆਲੇ ਕੱਪੜਾ ਬੰਨ੍ਹ ਦਿਤਾ ਗਿਆ ਤਾਂ ਜੋ ਉਹ ਆਪਣੀਆਂ ਨਾਸਕਾਂ ਰਾਹੀਂ ਹਵਾ ਪੈਦਾ ਕਰਕੇ ਸਲਾਈਆਂ ਨੂੰ ਚਲਾ ਨਾ ਦੇਣ। ਇਸ ਕਾਰਣ ਰਬੜ ਦਾ ਇਕ ਪੈਡ ਬਣਾ ਕੇ ਨਾਸਕਾ ਦੇ ਥੱਲੇ ਰੱਖਿਆ ਗਿਆ ਜਿਹੜਾ ਮੂੰਹ ਤੇ ਨਾਸਕਾ ਦੋਨਾਂ ਨੂੰ ਹੀ ਬੰਦ ਕਰ ਦਿੰਦਾ ਸੀ।

ਓਥੇ ਇਕ ਵਿਗਿਆਨਕ ਸੀ ਜਿਸ ਨੇ ਇਸ ਪ੍ਰਯੋਗ ਵਿਚ ਆਉਣ ਤੋਂ ਨਾਂਹ ਕਰ ਦਿਤੀ, ਸਵਾਮੀ ਜੀ ਦੱਸਣ ਲੱਗੇ ਤੇ ਕਹਿਣ ਲੱਗੇ ਮੈਂ ਇਸ ਗੱਲ ਤੇ ਜ਼ੋਰ ਦਿਤਾ ਕਿ ਉਹ ਜ਼ਰੂਰ ਆਉਣ ਨਹੀਂ ਤਾਂ ਮੈਂ ਪ੍ਰਯੋਗ ਨਹੀਂ ਕਰਾਂਗਾ। ਜਦੋਂ ਉਹ ਬੜੇ ਬੇਦਿਲਾ ਹੋ ਕੇ ਅੰਦਰ ਆਇਆ ਤਾਂ ਮੈਂ ਕਿਹਾ ਕਿ ਉਹ ਹੀ ਦੱਸੇ ਕਿ ਸਲਾਈਆਂ ਕਿਸ ਦਿਸ਼ਾ ਵਲ ਜਾਣੀਆਂ ਚਾਹੀਦੀਆਂ ਹਨ ਕਿਸ ਡਿਗਰੀ ਤੇ ਕਿਸ ਮੋੜ ਤਕ।

ਮੈਂ ਬਿਲਕੁਲ ਨਿਸਲ ਬੈਠਾ ਰਿਹਾ। ਮੇਰੇ ਮੂੰਹ ਤੇ ਨੱਕ ਤੇ ਰਬੜ ਦਾ ਮਾਸਕ ਲੱਗਾ ਹੋਇਆ ਸੀ, ਕਪੜੇ ਨਾਲ ਮੇਰੇ ਸਰੀਰ ਨੂੰ ਬੰਨ੍ਹਿਆ ਹੋਇਆ ਸੀ। ਮੈਂ ਫੇਰ ਮੰਤਰਾਂ ਦਾ ਉਚਾਰਨ ਸ਼ੁਰੂ ਕੀਤਾ ਤੇ ਸਲਾਈਆਂ ਵਲ ਦੇਖਣਾ ਸ਼ੁਰੂ ਕੀਤਾ।

ਸਵਾਮੀ ਜੀ ਦਸ ਰਹੇ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸਲਾਈਆਂ ਤੇ ਪੂਰਾ ਧਿਆਨ ਇਕੱਤਰ ਕੀਤਾ ਤੇ ਉਤੇ ਰੱਖੀਆਂ ਸਲਾਈਆਂ ਲੋਚੀ ਦਿਸ਼ਾ ਵਿਚ ਹੌਲੀ ਹੌਲੀ ਮੁੜ ਕੇ ਉਸ ਬੰਦੇ ਵਲ ਹੋ ਗਈਆਂ। 10 ਡਿਗਰੀ ਦੀ ਚਾਪ ਬਣ ਗਈ, ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਉਸ ਨੇ ਕਹੀ ਸੀ। ਇਸ ਪ੍ਰਯੋਗ ਨੂੰ ਦੁਬਾਰਾ ਕੀਤਾ ਗਿਆ, ਨਤੀਜੇ ਬਿਲਕੁਲ ਉਹ ਹੀ ਨਿਕਲੇ। ਉਸ ਵਿਗਿਆਨਕ ਨੇ ਹੱਥ ਦੀ ਕਿਤਾਬ ਧਰਤੀ ਤੇ ਪਟਕੀ ਤੇ ਬਾਹਰ ਜਾਂਦਾ ਇਹ ਕਹਿ ਗਿਆ, ਮੈਂ ਦੇਖਿਆ ਹੈ ਪਰ ਮੈਂ ਮੰਨਦਾ ਨਹੀਂ।

ਇਕ ਤਜਰਬੇ ਵਿਚ ਸਵਾਮੀ ਜੀ ਨੇ ਆਪਣੀ ਨੀਂਦਰ ਤੇ ਪੂਰਾ ਕਾਬੂ ਦਰਸਾਇਆ। ਉਨ੍ਹਾਂ ਨੇ ਦੱਸਿਆ ਕਿ ਉਹ ਕੇਵਲ 25 ਮਿੰਟ ਹੀ ਸੌਣਗੇ, ਫੇਰ ਉਹ ਉਠ ਜਾਣਗੇ। ਇਕ ਜੰਤਰ ਜਿਹੜਾ ਦਿਮਾਗ ਦੀਆਂ ਲਹਿਰਾਂ ਨੂੰ ਰੀਕਾਰਡ ਕਰ ਸਕਦਾ ਸੀ ਉਹ ਲਗਾ ਦਿਤਾ ਗਿਆ ਤਾਂ ਜੋ ਇਹ ਪਤਾ ਲਗ ਸਕੇ ਕਿ ਸਵਾਮੀ ਜੀ ਸੁੱਤੇ ਪਏ ਹਨ। ਸਵਾਮੀ ਜੀ ਨੇ ਹਲਕੇ ਹਲਕੇ ਖੁਰਾਟੇ ਵੀ ਮਾਰੇ। ਖੋਜਕਾਰੀਆਂ ਨੇ ਆਪਸ ਵਿਚ ਗੱਲਬਾਤ ਵੀ ਕੀਤੀ, ਕਈ ਕਮਰਾ ਵੀ ਛੱਡ ਕੇ ਬਾਹਰ ਗਏ। ਜਦੋਂ ਸਵਾਮੀ ਜੀ ਜਾਗੇ ਉਨ੍ਹਾਂ ਨੇ ਸਭ ਕੁਝ ਦੱਸਿਆ, ਕੌਣ ਕਮਰਾ ਛੱਡ ਕੇ ਗਏ ਕਿਸ ਕਿਸ ਨੇ ਕੀ ਕੀ ਗੱਲ ਕੀਤੀ ਏਥੋਂ ਤਕ ਕਿ ਉਪਰ ਵਾਲੀ ਮੰਜ਼ਲ ਤੇ ਕੀ ਗੱਲਾਂ ਹੋਈਆਂ। ਖੋਜਕਾਰ ਤਾਂ ਹੈਰਾਨ ਰਹਿ ਗਏ। ਉਹ ਸੋਚ ਵੀ ਨਹੀਂ ਸਕਦੇ ਸੀ ਕਿ ਇਕ ਬੰਦਾ ਜਿਹੜਾ ਪੂਰੀ ਤਰ੍ਹਾਂ ਸੁੱਤਾ ਪਿਆ ਹੈ ਉਹ ਕਿਵੇਂ ਸੁਚੇਤ ਪੱਧਰ ਦੀਆਂ ਗੱਲਾਂ ਕਰ ਸਕਦਾ ਹੈ? ਸਵਾਮੀ ਜੀ ਨੇ ਦੱਸਿਆ ਕਿਵੇਂ ਉਨ੍ਹਾਂ ਦੇ ਗੁਰੂਦੇਵ ਨੇ ਉਨ੍ਹਾਂ ਨੂੰ ਨੀਂਦ ਵਿਚ ਵੀ ਪੂਰੀ ਤਰ੍ਹਾਂ ਸੁਚੇਤ ਰਹਿਣ ਦੀ ਸਿਖਿਆ ਦਿਤੀ ਹੋਈ ਹੈ ਜਿਸ ਨੂੰ 'ਯੋਗ ਨਿੰਦਰਾ' ਕਹਿੰਦੇ ਹਨ, ਇਸ ਵਿਚ ਦਿਮਾਗ ਸੌਂ ਜਾਂਦਾ ਹੈ ਪਰ ਮਨ ਜਾਗਦਾ ਰਹਿੰਦਾ ਹੈ ਕਿਉਂਕਿ ਮਨ ਨੂੰ ਤਾਂ ਕਦੇ ਨੀਂਦ ਦੀ ਲੋੜ ਹੀ ਨਹੀਂ।

ਸਵਾਮੀ ਜੀ ਨੇ ਮੈਨੂੰ ਦੱਸਿਆ ਕਿ ਉਹ Menninger ਸੰਸਥਾ ਵਿਚ ਕਿਸੇ ਨੂੰ ਵੀ ਇਹ ਸਾਰੇ ਪ੍ਰਯੋਗ ਸਿਖਾਉਣ ਨੂੰ ਤਿਆਰ ਸੀ ਪਰ ਕੋਈ ਸਿੱਖਣ ਨੂੰ ਤਿਆਰ ਹੀ ਨਹੀਂ ਸੀ। ਮੇਰੇ ਲਈ ਉਥੇ ਦਾ ਵਾਤਾਵਰਣ ਸਦਾ ਕੋਈ ਬਹੁਤ ਅਨੁਕੂਲ ਨਹੀਂ ਸੀ। ਮੈਂ ਬਿਜਲੀ ਨਾਲ ਇਕ ਪ੍ਰਯੋਗ ਕਰ ਰਿਹਾ ਸੀ। ਇਹ ਦਿਖਾ ਰਿਹਾ ਸੀ ਕਿ ਸਰੀਰ ਕਿੰਨੀ ਬਿਜਲੀ ਲੈ ਸਕਦਾ ਹੈ। ਮੈਂ ਇਹ ਸਿੱਧ ਕਰ ਦਿਤਾ ਸੀ ਕਿ ਮੇਰਾ ਸਰੀਰ ਆਮ ਇਨਸਾਨ ਨਾਲੋਂ ਦੁੱਗਣਾ ਬਿਜਲੀ ਦਾ ਲੋਡ ਲੈ ਰਿਹਾ ਸੀ।

ਸਵਾਮੀ ਜੀ ਦਾ ਸਰੀਰ ਰਬੜ ਨਾਲ ਢਕਿਆ ਜਾਂਦਾ ਸੀ, ਰਬੜ ਦੇ ਹੀ ਬੂਟ ਸਵਾਮੀ ਜੀ ਪਾਉਂਦੇ ਸੀ। ਇਕ ਦਿਨ ਮੈਂ ਜਦੋਂ ਕਮਰੇ ਵਿਚੋਂ ਨਿਕਲਿਆ, ਮੈਂ ਦੇਖਿਆ ਮੇਰੇ ਰਬੜ ਦੇ ਬੂਟ ਕੱਟੇ ਪਏ ਸੀ। ਇਸ ਪਿਛੋਂ ਮੈਂ ਬਿਜਲੀ ਦੇ ਪ੍ਰਯੋਗ ਬੰਦ ਕਰ ਦਿਤੇ।

Bio-feed-back ਇਕ ਨਵਾਂ ਯੰਤਰ ਸੀ ਜਿਹੜਾ ਨਵੀਂ ਖੋਜ ਲਈ ਆਇਆ ਸੀ ਜਿਸ ਨਾਲ ਮਨੋ ਸਰੀਰਕ ਬਦਲਾਵ ਦੇਖੇ ਜਾ ਸਕਦੇ ਹਨ। ਸਵਾਮੀ ਜੀ ਨੇ ਉਸ ਨੂੰ ਦੇਖਿਆ ਕਿ ਇਹ ਕਿੰਨੀ ਦੂਰ ਤਕ ਦੇ ਬਦਲਾਵ ਨੋਟ ਕਰਦੇ ਹਨ, ਸਵਾਮੀ ਜੀ ਨੇ ਵੱਖ ਵੱਖ ਤਰੀਕੇ ਦੇਖੇ। ਉਨ੍ਹਾਂ ਨੂੰ ਕਾਗਜ਼ ਤੇ ਵੀ ਲਿਖਿਆ ਗਿਆ। ਇਹ ਓਦੋਂ ਕੀਤਾ ਗਿਆ ਜਦੋਂ ਸਵਾਮੀ ਜੀ ਦੇ ਸਿਰ ਨੂੰ ਬਿਜਲੀ ਦੀਆਂ ਤਾਰਾਂ ਲੱਗੀਆਂ ਹੋਈਆਂ ਸੀ, ਸਵਾਮੀ ਜੀ ਨੇ ਮਹਿਸੂਸ ਕੀਤਾ ਕਿ ਇਹ ਤਾਂ ਕੇਵਲ ਚਾਰ ਤਰ੍ਹਾਂ ਦੀਆਂ ਗਤੀਆਂ ਹੀ ਦੇਖ ਸਕਦਾ ਹੈ ਭਾਵ


Sri Satguru Jagjit Singh Ji eLibrary NamdhariElibrary@gmail.com

ਡੈਲਟਾ, ਥੀਟਾ, ਐਲਫਾ ਅਤੇ ਬੀਟਾ। ਇਹ ਚਾਰ ਗਤੀਆਂ ਹੀ biofeedback ਵਿਚ ਦੇਖੀਆਂ ਜਾਂਦੀਆਂ ਹਨ। ਤਕਰੀਬਨ ਹਰ ਮਨੁੱਖ ਵਿਚ ਇਹ ਹੁੰਦੀਆਂ ਹਨ ਤੇ ਹਰ ਕੋਈ ਹੀ ਇਨ੍ਹਾਂ ਨੂੰ ਦਿਖਾ ਸਕਦਾ ਹੈ। ਸਵਾਮੀ ਜੀ ਦੀਆਂ ਦਿਮਾਗ ਦੀਆਂ ਟਰੇਸਿੰਗ ਬੜੀਆਂ ਸਾਫ ਆਈਆਂ। ਸਵਾਮੀ ਜੀ ਨੇ ਮਹਿਸੂਸ ਕੀਤਾ ਕਿ ਭਾਵੇਂ ਇਹ ਗਤੀਆਂ ਰੀਕਾਰਡ ਕੀਤੀਆਂ ਗਈਆਂ, ਹਨ ਅਤੇ ਇਹ ਗਤੀ ਵਿਧੀਆਂ ਕਿੰਨੀਆਂ ਹੀ ਠੀਕ ਹਨ ਪਰ ਇਹ ਯੰਤਰ ਸਵਾਮੀ ਜੀ ਦੀਆਂ ਉਚੇਰੀ ਅਵਸਥਾ ਦੀਆਂ ਗਤੀ ਵਿਧੀਆਂ ਨੂੰ ਨਹੀਂ ਪਕੜ ਰਿਹਾ ਇਹ ਜੰਤਰ ਕੇਵਲ ਉਸ ਸਮੇਂ ਦੀਆਂ ਗਤੀ ਵਿਧੀਆਂ ਹੀ ਦੇਖ ਕੇ ਰਿਕਾਰਡ ਕਰ ਰਿਹਾ ਸੀ, ਉਚੇਰੀ ਮਾਨਸਿਕ ਅਵਸਥਾ ਨੂੰ ਪਕੜਨ ਦੇ ਕਾਬਲ ਉਹ ਨਹੀਂ ਸੀ, ਜੰਤਰ ਮਨੋਸਰੀਰਕ ਅਵਸਥਾ ਹੀ ਦਸ ਰਿਹਾ ਸੀ।

ਸਵਾਮੀ ਜੀ ਮਸ਼ੀਨ ਦੀ ਸਮਰਥਾ ਤੋਂ ਕਿਤੇ ਦੂਰ ਜਾ ਰਹੇ ਸੀ ਜੋ ਮਸ਼ੀਨ ਦੀ ਸਮਰਥਾ ਦੇਖਣ ਅਤੇ ਨਾਪਣ ਦੀ ਸੀ ਸਵਾਮੀ ਜੀ ਦਾ ਸਰੀਰ ਤੇ ਮਨ ਉਸ ਤੋਂ ਕਿਤੇ ਵੱਧ ਸੂਖਮ ਸੀ ਜੋ ਮਸ਼ੀਨ ਪਕੜ ਹੀ ਨਹੀਂ ਸਕਦੀ ਸੀ। ਕਹਿਣ ਤੇ ਸਵਾਮੀ ਜੀ 0 (Delta) ਤੋਂ 13 (Delta) ਤਕ ਚਲੇ ਜਾਂਦੇ ਸੀ ਪਰ ਉਨ੍ਹਾਂ ਦੀ ਧਿਆਨ ਅਵਸਥਾ ਉਨ੍ਹਾਂ ਚੇਤਨ ਅਵਸਥਾ ਜਿਹੜੀ ਸਰੀਰ ਤੇ ਮਨ ਤੋਂ ਬਾਹਰ ਦੀ ਅਵਸਥਾ ਹੈ ਉਹ ਮਸ਼ੀਨ ਦੀ ਪਕੜ ਵਿਚ ਆਉਂਦੀ ਹੀ ਨਹੀਂ ਸੀ। ਡਾ. ਗਰੀਨ ਨੇ ਸਵਾਮੀ ਜੀ ਨੂੰ ਦੱਸਿਆ ਕਿ ਇਹ ਮਸ਼ੀਨ ਤਾਂ ਸਭ ਤੋਂ ਵਧੀਆ ਮਸ਼ੀਨ ਹੈ, ਜੋ ਉਪਲਬਧ ਹੈ। ਸਵਮੀ ਜੀ ਦੀ ਅਵਸਥਾ ਕਿਤੇ ਉਚੀ ਹੈ ਜਿਸ ਨੂੰ ਉਥੇ ਕੋਈ ਸਮਝਣ ਵਾਲਾ ਤੇ ਜਾਨਣ ਵਾਲਾ ਹੀ ਨਹੀਂ ਸੀ। ਸਵਾਮੀ ਜੀ ਕੀ ਚਾਹੁੰਦੇ ਸੀ ਕਿ ਉਥੇ ਦੇ ਖੋਜ ਕਰਨ ਵਾਲੇ ਵਿਗਿਆਨਕਾਂ ਨਾਲ ਮਿਲ ਕੇ ਕੋਈ ਹੋਰ ਵਧੇਰੇ ਸੂਖਮ ਜੰਤਰ ਮਸ਼ੀਨ ਬਣਾਈ ਜਾਵੇ ਜੋ ਹੋਰ ਵਧੇਰੇ ਸੂਖਮ ਅਵਸਥਾ ਨੂੰ ਦੇਖ ਸਕੇ ਚੇਤਨਤਾ ਦੇ ਵੱਖ ਵੱਖ ਪੱਧਰ ਦੇਖ ਸਕੇ, ਤੇ ਨਾਪ ਸਕੇ। ਪਰ ਉਹ ਕਦੀ ਨਹੀਂ ਹੋ ਸਕਿਆ।

ਇਕ ਹੋਰ ਬੜੀ ਹੀ ਰੌਚਕ ਗੱਲ ਹੋਈ। ਉਹ ਇਹ ਕਿ ਸਵਾਮੀ ਜੀ ਨੇ ਪ੍ਰਯੋਗਸ਼ਾਲਾ ਵਿਚ ਪ੍ਰਮਾਣਤ ਕੀਤਾ ਕਿ ਸਰੀਰ ਦਾ ਭਾਰ ਤੇ ਸਮੂੰਹ ਸਰੀਰ ਦੋਨੋਂ ਵੱਖ ਵੱਖ ਹਨ। ਭਾਰ ਨਾਪਣ ਵਾਲੀ ਮਸ਼ੀਨ ਤੇ ਖੜ੍ਹੇ ਹੋ ਕੇ ਜਦੋਂ ਭਾਰ ਦੇਖਿਆ ਗਿਆ ਉਸ ਤੋਂ ਬਾਅਦ ਉਹ ਮਸ਼ੀਨ ਤੋਂ ਉਤਰੇ ਤੇ ਮੁੜ ਕੇ ਚੜ੍ਹੇ। ਇਹ ਪਹਿਲੇ ਭਾਰ ਨਾਲੋਂ ਕਿਤੇ ਘੱਟ ਸੀ। ਫੇਰ ਉਨ੍ਹਾਂ ਨੇ ਦੱਸਿਆ ਕਿ ਸਰੀਰ ਦਾ ਸਮੂੰਹ ਤੇ ਸਰੀਰ ਦਾ ਭਾਰ ਦੋਨੋਂ ਵੱਖ ਵੱਖ ਹਨ ਇਹ ਗੱਲ ਸਵਾਮੀ ਜੀ ਬਾਰ ਬਾਰ ਕਹਿੰਦੇ ਰਹੇ। ਸਵਾਮੀ ਜੀ ਆਪਣੀ ਚਮੜੀ ਵਿਚ ਕੋਈ ਵੀ ਸੂਈ ਚੋਭ ਕੇ ਜਾਂ ਕਿਸੇ ਚੀਜ਼ ਨਾਲ ਕੱਟ ਸਕਦੇ ਸੀ ਤੇ ਕੋਈ ਵੀ ਖੂਨ ਦਾ ਕਤਰਾ ਤਕ ਨਹੀਂ ਸੀ ਨਿਕਲਦਾ, ਨਾ ਹੀ ਇਹ ਦਿਸਦਾ ਸੀ ਕਿ ਇਥੇ ਕੋਈ ਸੂਈ ਜਾਂ ਕੋਈ ਕੱਟ ਲੱਗਾ ਹੋਇਆ ਹੈ।

ਇਨ੍ਹਾਂ ਗੱਲਾਂ ਤੋਂ ਇਲਾਵਾ ਸਵਾਮੀ ਜੀ ਆਮ ਲੋਕਾਂ ਨਾਲ ਬੈਠ ਕੇ ਜਦੋਂ ਗੱਲਾਂ ਬਾਤਾਂ ਕਰਦੇ ਤਾਂ ਉਨ੍ਹਾਂ ਨੂੰ ਬਹੁਤ ਸਾਰੀਆਂ ਗੱਲਾਂ ਦਸਦੇ। ਇਸੇ ਤਰ੍ਹਾਂ ਦੀ ਇਕ ਗੱਲ ਬਾਤ ਵਿਚ ਆਪ ਜੀ ਨੇ ਰਸੌਲੀਆਂ ਬਾਰੇ ਦੱਸਿਆ ਉਨ੍ਹਾਂ ਨੇ ਇਕ ਆਦਮੀ ਨੂੰ ਕਿਹਾ ਕਿ ਉਨ੍ਹਾਂ ਦੇ ਸੱਜੇ ਪੱਟ ਤੇ ਹੱਥ ਰੱਖੇ। ਉਸ ਨੇ ਹੱਥ ਰੱਖਿਆ ਉਸ ਨੂੰ ਕੁਝ ਵੀ ਅਜੀਬ ਨਹੀਂ ਲੱਗਿਆ। ਥੋੜ੍ਹੀ ਹੀ ਦੇਰ ਬਾਅਦ ਉਨ੍ਹਾਂ ਨੇ ਫੇਰ ਉਸ ਨੂੰ ਹੱਥ ਰੱਖਣ ਲਈ ਕਿਹਾ, ਹੁਣ ਜਦੋਂ ਉਸ ਨੇ ਹੱਥ ਲਗਾਇਆ ਤਾਂ ਉਸ ਨੂੰ ਇਕ ਵੱਡੀ ਸਾਰੀ ਰਸੌਲੀ ਮਹਿਸੂਸ ਹੋਈ। ਉਸਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਹ ਕਦੀ ਕਿਤੇ ਦਿਖ ਸਕਦੀ ਸੀ ਕਦੀ ਕਿਤੇ। ਫੇਰ ਉਹ ਇਕ ਦਮ ਹੀ ਖਤਮ ਹੋ ਗਈ।

ਇਸੇ ਤਰ੍ਹਾਂ ਉਨ੍ਹਾਂ ਨੇ ਫੇਰ ਕਰਕੇ ਦਿਖਾਇਆ। ਕਈਆਂ ਨੇ ਹੱਥ ਲਗਾ ਕੇ ਦੇਖਿਆ ਤੇ ਫੇਰ ਸਵਾਮੀ ਜੀ ਦੇ ਕਹਿਣ ਤੇ ਖਤਮ ਹੋ ਗਈ। ਇਸੇ ਤਰ੍ਹਾਂ ਉਨ੍ਹਾਂ ਨੇ ਕਈ ਰਸੌਲੀਆਂ ਚਮੜੀ ਦੇ ਉਪਰ ਕਰਕੇ ਦਿਖਾਈਆਂ। ਕਈ ਮੋਹਕੇ ਉਪਰ ਕਰਕੇ ਦਿਖਾਏ ਤੇ ਖਤਮ ਵੀ ਕੀਤੇ। ਇਕ ਮਿੰਟ ਇਨ੍ਹਾਂ ਨੂੰ ਉਭਰਦੇ ਦਿਖਾਇਆ ਤੇ ਇਕ ਮਿੰਟ ਵਿਚ ਹੀ ਦਬਦੇ ਦਿਖਾਇਆ। ਇਸ ਤਰ੍ਹਾਂ ਦੋਨੋਂ ਬਾਹਵਾਂ ਦੀਆਂ ਰਸੌਲੀਆਂ ਦੀ biopsy ਲਈ ਗਈ। ਜਦੋਂ ਦੋਨਾਂ ਦੀ ਰੀਪੋਰਟ ਆਈ ਇਕ ਸਾਦੀ ਸੀ ਇਕ ਕੈਂਸਰ ਵਾਲੀ ਸੀ।

ਸਵਾਮੀ ਜੀ ਦਸਦੇ ਸੀ ਕਿ ਕੈਂਸਰ ਦੀ ਜੜ੍ਹ ਮਨੁੱਖ ਦੇ ਦਿਮਾਗ ਵਿਚ ਹੁੰਦੀ ਹੈ। ਸਵਾਮੀ ਜੀ ਦੱਸ ਰਹੇ ਸੀ ਕਿ ਕੈਂਸਰ ਦੀ ਸਾਰੀ ਖੋਜ ਬੜੇ ਹੀ ਗਲਤ ਪਾਸੇ ਜਾ ਰਹੀ ਹੈ। ਇਕ ਦਿਨ ਉਨ੍ਹਾਂ ਨੇ ਮੇਰੀ ਪਤਨੀ ਨੂੰ ਬੜਾ ਅਜੀਬ ਸਵਾਲ ਪੁੱਛਿਆ, Tree (ਸਵਾਮੀ ਜੀ ਪਿਆਰ ਨਾਲ ਥਰੀਸਾ (Theresa) ਨੂੰ Tree ਕਹਿੰਦੇ ਸੀ) ਪੱਛਮ ਵਿਚ ਐਨਾ ਜ਼ਿਆਦਾ ਕੈਂਸਰ ਕਿਉਂ ਹੈ?

ਥਰੀਸਾ ਕੋਲ ਕੋਈ ਜਵਾਬ ਨਹੀਂ ਸੀ। ਫੇਰ ਵੀ ਉਹ ਕਹਿਣ ਲੱਗੀ ਕਿ ਇਥੇ ਰਸਾਇਣਕ ਪ੍ਰਦੂਸ਼ਣ ਵੱਧ ਹੈ, ਖਾਣ ਦੀਆਂ ਚੀਜ਼ਾਂ ਤੇ ਪਾਣੀ ਵੀ ਸ਼ੁਧ ਨਹੀਂ, ਇਸ ਕਾਰਣ ਕਰਕੇ ਵੀ ਹੋ ਸਕਦਾ ਹੈ। ਸਵਾਮੀ ਜੀ ਤੁਸੀਂ ਇਹ ਗੱਲ ਕਿਉਂ ਪੁਛ ਰਹੇ ਹੋ।

ਕੈਂਸਰ ਯੋਗੀਆਂ ਦੀ ਤੇ ਸੰਤਾਂ ਦੀ ਚੁਣੀ ਹੋਈ ਬਿਮਾਰੀ ਹੈ। ਜਦੋਂ ਉਹ ਸਰੀਰ ਛੱਡਣਾ ਚਾਹੁੰਦੇ ਹਨ ਉਹ ਇਸ ਨੂੰ ਹੀ ਚੁਣਦੇ ਹਨ। ਇਸ ਨਾਲ ਉਹ ਆਪਣੇ ਪ੍ਰੇਮੀਆਂ ਤੇ ਸ਼ਿਸ਼ਾਂ ਦੇ ਕਰਮ ਵੀ ਜਾਲਦੇ ਹਨ। ਇਹ ਬਿਮਾਰੀ ਆਮ ਬੰਦਿਆਂ ਦੀ ਹੈ ਹੀ ਨਹੀਂ ਪਤਾ ਨਹੀਂ ਇਹ ਆਮ ਬੰਦਿਆਂ ਨੂੰ ਕਿਉਂ ਹੋਣ ਲਗ ਪਈ ਹੈ। ਸਾਨੂੰ ਯਾਦ ਆਇਆ ਕਿ ਵੱਡੇ ਵੱਡੇ ਸੰਤ, ਰਾਮਾ ਕ੍ਰਿਸ਼ਨਾ ਜੀ ਰਮਣ ਮਹਾਂਰਿਸ਼ੀ ਇਨ੍ਹਾਂ ਸਭ ਨੇ ਸਰੀਰ ਛੱਡਣ ਲਈ ਕੈਂਸਰ ਹੀ ਲਿਆ, ਸਾਲਾਂ ਬਾਅਦ ਸਾਨੂੰ ਸਵਾਮੀ ਜੀ ਦੇ ਸ਼ਬਦ ਯਾਦ ਆਏ ਜਦੋਂ ਸਾਡੇ ਜੀਵਨ ਵਿਚ ਘਟਨਾ ਘਟੀ।



Sri Satguru Jagjit Singh Ji eLibrary NamdhariElibrary@gmail.com

ਜਦੋਂ ਸਵਾਮੀ ਜੀ ਕੈਲੀਫੋਰਨੀਆਂ ਵਿਚ ਸੀ ਉਨ੍ਹਾਂ ਨੇ ਇਕ ਪੱਤਰਕਾਰ ਜੌਨ ਸ਼ਿਵੋਤਾ (Jon Shivota) ਨੂੰ ਇਹ ਪ੍ਰਮਾਣਤ ਕਰਕੇ ਦਿਖਾਇਆ ਕਿ ਇਕ ਪੈਰ ਵਿਚੋਂ ਖ਼ੂਨ ਪੂਰੀ ਤਰ੍ਹਾਂ ਕੱਢ ਲਿਆ ਤੇ ਦੂਸਰੇ ਵਿਚ ਪੂਰੀ ਤਰ੍ਹਾਂ ਪਾ ਦਿਤਾ। ਇਕ ਪੈਰ ਪੂਰੀ ਤਰ੍ਹਾਂ ਪੀਲਾ ਪੈ ਗਿਆ ਤੇ ਦੂਸਰਾ ਬਿਲਕੁਲ ਲਾਲ ਹੋ ਗਿਆ। ਫੇਰ ਸਵਾਮੀ ਜੀ ਨੇ ਆਪਣੀ ਦਿਲ ਦੀ ਧੜਕਣ ਘਟ ਕਰਕੇ 12 ਤੇ ਲੈ ਆਂਦੀ ਭਾਵ ਇਕ ਮਿੰਟ ਵਿਚ ਬਾਰਾਂ ਭਾਵ ਨਬਜ਼ ਮਿਲ ਹੀ ਨਹੀਂ ਰਹੀ ਸੀ। ਫੇਰ ਉਨ੍ਹਾਂ ਨੇ ਦੋ ਸਕਿੰਟਾਂ ਵਿਚ ਰਸੌਲੀਆਂ ਬਣਾ ਲਈਆਂ ਤੇ ਫੇਰ ਉਹ ਦੋ ਸਕਿੰਟਾਂ ਵਿਚ ਖਤਮ ਵੀ ਕਰ ਦਿਤੀਆਂ। ਜਦੋਂ ਉਨ੍ਹਾਂ ਨੂੰ Alpha Waves ਬਾਰੇ ਪੁਛਿਆ ਗਿਆ ਤਾਂ ਸਵਾਮੀ ਜੀ ਨੇ ਦੱਸਿਆ Alpha waves ਤੇ ਸਮਾਧੀ ਇਕ ਚੀਜ਼ ਨਹੀਂ ਹੈ ਇਕ ਗੱਲ ਨਹੀਂ ਹੈ। Alpha ਤਾਂ ਕੇਵਲ ਨਿਸਲਤਾ ਹੀ ਦਸਦੀਆਂ ਹਨ, ਇਹ ਚੇਤਨਤਾ ਦੀ ਅਵਸਥਾ ਨਹੀਂ ਦਸਦੀਆਂ। ਸਵਾਮੀ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਕੁੱਤੇ ਨੂੰ biofeed back ਤੇ ਪਾਇਆ ਤੇ ਉਸ ਨੇ 75% ਸਮੇਂ Alpha waves ਦਿਖਾਈਆਂ।

ਕਈ ਵਾਰੀ ਸਵਾਮੀ ਜੀ ਬਹੁਤ ਹੀ ਅਨੋਖੀਆਂ ਗੱਲਾਂ ਕਰ ਦਿੰਦੇ ਸੀ, ਕਰਦੇ ਵੀ ਬੜੇ ਹੀ ਸਾਧਾਰਣ ਰੂਪ ਵਿਚ ਸੀ। ਇਕ ਵਾਰੀ ਇਕ ਪ੍ਰਯੋਗਸ਼ਾਲਾ ਦੇ ਕਰਮਚਾਰੀ ਨੇ ਸਵਾਮੀ ਜੀ ਨੂੰ ਤੁਰੇ ਜਾਂਦੇ ਪੁਛਿਆ, ਕੀ ਲੋਕੀ ਕੁਦਰਤ ਨਾਲ ਗੱਲਬਾਤ ਕਰ ਸਕਦੇ ਹਨ? ਇਕ ਦਮ ਹੀ ਸਵਾਮੀ ਜੀ ਨੇ ਉਸ ਦਾ ਸਿਰ ਮੋੜਿਆ, ਉਸ ਦਾ ਹੱਥ ਪਕੜਿਆ ਜਿਵੇਂ ਹੈਲੋ ਕਹਿ ਰਹੇ ਹੋਣ ਤੇ ਉਸ ਨੂੰ ਨਾਲ ਲੈ ਕੇ ਸਾਰੇ ਬਰਾਂਡੇ ਵਿਚ ਟੁਰਦੇ ਰਹੇ। ਉਸ ਨੂੰ ਦੇਖ ਕੇ ਉਸ ਦੇ ਸਾਥੀ ਵੀ ਉਸ ਤਰ੍ਹਾਂ ਹੀ ਕਰਨ ਲਗ ਪਏ ਤੇ ਖਿੜਕੀਆਂ ਵਿਚੋਂ ਦੇਖਣ ਲਗ ਪਏ। ਦੇਖਿਆ ਗਿਆ ਕਿ ਹਰ ਇਕ ਪੌਦਾ, ਚਾਹੇ ਉਹ ਕਮਰੇ ਵਿਚ ਸੀ ਚਾਹੇ ਬਰਾਂਡੇ ਵਿਚ, ਝੂੰਮਣ ਲਗ ਪਿਆ ਜਿਵੇਂ ਸਵਾਮੀ ਜੀ ਨੂੰ ਨਮਸਕਾਰ ਕਰ ਰਿਹਾ ਹੋਵੇ।

ਇਕ ਵਾਰੀ ਦੀ ਗੱਲ ਹੈ ਸਵਾਮੀ ਜੀ ਨੇ ਇਕ ਬਾਰਾਂ ਇੰਚ ਮੋਟੀ ਲਕੜੀ ਨੂੰ ਪੋਲੇ ਜਿਹੇ ਹੱਥ ਲਗਾਇਆ। ਉਹ ਟੁਕੜੇ ਟੁਕੜੇ ਹੋ ਗਈ। ਇਸੇ ਤਰ੍ਹਾਂ ਲੋਹੇ ਦੇ ਕੰਡਿਆਂ ਵਾਲਾ ਫੁਟਾ ਦੋ ਜਣਿਆਂ ਨੇ ਪਕੜਿਆ, ਸਵਾਮੀ ਜੀ ਨੇ ਕੇਵਲ ਇਕ ਨਿਗ੍ਹਾ ਨਾਲ ਦੇਖਿਆ ਹੀ ਸੀ, ਆਪਣੀ ਉਂਗਲੀ ਹੀ ਕੀਤੀ ਸੀ ਕਿ ਜਿਹੜਾ ਹਿੱਸਾ ਲਕੜੀ ਦਾ ਸੀ ਉਹ ਟੁਕੜੇ ਟੁਕੜੇ ਹੋ ਗਿਆ ਤੇ ਜਿਹੜਾ ਹਿੱਸਾ ਲੋਹਾ ਦਾ ਸੀ ਉਹ ਮੁੜ ਗਿਆ।

ਕਿਸ ਤਰ੍ਹਾਂ ਸਵਾਮੀ ਜੀ ਪੂਰੀ ਤਰ੍ਹਾਂ ਨਿਸਲ ਹੋ ਕੇ ਬੈਠਦੇ ਹਨ ਦੇਖਣ ਵਾਲਾ ਹੈਰਾਨ ਹੀ ਰਹਿ ਜਾਂਦਾ ਹੈ। ਘੰਟਿਆਂ ਬੱਧੀ ਉਹ ਬਿਨਾਂ ਹਿਲੇ ਜੁਲੇ ਇਕੋ ਤਰ੍ਹਾਂ ਬੈਠੇ ਰਹਿੰਦੇ ਤੇ ਨਾਸਿਕਾ ਵਿਚੋਂ ਹਲਕਾ ਹਲਕਾ ਸ੍ਵਾਸ ਚਲਦਾ ਰਹਿੰਦਾ, ਨਾਸਿਕਾ ਦੇ ਅੱਗੇ ਜੇ ਤੁਸੀਂ ਪੰਛੀ ਦਾ ਖੰਭ ਰੱਖੋ, ਉਹ ਵੀ ਮਜ਼ਾਲ ਕੀ ਕਿ ਹਿਲ ਜਾਵੇ। ਕਿਤੇ ਵੀ ਕਿਸੇ ਕਿਸਮ ਦੀ ਕੋਈ ਵੀ ਹਿਲਜੁਲ ਨਹੀਂ ਹੁੰਦੀ। ਦੇਖਣ ਲਈ ਇਕ ਪੱਥਰ ਦੀ ਮੂਰਤੀ ਹੀ ਸਵਾਮੀ ਜੀ ਲਗਦੇ ਸੀ। ਉਹ ਕਿਥੇ ਚਲੇ ਜਾਂਦੇ ਹਨ?

ਇਕ ਮਨੋਵਿਗਿਆਨਕ ਚਿਕਿਤਸਕ ਇਕ ਵਾਰੀ ਸਵਾਮੀ ਜੀ ਦੇ ਕਮਰੇ ਵਿਚ ਆਇਆ। ਸਵਾਮੀ ਜੀ ਨੇ ਉਸ ਨੂੰ ਕਿਹਾ ਕਿ ਤੁਸੀਂ ਚਾਰ ਪ੍ਰਸ਼ਨ ਲਿਖ ਲਓ, ਆਪਣੀ ਮਰਜ਼ੀ ਦੇ। ਉਹ ਇਹ ਬੇਨਤੀ ਸੁਣ ਕੇ ਹੈਰਾਨ ਹੋਈ। ਉਸ ਨੇ ਚਾਰ ਬਿਲਕੁਲ ਵੱਖ ਵੱਖ ਪ੍ਰਸ਼ਨ ਪੁੱਛੇ। ਜਦੋਂ ਉਸ ਨੇ ਚੌਥਾ ਪ੍ਰਸ਼ਨ ਖਤਮ ਕੀਤਾ, ਸਵਾਮੀ ਜੀ ਨੇ ਉਸ ਨੂੰ ਇਕ ਤਹਿ ਲੱਗਾ ਕਾਗਜ਼ ਪਕੜਾ ਦਿਤਾ। ਜਦੋਂ ਉਸ ਨੇ ਉਹ ਕਾਗਜ਼ ਖੋਲ੍ਹਿਆ ਉਹ ਹੈਰਾਨ ਹੋ ਗਈ। ਉਸ ਤੇ ਬਿਲਕੁਲ ਉਸ ਹੀ ਭਾਸ਼ਾ ਵਿਚ ਉਹ ਚਾਰ ਪ੍ਰਸ਼ਨ ਲਿਖੇ ਹੋਏ ਸੀ ਤੇ ਜਿਨ੍ਹਾਂ ਦਾ ਜਵਾਬ ਸਵਾਮੀ ਜੀ ਨੇ ਦਿਤਾ ਸੀ।

ਸਾਲਾਂ ਦੇ ਬਾਅਦ ਸਵਾਮੀ ਜੀ ਨੇ ਮੈਨੂੰ ਦੱਸਿਆ ਕਿ ਸਵਾਮੀ ਜੀ Menninger ਸੰਸਥਾ ਤੋਂ ਨਿਰਾਸ਼ ਹੋ ਗਏ ਸੀ। ਕਾਰਣ ਜੋ ਕੁਝ ਵੀ ਸਵਾਮੀ ਜੀ ਨੇ ਪ੍ਰਮਾਣਤ ਕਰਕੇ ਦਿਖਾਇਆ ਸੀ ਉਹ ਸੰਸਥਾ ਉਸ ਤੇ ਪੂਰੀ ਖੋਜ ਜੋ ਹੋ ਸਕਦੀ ਸੀ, ਜੋ ਹੋਣੀ ਚਾਹੀਦੀ ਸੀ, ਉਹ ਨਹੀਂ ਕਰ ਰਹੇ ਸੀ ਉਸ ਨਾਲ ਮਾਨ[illegible]ਤੇ ਬਹੁਤ ਅੱਛੇ ਨਤੀਜੇ ਨਿਕਲਣੇ ਸੀ ਤੇ ਉਹ ਬਹੁਤ ਲਾਭਦਾਇਕ ਹੋ ਸਕਦੀ ਸੀ। ਸਵਾਮੀ ਜੀ ਨੇ ਦੱਸਿਆ [illegible] ਹੋਰ ਬਹੁਤ ਸਾਰੀਆਂ ਚੀਜ਼ਾਂ ਸੀ ਜਿਹੜੀਆਂ ਉਹ ਪ੍ਰਮਾਣਤ ਕਰ ਸਕਦੇ ਸੀ ਪਰ ਉਹ ਹੁਣ ਨਹੀਂ ਕਰ ਸਕ ਰਹੇ ਸੀ। ਸਵਾਮੀ ਜੀ ਨੇ ਬੜੇ ਦੁਖ ਭਰੇ ਅਵਾਜ਼ ਨਾਲ ਗੱਲਾਂ ਕਰਕੇ ਕਿਹਾ, ਉਨ੍ਹਾਂ ਨੂੰ ਪਤਾ ਹੀ ਨਹੀਂ ਜੋ ਮੈਂ ਕੀਤਾ ਹੈ, ਉਸ ਨੂੰ ਕਿਸ ਤਰ੍ਹਾਂ ਵਰਤਣਾ ਹੈ, ਉਸ ਦੀ ਵਿਆਖਿਆ ਕਿਸ ਤਰ੍ਹਾਂ ਕਰਨੀ ਹੈ। [illegible] ਬਿਰਤੀ ਚਲੀ ਜਾਵੇ ਕਿ ਜਿਥੇ ਜਾ ਕੇ ਐਸਾ ਨਸ਼ਾ ਚੜ੍ਹ ਜਾਏ, ਐਸਾ ਰੰਗ ਚੜ੍ਹ ਜਾਏ ਕਿ ਉਹ ਨਸ਼ਾ ਮੁੜ ਕੇ ਉਤਰੇ ਹੀ ਨਾਲ।

***ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸੁਭਾਗਾ॥***

***ਪੰਨਾ - 985***

ਸੋ ਇਸ ਚੀਜ਼ ਦੀ ਪ੍ਰਾਪਤੀ ਨਾਮ ਤੋਂ ਬਗੈਰ ਨਹੀਂ ਹੋ ਸਕਦੀ।

ਵੱਡੇ ਵੱਡੇ ਜੋ ਇੰਦਰ ਵਰਗੇ ਸਵਰਗਾਂ ਦੇ ਰਾਜੇ ਹਨ, ਉਹ ਵੀ ਸੁਖੀ ਨਹੀਂ ਹਨ, ਉਹ ਵੀ ਦੁਖਾਂ ਵਿਚ ਪਏ ਹੋਏ ਹਨ। ਮਹਾਰਾਜ ਜੀ ਕਹਿੰਦੇ ਹਨ ਕਿ -

***ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥***

***ਪੰਨਾ - 858***

ਛਤਰਪਤੀ ਰਾਜਾ ਵੀ ਜਿਹੜਾ ਹੈ ਉਹ ਵੀ ਸੰਤਾਂ ਦੇ ਬਰਾਬਰ ਨਹੀਂ ਹੋ ਸਕਿਆ ਕਰਦਾ।



Sri Satguru Jagjit Singh Ji eLibrary NamdhariElibrary@gmail.com

# ਜੇਲ੍ਹ ਚਿੱਠੀਆਂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

### 8 ਕਾਂਡ

## ਮਾਈ ਗੁਲਾਬ ਕੌਰ ਦਾ ਦਰਸ-ਮਿਲਾਪ

ਫਿਰ ਉਹ ਸਮਾਂ ਆ ਗਿਆ, ਜਦੋਂ ਕਿ ਐਬਟਾਬਾਦ ਦੇ ਤਿਆਰੇ ਹੋ ਗਏ। ਇਸ ਪ੍ਰਥਾਇ ਆਪ ਪ੍ਰਤੀ ਅਗੇ ਹੀ ਖਾਸਾ ਸਮਾਚਾਰ ਪਠਾ ਚੁਕਾ ਹਾਂ। ਉਥੇ ਜਾ ਕੇ ਜੋ ਹੋਰ ਗੋਹਝ ਅਕਾਲੀ ਰੰਗ ਵਰਤੇ, ਉਹ ਕਿਸੇ ਕਿਸੇ ਸੁਹਿਰਦ ਸਜਣ ਦੇ ਸੀਨੇ ਗੋਚਰ ਹੀ ਕਰਾਏ ਗਏ ਹਨ ਅਤੇ ਉਨ੍ਹਾਂ ਸੀਨਿਆਂ ਅੰਦਰ ਹੀ ਹਨ।

ਖਾਸ ਕਰ ਦੂਜੇ ਅਖੰਡ ਪਾਠ (ਸ੍ਰੀ ਦਸਮੇਸ਼ ਜੀ ਦੇ ਜਨਮ ਦਿਨ ਵਾਲੇ) ਦਾ ਗੋਝ ਬ੍ਰਿਤਾਂਤ ਤਾਂ ਲੇਖਣੀ ਅੰਦਰ ਆਉਣਾ ਹੀ ਉਚਿਤ ਨਹੀਂ, ਸੀਨਿਆਂ ਅੰਦਰ ਰਹਿਣਾ ਹੀ ਠੀਕ ਹੈ। ਉਕਤ ਗੋਝ ਚਮਤਕਾਰੀ ਬ੍ਰਿਤਾਂਤ ਦਾ ਗੁਪਤ ਬਵਸਥਾ ਅੰਦਰ ਤੇ ਖਾਸ ਖਾਸ ਸੁਹਿਰਦੀ ਸੀਨਿਆਂ ਅੰਦਰ ਰਹਿਣ ਦਾ ਹੀ ਹੁਕਮ ਹੈ। ਇਸ ਕਰਕੇ ਸਪਸ਼ਟ ਸੁਣਾਇਆ ਨਹੀਂ ਜਾ ਸਕਦਾ। ਉਸ ਅਖੰਡ ਪਾਠ ਦੀ ਗੋਝ ਕਲਾ ਦਾ ਇਕ ਵਰਣਨ ਕਰਨ ਯੋਗ ਇਹ ਸਿੱਟਾ ਨਿਕਲਿਆ ਕਿ ਦਾਸ ਦੇ ਹਿਰਦਿਓਂ ਇਹ ਜਾਚਨਾ ਮਈ ਪ੍ਰਾਰਥਨਾ ਸੁਤੇ ਸੁਭਾਵ ਹੀ ਸਫੁਟ ਹੋਈ ਕਿ ਅਜਿਹੇ ਅਖੰਡ ਸਮਾਗਮਾਂ ਦੇ ਅਨੰਦ ਲਹਿਰੇ ਲੈਂਦਿਆਂ ਅਤੇ ਇਸੇ ਰੰਗ ਰਤੜੀ ਦਸ਼ਾ ਵਿਚ ਨਿਮਗਨ ਰਹਿੰਦਿਆਂ ਹੀ ਬਿਹਾਵੇ; ਤਾਂ ਦਾਸ ਨੂੰ ਧੁਨਕਾਰੀ ਹੁਕਮ ਰਜ਼ਾ ਦੀ ਆਵਾਜ਼ ਸੁਣਾਈ ਦਿਤੀ ਕਿ –

'ਅਖੰਡ ਪਾਠਾਂ ਦੇ ਪਰਵਾਹ ਹੁਣ ਬਹੁਤ ਚਲਣਗੇ, ਜਾਓ ਰਜ ਰਜ ਕੇ ਅੰਮ੍ਰਿਤ ਭੁੰਚੋ ਤੇ ਰਲ ਮਿਲ ਕੇ ਪਿਉ ਦਾਦੇ ਦੇ ਅਤੁਟ ਖਜ਼ਾਨੇ ਵਿਚੋਂ ਖਾਵਹੁ ਤੇ ਖਰਚੋ।

ਮੈਨੂੰ ਮਾਨੋਂ ਘਰਾਂ ਵਲ ਮੁੜ ਆਉਣ ਦੀ ਪ੍ਰਤੱਖ ਆਗਿਆ ਮਿਲ ਗਈ। ਹੁਣ ਮੈਨੂੰ ਕੌਣ ਮੋੜੇ? ਮੋੜਨ ਵਾਲਿਆਂ ਨੇ ਬਥੇਰੇ ਵਾਹਣੇ ਵਾਹੇ, ਪਰ ਧੁਰ ਦੇ ਹੁਕਮਾਂ ਅਗੇ ਹੋਰ ਕਿਸੇ ਦੀ ਕੌਣ ਮੰਨੇ? ਨਾਲੇ ਪਿਛੋਂ ਖਿੱਚ ਅਗੰਮ ਦੀ ਪੈਂਦੀ ਸੀ। ਖਬਰ ਨਹੀਂ ਕਉਣ ਧੂੰਦਾ ਸੀ? ਅਤੇ ਐਬਟਾਬਾਦ ਦਾ ਵਸੇਬਾ ਹੁਣ ਔਖਾ ਪ੍ਰਤੀਤ ਹੁੰਦਾ ਸੀ, ਕਿਉਂਕਿ ਲੋਕਾਂ ਵਲੋਂ ਜੋ ਅਣਹੋਈ ਉਸਤਤ ਹੋਣ ਲਗ ਪਈ ਸੀ, ਉਹ ਮੈਨੂੰ ਨਾ-ਗਵਾਰ ਜੈਸੀ ਲਗਦੀ ਸੀ। ਜਿਧਰ ਜਾਣਾ, ਐਵੇਂ 'ਭਗਤ-ਬਾਬੂ' 'ਭਗਤ-ਬਾਬੂ' ਕਹਿ ਕੇ ਲੋਕਾਂ ਨੇ ਦਾਸ ਦੇ ਖੁਰੜਿਆਂ ਨੂੰ ਚੰਬੜਨਾ। ਦਾਸ ਨੇ ਇਹ ਸਮਝ ਕੇ ਕਿ ਐਵੇਂ ਜਾਹ ਜਾਂਦੀ ਨਾ ਹੋ ਜਾਵੇ ਤੇ ਫੋਕੀ ਪ੍ਰਸਿੱਧਤਾ ਮਈ ਲੋਕਿਕ ਮਹਿਮਾ ਹੀ ਨਾ ਸੁਖਾਉਣ ਲਗ ਜਾਵੇ। ਜੇ ਐਸਾ ਹੋ ਗਿਆ ਫੇਰ ਗਏ ਗੁਜ਼ਰੇ, ਤਾਂ ਤੇ ਇਥੋਂ ਹੁਣ ਖਿਸਕਣਾ ਹੀ ਚੰਗਾ ਹੈ। ਤਿਸ ਪਰ ਹੁਕਮ ਦਰਗਾਹੀ ਭੀ ਹੋ ਚੁੱਕਾ ਸੀ। ਪਰ ਉਥੇ ਦੀਆਂ ਸੰਗਤਾਂ ਨਹੀਂ ਚਾਹੁੰਦੀਆਂ ਸਨ ਕਿ ਦਾਸ ਉਥੋਂ ਕਿਤੇ ਵਲ ਜਾਵੇ, ਪ੍ਰੰਤੂ ਹੁਕਮ ਅਗੇ ਸਿਰ ਝੁਕਾਉਣਾ ਪਿਆ ਅਤੇ ਅਰਦਾਸਾ ਸੋਧ ਕੇ ਓੜਕ ਉਥੋਂ ਤੁਰ ਹੀ ਪਏ। ਕਈ ਸੱਜਣ ਪ੍ਰੇਮ ਨਾਲ ਬਿਹਬਲ ਹੋਏ ਹੋਏ ਹਰੀਪੁਰ ਤਾਈਂ ਦਾਸ ਦੇ ਨਾਲ ਹੀ ਆਏ। ਏਥੋਂ ਹਰੀਪੁਰ ਵਿਖੇ ਇਕ ਪ੍ਰੀਤ-ਪ੍ਰੇਮ ਦੇ ਅਖਾੜੇ ਵਿਚ ਪ੍ਰਵਾਨ ਹੋਈ ਰੂਹ ਵੀ ਰਹਿੰਦੀ ਸੀ, ਜਿਸ ਦੇ ਦਰਸ਼ਨਾਂ ਦੀ ਤਾਂਘ ਦਾਸ ਦੇ ਹਿਰਦੇ ਅੰਦਰ ਅਤਿ ਤੀਬਰ ਸੀ। ਹਰੀਪੁਰ ਦੇ ਸਿੰਘਾਂ ਦੇ ਭੀ ਓਥੇ ਦਰਸ਼ਨ ਹੋਏ, ਜੋ ਆਪ ਹੀ ਚੱਲ ਕੇ ਦਾਸ ਪਾਸ ਆ ਗਏ ਸਨ। ਪ੍ਰੰਤੂ ਦਾਸ ਦੀ ਲੋਚਾ ਤਾਂ ਉਸ ਪਵਿਤਰ ਪ੍ਰੇਮ ਦੀ ਅਵਧੀ ਵਾਲੀ ਭਗਤੀ ਪੁੰਜ ਮਾਈ ਗੁਲਾਬ ਕੌਰ ਦੇ ਉੱਜਲ ਦਿਦਾਰੇ ਦੀ ਪ੍ਰਾਪਤੀ ਹਿਤ ਪ੍ਰਬਲ ਹੋ ਰਹੀ ਸੀ, ਜਿਸ ਦੀ ਮਹਿਮਾ ਮਈ ਸਰੋਤ ਦਾਸ ਦੇ ਸਰਵਣਾਂ ਅੰਦਰ ਕਈ ਦਿਹਾੜਿਆਂ ਤੋਂ ਪੈ ਰਹੀ ਸੀ। ਏਥੇ ਕਿੰਚਤ ਬ੍ਰਿਤਾਂਤ ਏਸ ਸੁਲੱਖਣੀ, ਸੰਤ ਮਾਈ ਦਾ ਵਰਣਨ ਕਰ ਦੇਣਾ ਭੀ ਦਾਸ ਅਤੀ ਲੋੜਵੰਦਾ ਸਮਝਦਾ ਹੈ, ਕਿਉਂਕਿ ਗੁਰੂ ਘਰ ਦੀ ਸੰਤ ਬਿਵਸਥਾ ਵਾਲੇ ਉਚ ਆਤਮ-ਅਟਾਰੀਆਂ ਤੇ ਖੇਡਣ ਵਾਲੇ ਪ੍ਰਮਾਰਥੀ ਜੀਵਨ ਦੇ ਇਹ ਪਹਿਲੇ ਦਰਸ-ਮਿਲਾਪ ਸਨ ਜੋ ਦਾਸ ਨੂੰ ਆਪਣੀ ਜੀਵਨ ਯਾਤ੍ਰਾ ਅੰਦਰ ਹੋਏ।

ਇਸ ਮਾਈ ਦਾ ਪ੍ਰਸੰਗ ਜੋ ਦਾਸ ਨੇ ਇਕ ਸਿੰਘ ਪਾਸੋਂ ਸੁਣਿਆ, ਇਸ ਬਿਧ ਹੈ ਕਿ –

ਇਸ ਮਾਈ ਦਾ ਪਤੀ ਇਕ ਬੜਾ ਗੁਰੂ ਘਰ ਦਾ ਪ੍ਰੇਮੀ ਤੇ ਸ਼ਰਧਾਲੂ ਸੀ। ਗੁਰਮੁਖ ਲਾਲ ਨੂੰ ਧਰਮ ਪਤਨੀ ਭੀ ਗੁਰਮੁਖ ਹੀ ਮਿਲੀ ਜਿਸ ਦੇ ਪਤੀ-ਬ੍ਰਤ ਧਰਮ ਦੇ ਪੂਰਨੇ ਆਪਣੀ ਮਿਸਾਲ ਆਪ ਹੀ ਰਖਦੇ ਸਨ। ਪਤੀ ਦੀ ਸੇਵਾ ਤੇ ਆਗਯਾਕਾਰੀ ਤੋਂ ਬਿਨਾਂ ਪਤੀ ਪ੍ਰੇਮ ਵਿਚ ਏਥੋਂ ਤਾਈਂ ਰੱਤੀ ਹੋਈ ਸੀ ਕਿ ਪਤੀ ਨੂੰ ਸੱਚ ਮੁੱਚ ਪ੍ਰਮੇਸ਼ੂਰ ਸਮਾਨ ਸਮਝ ਕੇ ਪੂਜਦੀ ਸੀ, ਅਤੇ ਪਤੀ ਦੇ ਦਰਸ਼ਨਾਂ ਬਾਝੋਂ ਚੰਦ ਕੁਮਦਨੀ ਨਿਆਈਂ ਇਕ ਤਿਲ ਭੀ ਨਾ ਧੀਰਦੀ ਸੀ। ਪਤੀ ਦੀ ਆਗਿਆ ਅਨੁਸਾਰ 'ਸ੍ਰੀ ਸੁਖਮਨੀ ਸਾਹਿਬ' ਤੇ 'ਬਾਵਨ ਅਖਰੀ' ਬਾਣੀਆਂ ਵੀ ਇਸ ਸੁਭਾਗੀ ਨੇ ਕੰਠ ਕਰ ਲਈਆਂ ਸਨ। ਗੁਰਮੰਤਰ ਸਿਮਰਨ ਦੀ ਚੌਂਪ ਐਸੀ ਨਹੀਂ ਸੀ ਜਿਤਨੀ ਕਿ ਆਪਣੇ ਪਤੀ ਦੇ ਦਰਸ਼ਨਾਂ ਵਿਚ ਮਗਨ ਰਹਿਣ ਦੀ ਪ੍ਰੇਮ ਲਗਨ ਵਿਖੇ ਸੀ। ਨਾਮ ਦਾ ਪ੍ਰਕਾਸ਼ ਅਜੇ ਨਹੀਂ ਹੋਇਆ ਕਿ ਕਰਤਾਰ ਭਾਣੇ ਅੰਦਰ ਗੁਰਮੁਖ ਪਤੀ ਹੋਰੀਂ ਸਚਖੰਡ ਚਲ ਬਸੇ। ਪਤੀ ਦੇ ਬ੍ਰਿਹੋਂ ਦੀ ਚੋਟ ਐਸੀ ਵਜੀ ਕਿ "ਬਿਰਹੁ ਚੋਟ ਮਰੰਨਿ" ਵਾਲੀਆਂ ਸਤੀਆਂ ਵਿਚੋਂ ਸੱਚ ਮੁੱਚ ਜੀਉਂਦੀ ਜਾਗਦੀ ਨਾਮ ਕਲਾ ਭਰਪੂਰ ਸਦਾ ਸੁਹਾਗਣ ਸਤੀ ਬਣ ਗਈ, ਅਤੇ ਅੰਤਰ ਆਤਮਿਓਂ ਜੋਤ ਪ੍ਰਕਾਸ਼ੀ ਤੇ ਨੂਰ ਦਾ ਅੰਕੂਰ ਆਣ ਉਦੇ ਹੋਇਆ। ਆਪਣੇ ਪਤੀ ਦੇ ਦਰਸ ਕੰਵਲ ਦੀ ਭਵਰੇ ਵਤ ਮਸਤ ਮਾਈ ਹੁਣ ਚੋਜੀ ਗੁਰੂ ਕਰਤਾਰ ਦੇ ਚਰਨ ਕੰਵਲਾਂ ਦੀ ਮੌਜ ਵਾਲੇ ਰੰਗਾਂ ਵਿਚ ਮਸਤੂਲ-ਮਸਤ ਹੋ ਗਈ। ਅਜੇ ਆਯੂ ਅਵਸਥਾ ਵੀ ਨਵਜੋਬਨ ਬਾਲੀ ਹੀ ਸੀ ਕਿ ਰੱਬੀ ਨੀਰ ਵਾਲਾ ਜਗਮਗਤਾ ਜੋਬਨ ਲਹਿ ਲਹਾ ਕੇ ਚੜ੍ਹ ਗਿਆ। ਗੁਰਮੁਖ ਲਾਲੋ



Sri Satguru Jagjit Singh Ji eLibrary NamdhariElibrary@gmail.com

ਲਾਲ ਗੁਲਾਬ ਕੌਰ ਦੀਆਂ ਝਲ-ਮਲੰਤੀਆਂ ਲਾਲੀਆਂ ਦੀ ਝਾਲ ਨਾ ਝੱਲੀ ਜਾਵੇ। ਇਸੇ ਬ੍ਰਿਹੋਂ ਮਸਤੀ ਵਿਚ ਝੂਲਦੇ ਹਾਥੀ ਦੀ ਨਿਆਈਂ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੀ ਨਵਜੋਬਨ ਬਾਲੜੀ ਮਾਈ ਘਰ ਬਾਰ ਤੋਂ ਨਿਰਮੋਹ ਹੋ ਕੇ ਚਕਰਵਰਤੀ ਹੋ ਤੁਰੀ। ਪ੍ਰੇਮ ਤਨਾਵਾਂ ਅਜਿਹੀਆਂ ਕਸਵੀਆਂ ਖਿਚੀਆਂ ਗਈਆਂ ਕਿ ਅੱਠੇ ਪਹਿਰ ਲੋਚਨ ਤਾਰ ਲਗੀ ਰਹੇ। ਸਰੀਰ ਦੀ ਸੁੱਧ ਬੁੱਧ ਵਿਸਰ ਗਈ। ਨਾਮ ਅਧਾਰ ਵਿਚ ਸੰਤੁਸ਼ਟ ਚਲੂਲੇ ਰੰਗਾਂ ਵਿਚ ਲਾਲ ਗੁਲਾਲ ਮਾਈ ਗੁਲਾਬ ਕੌਰ ਦੀਆਂ ਅਨੇਕ ਬਚਿਤ੍ਰ ਲੀਲਾਂ ਤੇ ਕਹਾਣੀਆਂ ਹਨ, ਜੋ ਵਿਸਥਾਰ ਹੋ ਜਾਣ ਦੇ ਭੈ ਕਰ ਕੇ ਵਰਣਨ ਨਹੀਂ ਕੀਤੀਆਂ ਜਾ ਸਕਦੀਆਂ। ਬਸਤੀ, ਬਾਜ਼ਾਰ, ਉਦਿਆਨ, ਉਜਾੜ ਵਿਚ ਜਿਥੇ ਭੀ ਮਸਤ ਰੰਗਾਂ ਵਿਚ ਬਿਗਸੀ ਮੌਲੀ ਹੋਈ ਮਾਈ ਜਾ ਬਿਚਰੇ, ਉਥੇ ਹੀ ਗੁਲਜ਼ਾਰ ਬਣ ਜਾਵੇ। ਮਾਈ ਦੀ ਧਾਕ ਹਜ਼ਾਰੇ, ਹਰੀਪੁਰ ਦੇ ਇਲਾਕੇ ਵਿਚ ਚਾਰ ਚੁਫੇਰੇ ਪੈ ਗਈ। ਰਸ ਪ੍ਰੇਮ ਰੰਗਾਂ ਵਿਚ ਬੇ-ਪ੍ਰਵਾਹ ਮਾਈ ਬੋਲਣੋਂ ਕੂਣੋਂ ਭੀ ਰਹਿ ਖੜੋਤੀ।

***"ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥"***

ਦਿਆਂ ਚੋਜਾਂ ਵਾਲੀ ਮਸਤ ਮਾਈ ਦੇ ਸਰੀਰ ਦੇ ਬਸਤ੍ਰ ਭੀ ਮਸਤਾਨੇ ਹੋ ਗਏ। ਓੜਕ ਪਰਮ ਹੰਸ ਮਾਈ ਦਾ ਇਕ ਕਾਲਾ ਕੰਬਲ ਤੇ ਕਛਹਿਰਾ ਹੀ ਰਹਿ ਗਿਆ। ਦਾਸ ਨੇ ਸਿੰਘਾਂ ਪਾਸ ਮਾਈ ਦੇ ਦਰਸ਼ਨ ਦੀ ਅਭਿਲਾਖਾ ਪ੍ਰਗਟ ਕੀਤੀ, ਤਾਂ ਕਹਿਣ ਲੱਗੇ, 'ਜੀ! ਉਹ ਤਾਂ ਨੇੜੇ ਕਿਸੇ ਨੂੰ ਨਹੀਂ ਆਉਣ ਦਿੰਦੀ, ਦੂਰੋਂ ਹੀ ਦੁਰਕਾਰ ਦਿੰਦੀ ਹੈ, ਤੇ ਇੱਟਾਂ ਵੱਟਿਆਂ, ਢੀਮਾਂ ਦੀ ਮਾਰ, ਮਾਰ ਕੇ ਭਜਾ ਦਿੰਦੀ ਹੈ, ਕੋਈ ਡਰਦਾ ਮਾਰਿਆ ਉਸ ਦੇ ਨੇੜੇ ਨਹੀਂ ਜਾਂਦਾ, ਨਾ ਹੀ ਅੱਜ ਤਕ ਕਿਸੇ ਨਾਲ ਬੋਲਦੀ ਸੁਣੀ ਹੈ। ਆਪਣੇ ਮਤੇ ਵਿਚ ਹੀ ਗੰਭੀਰ ਗੁਪਤ ਗੋਸ਼ਟੀ ਉਚਰਨ ਉਚਰਦੀ ਰਹਿੰਦੀ ਹੈ। ਉਸ ਦੇ ਨੇੜੇ ਢੁਕਣਾ ਕੋਈ ਮਾੜੀ ਧੀੜੀ ਗੱਲ ਨਹੀਂ; ਜੇ ਦੂਰੋਂ ਦਰਸ਼ਨ ਕਰਨਾ ਹੈ ਤਾਂ ਕਰਾ ਲਿਆਉਂਦੇ ਹਾਂ। ਜੇ ਆਪ ਨੇ ਅਗੇ ਉਸ ਦੇ ਕੋਲ ਜਾਣਾ ਹੋਇਆ ਤਾਂ ਅਸੀਂ ਪਿਛੇ ਮੁੜ ਆਵਾਂਗੇ, ਕਿਉਂਕਿ ਸਾਡਾ ਹੀਆ ਉਸ ਦੇ ਸਾਹਮਣੇ ਨੇੜੇ ਹੋ ਕੇ ਜਾਣ ਦਾ ਨਹੀਂ ਪੈਂਦਾ।' ਗੱਲ ਕੀ ਦਾਸ ਉਨ੍ਹਾਂ ਨੂੰ ਨਾਲ ਲੈ ਕੇ ਮਾਈ ਦੇ ਪਵਿਤ੍ਰ ਪਾਵਨ ਦਰਸ਼ਨ ਲਈ ਅਰਦਾਸਾ ਸੋਧ ਕੇ ਤੁਰ ਪਿਆ। ਪਤਾ ਲੱਗਾ ਕਿ ਮਾਈ ਫਲਾਣੇ ਬਾਜ਼ਾਰ ਵਿਚ ਇਕ ਬੰਦ ਦੁਕਾਨ ਦੇ ਅਗੇ ਕੰਬਲ ਵਲੇਟੀ ਪਈ ਬਰਾਜਮਾਨ ਹੈ। ਨਾਲ ਦੇ ਸਿੰਘਾਂ ਨੇ ਦਾਸ ਨੂੰ ਖਾਸੀ ਦੂਰੋਂ ਹੀ ਜਿਥੇ ਕੁ ਉਸੇ ਬਾਜ਼ਾਰ ਦਾ ਮੋੜ ਮੁੜਦਾ ਸੀ, ਸੈਨਤ ਕਰਕੇ ਮਾਈ ਨੂੰ ਦਿਖਾਇਆ ਕਿ ਔਹ ਕੰਬਲ ਵਲ੍ਹੇਟੀ ਪਈ ਹੈ। ਐਸ ਪਾਸੇ ਪਿਠ ਹੈ ਤੇ ਪਰਲੇ ਪਾਸੇ ਮੁਖ ਹੈ। ਮੁਖ ਭੀ ਕੰਬਲ ਦੇ ਅੰਦਰ ਹੀ ਸੀ। ਉਹ ਸਾਰੇ ਤਾਂ ਇਸ਼ਾਰਾ ਕਰਕੇ ਮੁੜਨ ਹੀ ਲਗੇ ਸਨ ਤੇ ਦਾਸ ਅਗੇ ਕਦਮ ਵਧਾਉਣ ਹੀ ਲਗਾ ਸੀ ਕਿ ਦਿੱਬ ਦ੍ਰਿਸ਼ਟੀ ਦੀ ਕਲਾ ਸਪੰਨ ਮਾਈ, ਪ੍ਰੇਮੀਆਂ, ਦਰਸ ਪ੍ਰੇਮੀਆਂ ਦੀਆਂ ਪ੍ਰੇਮ ਤਾਰਾਂ ਦੀ ਜਾਣੂ ਮਾਈ ਇਕ ਬਿਜਲੀ ਵਾਲੀ ਤਾਣ ਤਰਬ ਨਾਲ ਦਾਸ ਦੀ ਓਰ ਮੁਖਾਰਬਿੰਦ ਕਰਕੇ ਉਠ ਖੜੀ ਹੋਈ, ਤੇ ਖਲੋ ਕੇ ਦੋਨੋਂ ਹੱਥ ਜੋੜ ਗੱਜ ਕੇ 'ਵਾਹਿਗੁਰੂ ਜੀ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਦਾ ਬੁਲਾਵਣਾ ਕੀਤਾ। ਦਾਸ ਦੀਆਂ ਖੁਸ਼ੀਆਂ ਦੀ ਹੱਦ ਨਾ ਰਹੀ ਤੇ ਨਾਲ ਦੇ ਸਿੰਘਾਂ ਦੀ ਹੈਰਾਨੀ ਦੀ ਹੱਦ ਨਾ ਰਹੀ। ਇਕ ਦੋ ਪ੍ਰੇਮੀ ਸੱਜਣ ਤਾਂ ਮੇਰੇ ਨਾਲ ਧੁਰ ਤਾਈਂ ਆਣ ਹੀ ਪੁੱਜੇ। ਮਾਈ ਆਪਣੀ ਪ੍ਰੇਮ ਲਟਕ ਦੀ ਮੌਜ ਵਿਚ ਉਸੇ ਤਰ੍ਹਾਂ ਹੱਥ ਜੋੜੀ ਖੜੀ ਸੀ ਕਿ ਦਾਸ ਨੇ ਜਾਣ ਸਾਰ ਚਰਨਾਂ ਉਤੇ ਢੈਣ ਦੀ ਕੀਤੀ, ਪ੍ਰੰਤੂ ਦਾਸ ਦਾ ਸੀਸ ਮਾਈ ਨੇ ਆਪਣੇ ਹਸਤ ਕੰਵਲਾਂ ਵਿਚ ਬੋਚ ਲਿਆ ਤੇ ਆਪਣੇ ਉਪਰਲਾ ਕੰਬਲ ਲਾਹ ਕੇ ਦਾਸ ਦੇ ਹੇਠਾਂ ਵਿਛਾਉਣ ਹੀ ਲਗੇ ਸਨ ਕਿ ਦਾਸ ਨੇ ਮਾਈ ਹੋਰਾਂ ਅਗੇ ਨਿਮ੍ਰੀ ਭੂਤ ਹੋ ਕੇ ਬੇਨਤੀ ਕੀਤੀ ਕਿ ਏਤਨੀ ਝਾਲ ਝਲਣ ਜੋਗਾ ਇਹ ਦਰਸ ਭਿਖਾਰੀ ਨਹੀਂ। ਧੂੜਾਂ ਵਿਚ ਲਿਟਣ ਵਾਲਾ ਹੈ। ਇਹ ਕਹਿ ਕੇ ਦਾਸ ਭੁੰਞੇ ਹੀ ਬੈਠ ਗਿਆ ਤੇ ਕੰਬਲ ਉਨ੍ਹਾਂ ਦੇ ਕੋਲ ਹੀ ਪਿਆ ਰਿਹਾ ਅਤੇ ਆਪ ਇਕ ਤਾਰ ਲਿਵਤਾਰ ਦੀ ਲਹਿਰ ਤੇ ਲਟਕ ਵਿਚ ਨਿਮਗਨ ਹੋ ਕੇ ਬੈਠ ਗਏ। ਜੈਸੇ ਮੌਜ ਕ੍ਰਿਸ਼ਮੇ ਵਾਲੀ ਬੈਠਣੀ ਮਾਈ ਹੋਰੀਂ ਓਸ ਵੇਲੇ ਬੈਠੇ ਸਨ, ਉਸ ਦਾ ਹੂਬਹੂ ਫੋਟੋ ਦਾਸ ਦੇ ਹਿਰਦੇ ਉਪਰ ਹੁਣ ਤਾਈਂ ਖਿਚਿਆ ਪਿਆ ਹੈ। ਮੇਰੇ ਮਨ ਤਨ ਹੀਅਰੇ ਨੂੰ ਠਾਰ ਦੇਣ ਵਾਲਾ ਉਹ ਕਉਤਕੀ ਕ੍ਰਿਸ਼ਮਾ ਅੱਖਰਾਂ ਵਿਚ ਉਕਰਿਆ ਜਾਣਾ ਅਤਿ ਅਸੰਭਵ ਹੈ। ਮੈਂ ਪੇਖਤ ਹੀ ਪੁਨੀਤ ਹੋ ਗਿਆ ਅਤੇ ਦਰਸ ਭੇਟ ਹੋਣ ਸਾਰ ਹੀ ਨਾਮ ਦਾ ਖੰਡਾ ਜ਼ੋਰੋ ਜ਼ੋਰ ਖੜਕਣ ਲੱਗ ਪਿਆ। ਮੈਨੂੰ ਮਾਈ ਦੀਆਂ ਗੋਝ ਆਤਮ ਤੇਜਮਈ ਸੈਨਤਾਂ ਮੇਰੇ ਨਾਲ ਗੂੜ੍ਹ ਗਿਆਨ ਗੋਸ਼ਟ ਕਰਦੀਆਂ ਦਿੱਸਣ। ਦਾਸ ਤੇ ਉਨ੍ਹਾਂ ਦੇ ਅੰਦਰ ਦੀ ਗੋਝ ਕਥਾ ਇਕ ਮਿੱਕ ਹੋ ਗਈ। ਮੂੰਹੋਂ ਬੋਲਣ ਦੀ ਹੁਣ ਕਿਸ ਨੂੰ ਲੋੜ! ਓੜਕ ਮਾਈ ਜੀ ਇਸ ਬਿਧ ਮਧੁਰ ਬਚਨ ਬੋਲ ਕੇ ਦਾਸ ਦੀ ਓਰ ਮੁਖਾਤਬ ਹੋਏ -

'ਮੁਸਾਫਰ ਹਾਂ, ਪ੍ਰਾਹੁਣਚਾਰੀ ਕੀ ਕਰਾਂ? ਮੁਸਾਫਰ ਹਾਂ, ਮੁਸਾਫਰ ਹਾਂ!'

ਇਵੇਂ ਜਿਵੇਂ ਪ੍ਰੇਮ ਬੈਰਾਗਨੀ ਮਧੁਰ ਧੁਨੀ ਉਨ੍ਹਾਂ ਦੇ ਮੁਖਾਰਬਿੰਦ ਤੋਂ ਨਿਕਲਦੀ ਰਹੀ। ਫੇਰ ਹੰਬਲਾ ਮਾਰ ਕੇ ਉਠੇ, ਕੰਬਲ ਚੁਕਿਆ ਅਤੇ ਦਾਸ ਨੂੰ ਉਥੇ ਹੀ ਬੈਠੇ ਰਹਿਣ ਦਾ ਇਸ਼ਾਰਾ ਕਰਕੇ ਝੂਮਦੇ ਮੌਲਦੇ ਇਕ ਫਲਾਂ ਵਾਲੇ ਦੀ ਦੁਕਾਨ ਉਤੇ ਜਾ ਫਿਰੇ ਅਤੇ ਉਸ ਦੇ ਬੋਝਣ (ਟੋਕਰੇ ਆਦਿ) ਵਿਚੋਂ ਲੁਕਾਟਾਂ ਦੀ ਝੋਲੀ ਭਰ ਲਿਆਂਦੀ ਅਤੇ ਦਾਸ ਉਤੇ ਤੁੱਠ ਕੇ ਆਖਣ ਲਗੇ - 'ਬਿਬੇਕੀਆਂ ਦਾ ਇਹ ਪ੍ਰਸ਼ਾਦ ਹੈ, ਪਰਵਾਨ ਕਰੋ!' ਦਾਸ ਨੇ ਧੰਨਭਾਗ ਸਮਝ ਕੇ ਸੰਤ ਪ੍ਰਸ਼ਾਦ ਜਾਣ ਕੇ ਮਾਈ ਜੀ ਦੇ ਪ੍ਰੇਮ ਪ੍ਰਸ਼ਾਦ ਨੂੰ ਪੱਲੇ ਪੁਆ ਲਿਆ ਤੇ ਲੜ ਬੰਨ੍ਹ ਲਿਆ। ਫੇਰ ਦਾਸ ਵਲ ਵੇਖ ਵਿਗਸ ਕੇ 'ਨਿਹਾਲ ਨਿਹਾਲ' ਦਾ ਖੁਸ਼ਾ ਬਖਸ਼ਿਆ ਅਤੇ ਇਉਂ ਭਾਖਿਆ - 'ਗੁਰੂ ਕੇ ਸਿੱਖਾ! ਤੂੰ ਨਿਹਾਲ ਹੋਇਉਂ! ਸੋਹਣਾ ਦੀਵਾ ਸਤਿਗੁਰੂ ਨੇ ਜਗਾਇਆ ਹੈ।' ਇਉਂ ਕਹਿ ਕੇ ਬਿਸਮਾਦ ਰੰਗਾਂ ਵਿਚ ਰੰਗੀਜ਼ ਕੇ ਵੁਠ ਤੁਠਣੀ ਕਰਾਂਤ ਵਿਚ ਦ੍ਰਵ ਉਠੇ। ਦਾਸ ਨੇ ਬਿਨੈ ਅਲਾਈ ਕਿ ਕਿਰਪਾ ਕਰ ਅਸੀਸੜੀ ਦੇਵੋ ਕਿ ਇਹ ਦੀਵਾ ਇਵੇਂ ਜਿਵੇਂ ਹੀ ਦਗਦਾ ਜਗਦਾ ਰਹੇ। ਬਚਨ ਹੋਇਆ 'ਇਹ ਜਗਮਗੀ ਜੋਤਿ ਘਟਅੰਤਰੀ ਨਾਮ ਦੀਵਾ ਹੋਰ ਵੀ ਲਟ ਲਟ ਜਗੂ।' ਇਹ ਅਮੋਘ ਰੂਪੀ ਬਾਣ ਬਾਹ ਕੇ ਉਹ ਖੜੇ ਖੜੇ ਹੀ



Sri Satguru Jagjit Singh Ji eLibrary NamdhariElibrary@gmail.com

ਫੇਰ ਪ੍ਰੇਮ ਵਿਚ ਨਿਮਗਨ ਹੋ ਗਏ, ਅੱਖ ਉਘੜੀ ਤਾਂ ਵਿਦਾਇਗੀ ਦਾ ਇਸ਼ਾਰਾ ਹੋਇਆ। ਦਾਸ ਨੇ ਜੋਦੜੀ ਕੀਤੀ ਕਿ ਫੇਰ ਦਰਸ਼ਨ ਮੇਲੇ ਕਦੋਂ ਹੋਣਗੇ ? ਉਚਾਰਣ ਹੋਇਆ ਕਿ 'ਅੰਤਰ ਆਤਮੇ ਮਿਲ ਰਹੇ ਸ਼ਬਦ ਮੇਲੀਆਂ ਦਾ ਸਦਾ ਹੀ ਮੇਲ ਬਣਿਆ ਹੋਇਆ ਹੈ, ਵਿਛੋੜਾ ਕਦੇ ਨਹੀਂ। ਉਂਞ ਪ੍ਰਸਪਰ ਸਨਮੁਖੀ ਦਰਸ਼ਨ ਦੀਦਾਰੇ ਤਾਂ ਹੁਣ ਧੁਰ ਦਰਗਾਹੀਂ ਹੋਣਗੇ।' ਅਤੇ ਬਚਨ ਹੋਇਆ, ਕਿ ਅਸੀਸ ਹੋਈ –

'ਹੁਕਮ ਅਖੰਡ ਪਾਠਾਂ ਦੇ ਪਰਵਾਹ ਚਲਾਉਣ ਦਾ ਲੈ ਕੇ ਤੁਰੇ ਹੋ। ਜਾਓ ਦੇਸਾਂ ਨੂੰ, ਭਾਣੇ ਅੰਦਰ ਅਨੰਦ ਮਾਣੋ। ਅਤੇ ਪੰਜੇ ਸਾਹਿਬ ਜੀ ਦੀ ਦਰਸ਼ਨ ਯਾਤ੍ਰਾ ਕਰਦੇ ਜਾਓ।'

ਇਸ ਪ੍ਰਕਾਰ ਦੇ ਗਿਣਵੇਂ ਮਿਣਵੇਂ ਬਚਨ ਹੋਏ। ਦਾਸ ਚਰਨਾਂ ਤੇ ਢਹਿ ਪਿਆ। ਉਹ ਨੇਤਰਾਂ ਵਿਚ ਪ੍ਰੇਮ ਬੈਰਾਗ ਨਾਲ ਜਲ ਭਰ ਲਿਆਏ, ਦਾਸ ਦੇ ਦੀਦੇ ਭੀ ਜਲ ਪੂਰਤ ਹੋ ਗਏ। ਫੇਰ ਦਯਾ ਕਰ ਦਾਸ ਨੂੰ ਬਾਹੋਂ ਫੜ ਕੇ ਸਾਵਧਾਨ ਕੀਤਾ ਤੇ ਥਾਪਨਾ ਦੇ ਕੇ ਤੋਰ ਦਿਤਾ।

ਦਾਸ ਪੰਜਾ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਜੀ ਦੀ ਯਾਤਰਾ ਕਰਕੇ ਪਿੰਡ ਆਇਆ ਤੇ ਵਿਛੜੀ ਸੰਗਤ ਦੇ ਮੇਲੇ ਗੇਲੇ ਹੋਏ। ਗੁਰੂ ਕੀ ਅਪਾਰ ਕਿਰਪਾ ਨਾਲ ਅਖੰਡ ਕੀਰਤਨ ਤੇ ਅਖੰਡ ਪਾਠਾਂ ਦੇ ਸਮਾਗਮ ਲਗਾਤਾਰ ਪ੍ਰਾਪਤ ਹੋਣ ਲੱਗੇ ਅਤੇ ਆਤਮ ਬ੍ਰਿਤੀ ਦਿਨੋ ਦਿਨ ਚੜ੍ਹਦੀਆਂ ਕਲਾਂ ਵਿਖੇ ਨਾਮ ਰਸ ਲੀਨ ਹੁੰਦੀ ਜਾਵੇ। ਮੈਨੂੰ ਪੱਕਾ ਥਹੁ ਪਤਾ ਨਹੀਂ ਕਿ ਕਿੰਨਾ ਕੁ ਚਿਰ ਤੇ ਕਿਤਨੇ ਕੁ ਦਿਵਸ, ਮਹੀਨੇ ਅਥਵਾ ਬਰਸ ਇਸੇ ਅਨੰਦ ਬ੍ਰਿਤੀ ਵਿਚ ਨਿਰਵਿਘਨ ਵਿਹਾਏ ਕਿ ਕੇਲ ਕਰੰਤੇ ਹੰਝ ਨੂੰ ਵਿਘਨ ਰੂਪੀ ਅਚਿੰਤੇ ਬਾਜ ਆਨ ਪਏ।

## 9 ਕਾਂਡ

## ਖਾਲਸਾ ਕਾਲਜ ਅੰਮ੍ਰਿਤਸਰ ਵਿਚ

ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲਿਆਂ ਨੇ ਖਾਲਸਾ ਕਾਲਜ ਦੀ ਸੇਵਾ ਦੀ ਪ੍ਰੇਰਨਾ ਬੜੇ ਜ਼ੋਰਾਂ ਨਾਲ ਆਣ ਕੀਤੀ। ਉਧਰੋਂ ਸਾਡੇ ਪਿਤਾ ਹੋਰੀਂ ਅਗੇ ਹੀ ਏਸ ਗੱਲ ਦੇ ਉਡੀਕਵਾਨ ਸਨ। ਮੈਨੂੰ ਪੰਥਕ ਸੇਵਾ ਦਾ ਚੋਗਾ ਪਾ ਕੇ ਭੋਲ ਲਿਆ। ਮੈਂ ਕੀ ਜਾਣਾਂ ਕਿ ਏਸ ਪੰਥਕ ਸੇਵਾ ਵਿਚ ਭੀ ਮਾਮਲੇ ਤੇ ਪੁਆੜੇ ਪੈ ਜਾਣੇ ਹਨ। ਉਥੇ ਫਸਾ ਕੇ ਸਰਦਾਰ ਹੋਰੀਂ (ਸ: ਹਰਬੰਸ ਸਿੰਘ ਜੀ) ਤਾਂ ਲਾਂਭੇ ਹੋ ਗਏ ਤੇ ਜੋ ਜੋ ਤਲਖ ਤਜਰਬੇ ਤੇ ਅਨੇਕ ਪ੍ਰਕਾਰ ਦੇ ਉਤਾਰ ਚੜ੍ਹਾਉ ਉਥੇ ਜਾ ਕੇ ਦੇਖੇ ਤੇ ਵਰਤੋਂ ਵਿਚ ਆਏ ਉਨ੍ਹਾਂ ਦਾ ਵਿਸਥਾਰ ਪੂਰਬਕ ਬ੍ਰਿਤਾਂਤ ਆਪ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਤੋਂ ਪੁਛ ਸਕਦੇ ਹੋ। ਮੈਂ ਉਸ ਕੱਚੇ ਚਿੱਠੇ ਨੂੰ ਖੋਹਲਣਾ ਇਕ ਪ੍ਰਕਾਰ ਦਾ ਕੁਸੰਗ ਵਿਚ ਪੈਣਾ ਸਮਝਦਾ ਹਾਂ। ਗੁਰੂ ਨੇ ਮੇਰੀ ਉਥੋਂ ਭੀ ਆਪਣੀ ਅਪਾਰ ਕ੍ਰਿਪਾ ਕਰ ਬੰਦ ਖਲਾਸੀ ਕਰਾਈ ਤੇ ਉਥੇ ਹੀ ਖਹਿਮ-ਖਹਿ ਵਾਲੀ ਖਲਜਗਨ ਵਿਚ ਬ੍ਰਿਤੀ ਨੂੰ ਜੋ ਘਾਟਾ ਪਿਆ ਸੀ ਉਹ ਫੇਰ ਗੁਰੂ ਕੀਆਂ ਸੰਗਤਾਂ ਵਿਚ ਆਉਣ ਕਰ ਅਤੇ ਲਗਾਤਾਰ ਅਖੰਡ ਸਤਿਸੰਗ ਕੀਰਤਨ ਮੰਡਲਾਂ ਵਿਚ ਆਣ ਪ੍ਰਾਪਤ ਹੋਣ ਕਰਕੇ ਜਿਉਂ ਕਾ ਤਿਉਂ ਪੂਰਾ ਹੋ ਗਿਆ ਤੇ ਸੁਰਜੀਤਤਾ ਹੋ ਗਈ। ਚੋਖਾ ਸਮਾਂ ਇਸ ਪ੍ਰਕਾਰ ਚੜ੍ਹਦੀਆਂ ਕਲਾਂ ਵਾਲੀ ਖੇਡ ਵਿਚ ਵਿਹਾਇਆ ਕਿ ਇਤਨੇ ਨੂੰ ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਵਿਖੇ ਗੁਰਮਤਿ ਵਿਦਯਾ ਦੇ ਵਿਸਥਾਰਨ ਨਮਿਤ ਪ੍ਰੀਸ਼ਰਮ ਕਰਨ ਦੀ ਸੇਵਾ ਲਈ ਗੁਰੂ ਕੇ ਲਾਲ ਪਰੇਰ ਕੇ ਲੈ ਗਏ ਅਤੇ ਖਾਲਸਾ ਦੀਵਾਨ ਦਮਦਮਾ ਸਾਹਿਬ ਦੀ ਪੱਕੀ ਨੀਂਹ ਰਖ ਕੇ ਦਾਸ ਨੂੰ ਮੱਲੋ ਮੱਲੀ ਸੇਵਕ (ਸਕਤ੍ਰ) ਥਾਪਿਆ ਗਿਆ। ਜੋ ਸੇਵਾ ਓਥੇ ਜਿਤਨਾ ਚਿਰ ਸਰੀ ਬਣੀ ਸੋ ਕੀਤੀ ਤੇ ਬ੍ਰਿਤੀ ਨੂੰ ਭੀ ਓਥੇ ਕੁਛ ਵਿਘਨ ਨਹੀਂ ਹੋਇਆ ਕਿਉਂਕਿ ਦਾਸ ਦੀ ਬ੍ਰਿਤੀ ਨੂੰ ਜਾਚ ਕੇ ਦੀਵਾਨ ਨੇ ਇਕ ਰਾਗੀ ਸਿੰਘਾਂ ਦਾ ਜੱਥਾ ਦਾਸ ਦੇ ਨਾਲ ਕਰ ਦਿੱਤਾ। ਅਤੇ ਪਿੰਡ ਬਰ ਪਿੰਡ ਦਾਸ ਤਾਂ ਉਸ ਜੱਥੇ ਦੇ ਨਾਲ ਕੀਰਤਨ ਦਾ ਅਨੰਦ ਹੀ ਲੈ ਰਿਹਾ ਸੀ, ਪ੍ਰੰਤੂ ਇਸ ਦੇ ਨਾਲ ਸੁਤੇ ਸਿਧ ਹੀ ਇਹ ਸੇਵਾ ਭੀ ਹੋ ਗਈ ਕਿ ਗੁਰਮਤਿ ਵਿਦਯਾ ਆਸ਼ਰਮ (ਖਾਲਸਾ ਹਾਈ ਸਕੂਲ) ਦੀ ਨੀਂਹ ਰੱਖਣ ਲਈ ਤਕੜੇ ਗੱਫੇ ਮਾਇਆ ਦੇ ਦੀਵਾਨ ਦੀ ਗੋਲਕ ਵਿਚ ਇਕੱਤਰ ਹੋ ਗਏ। ਦਾਸ ਨੇ ਫਿਰ ਥੋੜਾ ਚਿਰ ਸ੍ਰੀ ਦਮਦਮਾ ਸਾਹਿਬ ਵਿਖੇ ਅਸਥਿਤ ਹੋ ਕੇ ਤਖਤ ਸਾਹਿਬ ਤੇ ਦਰਬਾਰ ਸਾਹਿਬ ਜੀ ਦੀ ਸੇਵਾ ਯਾਤਰਾ ਦਾ ਅਨੰਦ ਲੈਣਾ ਅਰੰਭ ਕਰ ਦਿਤਾ। ਬ੍ਰਿਤੀ ਨੂੰ ਫੇਰ ਹੋਰ ਉਛਾਲਾ ਉਠਿਆ ਤੇ ਭਾਣੇ ਅੰਦਰ ਉਥੋਂ ਭੀ ਉਪਰਾਮਤਾ ਹੋ ਗਈ। ਜੀ ਚਾਹੁੰਦਾ ਸੀ ਕਿ ਖੁਲ੍ਹੇ ਹੀ ਬਿਚਰੀਏ, ਇਕੇ ਜਗਾ ਬੱਝ ਕੇ ਰਹਿਣ ਨੂੰ ਚਿੱਤ ਨਾ ਪਤੀਜਿਆ। ਅਤੇ ਕਾਰਜ ਆਰੰਭ ਹੋ ਹੀ ਚੁਕਿਆ ਸੀ। ਆਸ਼ਰਮ ਦੀ ਨੀਂਹ ਰੱਖੀ ਹੀ ਜਾ ਚੁੱਕੀ ਸੀ। ਹੁਣ ਪਤਾ ਨਹੀਂ ਕਿ ਉਸ ਆਸ਼ਰਮ ਦਾ ਕੀ ਹਾਲ ਹੈ। ਉਥੋਂ ਭੀ ਬ੍ਰਿਤੀ ਦੀਆਂ ਬਾਗਾਂ ਮੁੜੀਆਂ ਅਤੇ ਸਾਧ ਸਮਾਗਮ ਅਖੰਡ ਕੀਰਤਨ ਮੰਡਲਾਂ ਵਿਚ ਫੇਰ ਆ ਨਿਵਾਸ ਹੋਇਆ। ਉਧਰੋਂ ਬਾਬੂ ਤੇਜਾ ਸਿੰਘ ਜੀ ਦੀ ਅਥੱਕ ਤੇ ਪਰਬਲ ਪ੍ਰੇਰਨਾ ਨੇ ਜ਼ੋਰ ਪਾਇਆ ਕਿ ਪੰਚ ਖੰਡ ਵਿਖੇ ਵਿਦਯਾ ਭੰਡਾਰ ਦੀ ਨੀਂਹ ਰਖ ਕੇ ਪੰਚ ਖਾਲਸਾ ਦੀਵਾਨ ਦੀ ਖਾਸ ਸੇਵਾ ਘਾਲਣ ਦਾ ਬੀੜਾ ਚੁੱਕਣਾ ਹੈ। ਗੁਰੂ ਪ੍ਰੇਰਨਾ ਅਨੁਸਾਰ ਉਥੇ ਭੀ ਜਾਣਾ ਪਿਆ ਤੇ ਜਿਤਨਾ ਚਿਰ ਤੇ ਜਿਸ ਬਿਧਿ ਓਥੇ ਵਿਹਾਈ ਆਪ ਸੱਜਣਾਂ ਪ੍ਰਤੀ ਸਭ ਕੁਛ ਵਿਦਤ ਹੀ ਹੈ। ਕੋਈ ਗੁੱਝੀ ਛਿਪੀ ਗੱਲ ਨਹੀਂ। ਚਾਹੇ ਕੀਰਤਨ ਮੰਡਲ ਤਾਂ ਉਥੇ ਹੀ ਸਜ ਬਣ ਆਇਆ ਸੀ ਪਰ ਬ੍ਰਿਤੀ ਇਕੋ ਥਾਉਂ ਬੰਨ੍ਹੇ ਰਹਿ ਕੇ ਕੋਈ ਕੰਮ ਭੀ ਕਰਨਾ ਨਹੀਂ ਮੰਨਦੀ ਸੀ। ਅਤੇ ਜਿਨ੍ਹਾਂ ਕਾਰਨਾਂ ਕਰਕੇ ਉਥੋਂ ਉਪ੍ਰਾਮਤਾ ਹੋਈ ਉਸ ਦੇ ਨਿਰਣੇ ਕਰਨ ਦੀ ਲੋੜ ਨਹੀਂ। ਉਂਞ ਸੰਗਰਾਂਦੀ ਸਮਾਗਮਾਂ ਦੇ ਅਨੰਦ ਲਹਿਰੇ ਪੰਚ ਖੰਡ ਜਾ ਕੇ ਲੈਂਦੇ ਰਹੇ ਅਤੇ ਜਦੋਂ ਭੀ ਦੀਵਾਨ ਵਲੋਂ ਸੱਦਾ ਪੱਤਰ ਕਿਸੇ ਗੁਰਮਤੇ ਵਿਚ ਸ਼ਾਮਲ ਹੋਣ ਨਮਿਤ ਗਿਆ, ਹਾਜ਼ਰ ਹੁੰਦੇ ਰਹੇ। ਏਥੇ ਦੇ ਸਬੰਧ ਦੀ ਸਾਰੀ ਕਥਾ ਵਿਸ਼ੇਸ਼ ਕਰਕੇ ਭਾਈ ਜੋਗਿੰਦਰ ਸਿੰਘ ਜੀ ਨੂੰ ਭਲੀ-ਭਾਂਤ ਵਿਦਤ ਹੈ। ਜੇ ਲੋੜ ਹੋਵੇ ਤਾਂ ਉਨ੍ਹਾਂ ਤੋਂ ਪੁਛ ਸਕਦੇ ਹੋ ਤੇ ਭਾ: ਆਤਮਾ ਸਿੰਘ ਜੀ ਮੋਗਾ ਨੂੰ ਭੀ ਬਹੁਤ ਕੁਛ ਪਤਾ ਹੈ। ਪੰਚ ਖੰਡ ਦੇ ਸਬੰਧ ਵਿਚ ਹੀ ਭਾ: ਜੋਗਿੰਦਰ ਸਿੰਘ ਜੀ ਦੇ ਨਾਲ ਪ੍ਰੇਮ ਝੜਾਂ ਫਸੀਆਂ ਤੇ ਤਕੜੀ ਜੜ ਪਕੜ ਗਈਆਂ। ਇਨ੍ਹਾਂ ਦੇ ਪ੍ਰੇਮ ਭਾਵ ਕਰਕੇ ਹੀ ਪਟਿਆਲੇ

(ਬਾਕੀ ਪੰਨਾ 53 ਤੇ)



Sri Satguru Jagjit Singh Ji eLibrary NamdhariElibrary@gmail.com

# ਸੰਤ ਤੁਮਾਰੇ ਤੁਮਰੇ ਪ੍ਰੀਤਮ

***ਪ੍ਰੋ. ਗੁਰਦੇਵ ਸਿੰਘ***

**ਨੋਟ – ਸੰਤ ਬਾਬਾ ਵਰਿਆਮ ਸਿੰਘ ਜੀ ਦੀ ਜੀਵਨ ਕਥਾ ਦਾ ਇਹ ਲੜੀਵਾਰ ਪ੍ਰਸੰਗ ਮਾਰਚ 2002 ਤੋਂ ਆਰੰਭ ਕੀਤਾ ਗਿਆ ਹੈ ਤਾ ਕਿ ਪਾਠਕਾਂ ਨੂੰ ਮਹਾਂਪੁਰਸ਼ਾਂ ਦੇ ਜੀਵਨ ਤੋਂ ਨਵਾਂ ਨਰੋਆ ਤੇ ਚੜ੍ਹਦੀ ਕਲਾ ਵਾਲਾ ਜੀਵਨ ਜੀਉਣ ਦੀ ਪ੍ਰੇਰਨਾ ਮਿਲ ਸਕੇ ਅਤੇ ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ ਗੁਰਮੁਖਾਂ ਵਾਲੀ ਕਰਨੀ ਕਮਾਈ ਤੇ ਰਹਿਣੀ ਬਹਿਣੀ ਵਿਚ ਵਿਚਰ ਕੇ ਸੰਸਾਰ ਵਿਚ ਸ਼ਾਂਤੀ ਦਾ ਵਾਤਾਵਰਣ ਪੈਦਾ ਕੀਤਾ ਜਾ ਸਕੇ।**

ਇਹ ਗੱਲ 1937 ਦੀ ਹੈ ਜਦੋਂ ਬਾਬਾ ਜੀ ਨੇ ਸਿੰਧ ਦਾ ਸਫਰ ਸ਼ੁਰੂ ਕੀਤਾ। ਉਸ ਵੇਲੇ ਆਪ ਦੀ ਉਮਰ 20 ਸਾਲ ਦੀ ਸੀ। ਨੌਕਰੀ ਦੀ ਤਲਾਸ਼ ਵਿਚ ਆਪ ਜੀ ਨੇ ਮਾਤਾ ਪਿਤਾ ਤੋਂ ਆਗਿਆ ਲੈ ਕੇ ਲੋੜੀਂਦਾ ਸਮਾਨ ਤੇ ਮਾਇਆ ਦਾ ਪ੍ਰਬੰਧ ਕਰਕੇ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਰੇਲ ਗੱਡੀ ਰਾਹੀਂ ਸਫਰ ਸ਼ੁਰੂ ਕਰ ਦਿਤਾ ਅਤੇ ਸਿੰਧ ਦੇ ਸ਼ਹਿਰ ਨਵਾਬਸ਼ਾਹ ਪੁੱਜ ਗਏ। ਅੰਗਰੇਜ਼ ਅਫਸਰ ਜਵਾਨਾਂ ਨੂੰ ਪੁਲਿਸ ਦੀ ਭਰਤੀ ਲਈ ਵਾਰੋ ਵਾਰੀ ਅੰਦਰ ਬੁਲਾ ਕੇ ਪੁਛ ਕਰ ਰਹੇ ਸਨ ਅਤੇ ਨਾਲ ਹੀ ਡੀਲ ਡੌਲ ਤੇ ਸਰੀਰ ਦੀ ਉਚਾਈ ਤੇ ਸਿਹਤ ਦਾ ਮੁਆਇਨਾ ਕਰਦੇ ਜਾ ਰਹੇ ਸਨ। ਆਪ ਨੇ ਦੇਖਿਆ ਕਿ ਭੀੜ ਕਾਫੀ ਹੈ ਤੇ ਇਕ ਥਾਂ ਨਵੇਕਲੀ ਜਿਹੀ ਦੇਖ ਕੇ ਇਕ ਪਾਸੇ ਦਰਖਤਾਂ ਦੀ ਛਾਵੇਂ ਘਾਹ ਉਤੇ ਚੌਂਕੜਾ ਮਾਰ ਕੇ ਸਮਾਧੀ ਲਾ ਕੇ ਬੈਠ ਗਏ। ਭਰਤੀ ਦਾ ਕੰਮ ਜਾਰੀ ਸੀ ਤੇ ਸਭ ਨੂੰ ਵਾਰੋ ਵਾਰੀ ਅੰਦਰ ਬੁਲਾਇਆ ਜਾ ਰਿਹਾ ਸੀ। ਇਸ ਤਰ੍ਹਾਂ ਕਰਦੇ ਕਰਦੇ ਜਦੋਂ ਦੁਪਹਿਰ ਹੋ ਗਈ ਤਾਂ ਭੀੜ ਘਟ ਗਈ ਤੇ ਦੋ ਚਾਰ ਜਵਾਨ ਰਹਿ ਗਏ। ਅੰਦਰੋਂ ਭਰਤੀ ਕਰਨ ਵਾਲੇ ਅਫਸਰ ਨੇ ਆਪ ਨੂੰ ਸਮਾਧੀ ਵਿਚ ਬੈਠਿਆਂ ਦੇਖ ਲਿਆ ਸੀ। ਅਰਦਲੀ ਭੇਜ ਕੇ ਆਪ ਨੂੰ ਬੁਲਾਇਆ ਤੇ ਪੁਛਿਆ ਕਿ ਤੁਸੀਂ ਕਿਸ ਤਰ੍ਹਾਂ ਆਏ ਹੋ ਤਾਂ ਆਪ ਨੇ ਦੱਸਿਆ ਕਿ ਭਰਤੀ ਲਈ ਆਇਆ ਹਾਂ। ਲਾਗੇ ਬੈਠੇ ਅੰਗਰੇਜ਼ ਅਫਸਰ ਨੇ ਪੁਛਿਆ ਕਿ ਮੈਂ ਤੁਹਾਨੂੰ ਇਕ ਦੋ ਵੇਰਾਂ ਖਿੜਕੀ ਦੇ ਸ਼ੀਸ਼ੇ ਤੋਂ ਵੇਖਿਆ ਸੀ, ਆਪ ਲਗਾਤਾਰ ਅੱਖਾਂ ਬੰਦ ਕਰਕੇ ਬੈਠੇ ਹੋਏ ਸੀ ਅਤੇ ਮੈਨੂੰ ਲਗਦਾ ਹੈ ਕਿ ਤੁਸੀਂ ਪ੍ਰਭੂ ਦੀ ਭਗਤੀ ਕਰਨ ਵਾਲੇ ਹੋ ਅਤੇ ਤੁਹਾਨੂੰ ਬਿਲਕੁਲ ਤੌਖਲਾ ਜਾਂ ਫਿਕਰ ਨਹੀਂ ਸੀ ਕਿ ਮੈਂ ਵੀ ਜਾ ਕੇ ਪੁੱਛਗਿੱਛ ਕਰਾਂ ਕਿ ਨੰਬਰ ਕਦੋਂ ਆਵੇਗਾ।

ਬਾਬਾ ਜੀ ਨੇ ਉਤਰ ਦਿਤਾ ਕਿ ਮੈਂ ਸੋਚਿਆ ਸੀ ਕਿ ਹਾਲੇ ਭੀੜ ਹੈ, ਜਦੋਂ ਭੀੜ ਘਟ ਜਾਵੇਗੀ ਮੈਂ ਫੇਰ ਹੀ ਜਾਵਾਂਗਾ ਅਤੇ ਐਨਾ ਸਮਾਂ ਪ੍ਰਭੂ ਦੇ ਧਿਆਨ ਵਿਚ ਲਾ ਲਈਏ, ਵਿਹਲੇ ਬੈਠ ਕੇ ਜਾਂ ਇਧਰ ਉਧਰ ਦੇਖ ਕੇ ਮੈਂ ਕੀ ਕਰਨਾ ਸੀ ਸਮਾਂ ਉਹੀ ਸਫਲ ਹੈ ਜੋ ਪ੍ਰਭੂ ਦੇ ਲੇਖੇ ਵਿਚ ਲਗ ਜਾਵੇ, ਇਸ ਕਰਕੇ ਮੈਂ ਬੈਠਾ ਹੋਇਆ ਸੀ। ਇਹ ਉਤਰ ਸੁਣ ਕੇ ਕੋਲ ਬੈਠਾ ਅੰਗਰੇਜ਼ ਅਫਸਰ ਬਹੁਤ ਪ੍ਰਭਾਵਿਤ ਹੋਇਆ ਤੇ ਕਹਿਣ ਲੱਗਾ, 'ਵੈਲ-ਜਵਾਨ'! ਹਮ ਆਪ ਕੋ ਭਰਤੀ ਤੋਂ ਕਰ ਲੇਗਾ ਲੇਕਿਨ ਆਪ ਕੋ ਰਾਇ ਦੇਤਾ ਹੂੰ ਕਿ ਆਪ ਪੁਲਿਸ ਕੀ ਨੌਕਰੀ ਕੀ ਬਜਾਇ ਫੌਜ ਮੇਂ ਜਾਓ ਤੋਂ ਅੱਛਾ ਰਹੇਗਾ ਕਿਉਂਕਿ ਪੁਲਿਸ ਮੇਂ ਮੁਜਰਮ ਕੋ ਮਨਾਨੇ ਕੇ ਲੀਏ ਮਾਰਪੀਟ ਕਰਨਾ ਪੜ੍ਹਤਾ ਹੈ, ਡਾਂਟਨਾ ਪੜਤਾ ਹੈ, ਗਲਤ ਬੋਲਨਾ ਪੜਤਾ ਹੈ ਜੋ ਆਪ ਸੇ ਨਹੀਂ ਹੋਗਾ, ਆਪ ਗੌਡਲੀ ਫਿਗਰ ਕੇ ਮਾਫਿਕ ਹੈਂ, ਹੋਲੀ ਮੈਨ ਲਗਤਾ ਹੈ।" ਐਨੀ ਗੱਲ ਸੁਣ ਕੇ ਆਪ ਫਤਹਿ ਬੁਲਾ ਕੇ ਬਾਹਰ ਆ ਗਏ ਤੇ ਸੋਚਣ ਲੱਗ ਪਏ। ਆਪ ਦੱਸਿਆ ਕਰਦੇ ਸੀ ਕਿ ਸੱਚਮੁਚ ਮੈਂ ਜੇ ਭਰਤੀ ਹੋ ਜਾਂਦਾ ਤਾਂ ਮੇਰੇ ਰੂਹਾਨੀ ਜੀਵਨ ਨੂੰ ਬਹੁਤ ਧੱਕਾ ਲੱਗਣਾ ਸੀ ਤੇ ਬਹੁਤ ਅੱਛਾ ਹੋ ਗਿਆ ਜੋ ਮੈਂ ਪੁਲਿਸ ਵਿਚ ਭਰਤੀ ਨਹੀਂ ਹੋਇਆ। ਆਪ ਨੇ ਸੋਚਿਆ ਕਿ ਆਪਣੇ ਦੇਸ਼ ਤੋਂ ਐਨੀ ਦੂਰ ਆਏ ਹਾਂ, ਥੋੜ੍ਹਾ ਚਿਰ ਇਥੇ ਟਿਕ ਲਈਏ। ਗੁਰਦੁਆਰਾ ਸਾਹਿਬ ਜਾ ਕੇ ਸੰਗਤਾਂ ਨਾਲ ਗੁਰਮਤਿ ਦੇ ਵਿਚਾਰ ਸਾਂਝੇ

ਸੰਤ ਬਾਬਾ ਵਰਿਆਮ ਸਿੰਘ ਜੀ
(ਸੰਨ 1982)



Sri Satguru Jagjit Singh Ji eLibrary NamdhariElibrary@gmail.com

ਕਰਿਆ ਕਰਾਂਗੇ। ਇਸ ਤਰ੍ਹਾਂ ਕਰਕੇ ਆਪਣਾ ਸਮਾਂ ਬਹੁਤੀ ਦੇਰ ਭਜਨ ਬੰਦਗੀ ਵਿਚ ਬਿਤਾਉਂਦੇ।

ਆਪ ਨੇ ਕਿਰਾਏ ਉਤੇ ਕਮਰਾ ਲਿਆ ਹੋਇਆ ਸੀ ਤੇ ਸਵੇਰ ਸ਼ਾਮ ਗੁਰਦੁਆਰਾ ਸਾਹਿਬ ਵਿਚ ਜਾ ਕੇ ਸੰਗਤਾਂ ਨਾਲ ਪਰਸਪਰ ਵਿਚਾਰ ਸਾਂਝੇ ਕਰਦੇ ਅਤੇ ਕਦੀ ਕਦੀ ਕੀਰਤਨ ਦੀ ਹਾਜ਼ਰੀ ਵੀ ਭਰਿਆ ਕਰਦੇ ਸਨ। ਆਪ ਜੀ ਉਸ ਵੇਲੇ ਵੀ ਪ੍ਰਸ਼ਾਦਾ ਇਕੋ ਟਾਇਮ ਛਕਿਆ ਕਰਦੇ ਸਨ। ਪਰਸ਼ਾਦਾ ਆਪ ਜੀ ਖੁਦ ਹੀ ਬਣਾਇਆ ਕਰਦੇ ਸਨ ਤੇ ਇਸ ਤਰ੍ਹਾਂ ਕਰਦੇ ਕਰਦੇ ਇਕ ਦਿਨ ਆਪ ਦੇ ਮਨ ਵਿਚ ਖਿਆਲ ਆਇਆ ਕਿ ਪ੍ਰਸ਼ਾਦਾ ਬਣਾਉਣ ਦਾ ਵੀ ਹਰ ਰੋਜ਼ ਝੰਜਟ ਹੈ। ਆਪ ਨੇ ਆਟਾ, ਦਾਲ ਜੋ ਵੀ ਰਾਸ਼ਨ ਰੱਖਿਆ ਹੋਇਆ ਸੀ, ਇਕ ਦਿਨ ਇਕ ਮੰਗਤਾ ਆਇਆ, ਸਾਰਾ ਉਸ ਨੂੰ ਦੇ ਦਿਤਾ ਤੇ ਮਨ ਵਿਚ ਸੋਚਿਆ ਕਿ ਹੁਣ ਠੀਕ ਹੋ ਗਿਆ। ਨਾ ਪ੍ਰਸ਼ਾਦੇ ਦਾ ਮਨ ਵਿਚ ਫੁਰਨਾ ਆਵੇਗਾ ਤੇ ਭਜਨ ਕਰਦਿਆਂ ਬਿਰਤੀ ਉਥਾਨ ਨਹੀਂ ਹੋਇਆ ਕਰੇਗੀ। ਇਸ ਦੇ ਨਾਲ ਇਕ ਹੋਰ ਵਿਚਾਰ ਵੀ ਆ ਗਿਆ ਕਿ ਹੁਣ ਪ੍ਰਸ਼ਾਦਾ ਉਸ ਵੇਲੇ ਹੀ ਛਕਾਂਗੇ ਜਦੋਂ ਵਾਹਿਗੁਰੂ ਆਪ ਥਾਲ ਲਗਾ ਕੇ ਭੇਜੇਗਾ, ਵਾਹਿਗੁਰੂ ਨੇ ਰਿਜ਼ਕ ਸਭ ਵਾਸਤੇ ਲਿਖਿਆ ਹੋਇਆ ਹੈ ਤੇ ਸਾਰੇ ਜੀਵਾਂ ਨੂੰ ਰਿਜ਼ਕ ਦਿੰਦਾ ਹੈ, ਵਾਹਿਗੁਰੂ ਰਾਜ਼ਕ ਹੈ, ਉਹ ਪੱਥਰਾਂ ਵਿਚ ਰਹਿਣ ਵਾਲੇ ਕੀੜਿਆਂ ਨੂੰ ਵੀ ਰੋਜ਼ੀ ਦਿੰਦਾ ਹੈ, ਫੇਰ ਫਿਕਰ ਕਰਨ ਦੀ ਕੀ ਲੋੜ ਹੈ। ਮੈਂ ਉਸ ਦਾ ਭਜਨ ਕਰਦਾ ਹਾਂ, ਰਿਜ਼ਕ ਦੇਣਾ ਉਸ ਦੀ ਡਿਊਟੀ ਹੈ।

***ਪਾਖਾਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥***

***ਪੰਨਾ – 488***

ਸੋ ਇਸ ਤਰ੍ਹਾਂ ਨਾਲ ਤਿੰਨ ਦਿਨ ਗੁਜ਼ਰ ਗਏ, ਆਪ ਨੂੰ ਖਾਣ ਦਾ ਕੋਈ ਫੁਰਨਾ ਹੀ ਨਾ ਆਇਆ, ਦਿਨ ਰਾਤ ਭਜਨ ਵਿਚ ਬੈਠੇ ਰਹਿੰਦੇ ਸੀ। ਜਦੋਂ ਚੌਥਾ ਦਿਨ ਹੋਇਆ ਤਾਂ ਬੜੇ ਜ਼ੋਰ ਦੀ ਕਿਸੇ ਨੇ ਬੂਹਾ ਖੜਕਾਇਆ ਤੇ ਆਪ ਦਾ ਨਾਮ ਲੈ ਕੇ ਆਵਾਜ਼ ਦਿਤੀ। ਜਦੋਂ ਆਪ ਨੇ ਕੁੰਡਾ ਖੋਲ੍ਹਿਆ, ਕੀ ਵੇਖਦੇ ਹਨ ਕਿ ਇਕ ਮਾਤਾ ਹੱਥ ਵਿਚ ਪ੍ਰਸ਼ਾਦਾ ਲੈ ਕੇ ਖੜ੍ਹੀ ਹੈ ਤੇ ਪ੍ਰਸ਼ਾਦੇ ਦੇ ਉਤੇ ਸਾਗ ਪਾਇਆ ਹੋਇਐ। ਕਹਿਣ ਲੱਗੀ ਕਾਕਾ ਛੇਤੀ ਕਰ, ਮੇਰੇ ਹੱਥੋਂ ਪ੍ਰਸ਼ਾਦਾ ਫੜ ਲੈ ਤੇ ਛਕ ਲੈ, ਮੈਂ ਤਵੇ ਉਤੇ ਰੋਟੀ ਪਾ ਕੇ ਆਈ ਹਾਂ, ਰੋਟੀ ਸੜ ਜਾਵੇਗੀ, ਮੈਂ ਰੋਟੀ ਤੇਰੇ ਲਈ ਹੋਰ ਲੈ ਕੇ ਆਉਂਦੀ ਹਾਂ। ਬਾਬਾ ਜੀ ਨੇ ਹਿਚਕਚਾਉਂਦਿਆਂ ਹੋਇਆਂ ਪ੍ਰਸ਼ਾਦਾ ਫੜ ਲਿਆ ਜੋ ਗਰਮ ਗਰਮ ਸੀ। ਆਪ ਨੇ ਸੋਚਿਆ ਕਿ ਮੈਂ ਤਾਂ ਸੋਚਿਆ ਸੀ ਕਿ ਉਤੋਂ ਥਾਲ ਆਵੇਗਾ ਪਰ ਦੂਜੇ ਪਲ ਹੀ ਖਿਆਲ ਆ ਗਿਆ ਕਿ ਜੇ ਮੈਂ ਨਾਂਹ ਕਰ ਦਿਤੀ ਤਾਂ ਵਾਹਿਗੁਰੂ ਜੀ ਕਿਤੇ ਨਰਾਜ਼ ਨਾ ਹੋ ਜਾਣ ਅਤੇ ਪ੍ਰਸ਼ਾਦੇ ਦਾ ਨਿਰਾਦਰ ਹੋ ਜਾਏਗਾ, ਇਹ ਸੋਚ ਕੇ ਆਪ ਨੇ ਪ੍ਰਸ਼ਾਦਾ ਛਕ ਲਿਆ ਅਤੇ ਐਨੇ ਵਿਚ ਹੀ ਮਾਤਾ ਦੂਜਾ ਪ੍ਰਸ਼ਾਦਾ ਲੈ ਆਈ ਤੇ ਆਪ ਨੇ ਉਹ ਵੀ ਛਕ ਲਿਆ ਅਤੇ ਹੋਰ ਪ੍ਰਸ਼ਾਦਾ ਲਿਆਉਣ ਤੋਂ ਰੋਕ ਦਿਤਾ। ਪ੍ਰਸ਼ਾਦਾ ਛਕ ਕੇ ਆਪ ਨੇ ਚੂਲਾ ਪੜ੍ਹਿਆ ਤੇ ਅਰਦਾਸ ਕੀਤੀ ਤੇ ਫੇਰ ਮਾਤਾ ਜੀ ਨੂੰ ਪੁਛਿਆ ਕਿ ਤੁਹਾਨੂੰ ਕਿਵੇਂ ਪਤਾ ਸੀ ਕਿ ਮੈਨੂੰ ਪ੍ਰਸ਼ਾਦੇ ਦੀ ਲੋੜ ਹੈ ਅਤੇ ਮੈਂ ਪ੍ਰਸ਼ਾਦਾ ਨਹੀਂ ਛਕਿਆ। ਮਾਤਾ ਕਹਿਣ ਲੱਗੀ, ਸੁਣ ਕਾਕਾ! ਮੈਂ ਬੜੀ ਹੈਰਾਨ ਹੋ ਰਹੀ ਹਾਂ ਕਿਸ ਤਰ੍ਹਾਂ ਪ੍ਰਭੂ ਨੇ ਮੈਨੂੰ ਪ੍ਰੇਰ ਕੇ ਤੈਨੂੰ ਪ੍ਰਸ਼ਾਦਾ ਛਕਾਉਣ ਲਈ ਕਿਹਾ। ਕਹਿਣ ਲੱਗੀ ਜਦੋਂ ਮੈਂ ਪ੍ਰਸ਼ਾਦਾ ਬਣਾ ਰਹੀ ਸੀ ਤਾਂ ਮੇਰਾ ਲੜ ਫੜ ਕੇ ਕੋਈ ਖਿੱਚ ਰਿਹਾ ਸੀ ਪਰ ਮੈਨੂੰ ਨਜ਼ਰ ਕੋਈ ਨਹੀਂ ਸੀ ਆਉਂਦਾ ਤੇ ਨਾਲ ਆਵਾਜ਼ ਆ ਰਹੀ ਸੀ ਕਿ ਜਲਦੀ ਕਰ ਬੀਬੀ! 'ਵਰਿਆਮ ਸਿੰਘ' ਨੂੰ ਪ੍ਰਸ਼ਾਦਾ ਹੁਣੇ ਛਕਾ ਕੇ ਆ, ਉਹ ਤਿੰਨ ਦਿਨਾਂ ਦਾ ਭੁੱਖਾ ਹੈ। ਇਸੇ ਕਰਕੇ ਮੈਂ ਪ੍ਰਸ਼ਾਦੇ ਉਤੇ ਸਾਗ ਪਾ ਕੇ ਲਿਆਈ ਹਾਂ ਕਿ ਕਿਤੇ ਦੇਰ ਨਾ ਹੋ ਜਾਵੇ ਅਤੇ ਦੂਜੀ ਵੇਰਾਂ ਕੌਲੀ ਵਿਚ ਸਾਗ ਪਾ ਕੇ ਲਿਆਈ ਤੇ ਪ੍ਰਸ਼ਾਦਾ ਪਲੇਟ ਵਿਚ ਰੱਖ ਕੇ ਲਿਆਈ ਸੀ। ਉਸ ਮਾਤਾ ਨੇ ਕਿਹਾ ਕਿ ਕਾਕਾ! ਜਿੰਨਾ ਚਿਰ ਤੁਸੀਂ ਇਥੇ ਹੋ, ਪ੍ਰਸ਼ਾਦਾ ਮੈਂ ਹੀ ਛਕਾਇਆ ਕਰਾਂਗੀ ਤੇ ਇਹ ਸੇਵਾ ਮੈਨੂੰ ਹੀ ਦੇ ਦਿਉ ਕਿਉਂਕਿ ਪ੍ਰਭੂ ਨੇ ਇਹ ਹੁਕਮ ਮੈਨੂੰ ਕੀਤਾ ਹੈ। ਨਾਮ ਜਪਣ ਵਾਲਿਆਂ ਗੁਰੂ ਦੇ ਸਿੱਖਾਂ ਦੀ ਸੇਵਾ ਕਰਕੇ ਗੁਰੂ ਦੀ ਪ੍ਰਸੰਨਤਾ ਮਿਲਦੀ ਹੈ। ਮੈਂ ਗੁਰਦੁਆਰਾ ਸਾਹਿਬ ਕਥਾ ਵਿਚ ਸੁਣਿਆ ਹੋਇਆ ਹੈ ਕਿ ਗੁਰੂ ਦਸ਼ਮੇਸ਼ ਪਿਤਾ ਆਪਣੇ ਪਿਆਰੇ ਗੁਰਸਿੱਖਾਂ ਦੀ ਸੇਵਾ ਕਰਨ ਵਾਲਿਆਂ ਤੇ ਪ੍ਰਸੰਨ ਹੁੰਦੇ ਹਨ ਤੇ ਉਨ੍ਹਾਂ ਨੇ ਇਸ ਪ੍ਰਕਾਰ ਹੁਕਮ ਕੀਤਾ ਹੋਇਆ ਹੈ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥***

***ਗਿਆਨ ਪ੍ਰਬੋਧ ਪਾ: ੧੦***

ਮਾਤਾ ਜੀ ਦਾ ਇਹ ਉਤਰ ਸੁਣ ਕੇ ਬਾਬਾ ਜੀ ਚੁੱਪ ਹੋ ਗਏ ਤੇ ਭਜਨ ਕਰਨ ਵਾਸਤੇ ਕਮਰੇ ਦੇ ਦਰਵਾਜ਼ੇ ਨੂੰ ਅੰਦਰੋਂ ਕੁੰਡਾ ਲਾ ਲਿਆ ਤਾਂ ਕਿ ਹੁਣ ਕੋਈ ਪ੍ਰੇਸ਼ਾਨ ਨਾ ਕਰੇ। ਦੂਜੇ ਦਿਨ ਜਦੋਂ ਆਪ ਸਵੇਰੇ ਦਿਨ ਚੜ੍ਹੇ ਸਮਾਧੀ ਵਿਚ ਬੈਠੇ ਸੀ ਤਾਂ ਕਿਸੇ ਨੇ ਫੇਰ ਆ ਦਰਵਾਜ਼ਾ ਖਟਖਟਾਇਆ। ਕੀ ਵੇਖਦੇ ਹਨ ਕਿ ਚੰਗੇ ਰੱਜ ਪੁੱਜੇ ਪਰਿਵਾਰ ਦੇ ਤਿੰਨ ਚਾਰ ਮੈਂਬਰ ਹਨ ਜੋ ਕਿ ਸ਼ਹਿਰ ਦੇ ਠੇਕੇਦਾਰ ਹਨ। ਬਾਬਾ ਜੀ ਦੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਸਾਨੂੰ ਅੱਜ ਚਾਰ ਦਿਨ ਹੋ ਗਏ ਹਨ, ਜਦੋਂ ਅਸੀਂ ਖਾਣਾ ਖਾਣ ਲਗਦੇ ਹਾਂ, ਸਾਡੇ ਘਰ ਵਿਚ ਇਹ ਵਿਚਾਰ ਚਲਦੀ ਹੈ ਕਿ ਅਸੀਂ ਉਸ ਗੁਰਮੁਖ ਪਿਆਰੇ ਨੂੰ ਪ੍ਰਸ਼ਾਦਾ ਵੀ ਨਹੀਂ ਛਕਾਂਦੇ ਜੋ ਹਰ ਰੋਜ਼ ਸਵੇਰੇ ਸ਼ਾਮ ਗੁਰਦੁਆਰੇ ਕਥਾ ਕੀਰਤਨ ਦੀ ਨਿਸ਼ਕਾਮ ਸੇਵਾ ਕਰਦੇ ਹਨ ਤੇ ਕਿਸੇ ਤੋਂ ਕੁਝ ਲੈਂਦੇ ਵੀ ਨਹੀਂ। ਕੀ ਅਸੀਂ ਐਨੇ ਜੋਗੇ ਵੀ ਨਹੀਂ ਹਾਂ ਕਿ ਇਕ ਗੁਰਮੁਖ ਪਿਆਰੇ ਨੂੰ ਪ੍ਰਸ਼ਾਦਾ ਛਕਾ ਸਕੀਏ? ਸਾਨੂੰ ਵਾਹਿਗੁਰੂ ਨੇ ਸਭ ਪਦਾਰਥ ਦਿਤੇ ਹਨ। ਕੀ ਸਾਡਾ ਇੰਨਾ ਵੀ ਫਰਜ਼ ਨਹੀਂ ਬਣਦਾ? ਇਸ ਕਰਕੇ ਅੱਜ ਅਸੀਂ ਤੁਹਾਨੂੰ ਲੈਣ ਆਏ ਹਾਂ ਸਾਡੇ ਅੰਦਰ ਬਾਰ ਬਾਰ ਇਹੀ ਫੁਰਨਾ ਆਉਂਦਾ ਹੈ ਕਿ ਅਸੀਂ ਵੀ ਪ੍ਰਸ਼ਾਦਾ ਤਦ ਹੀ ਛਕਾਂਗੇ ਜੇਕਰ ਤੁਸੀਂ ਪਹਿਲਾਂ ਛਕੋਗੇ। ਇਸ ਕਰਕੇ ਸਾਡੀ ਬੇਨਤੀ ਪ੍ਰਵਾਨ ਕਰੋ। ਬਾਬਾ ਜੀ ਕਹਿਣ ਲੱਗੇ ਠੀਕ ਹੈ ਭਾਈ, ਤੁਸੀਂ ਸਾਰੇ ਆਏ ਹੋ, ਮੈਂ ਚਲਦਾ ਹਾਂ ਪਰ ਰੋਜ਼ ਰੋਜ਼ ਸਾਥੋਂ ਇਸ ਤਰ੍ਹਾਂ ਨਹੀਂ ਜਾਇਆ ਜਾਣਾ, ਵਾਹਿਗੁਰੂ ਨੇ ਤੁਹਾਨੂੰ ਪ੍ਰੇਰ ਕੇ



Sri Satguru Jagjit Singh Ji eLibrary NamdhariElibrary@gmail.com

ਭੇਜਿਆ ਹੈ ਤੇ ਤੁਹਾਡਾ ਮਾਣ ਰੱਖਣਾ ਮੇਰਾ ਫਰਜ਼ ਹੈ। ਇਸ ਕਰਕੇ ਦੂਜੇ ਦਿਨ ਵੀ ਇਨ੍ਹਾਂ ਪ੍ਰੇਮੀਆਂ ਨੇ ਪ੍ਰਸ਼ਾਦਾ ਛਕਾ ਦਿਤਾ।

ਵਾਹਿਗੁਰੂ ਜੀ ਦਾ ਇਹ ਪ੍ਰਬੰਧ ਵੇਖ ਕੇ ਆਪ ਹੈਰਾਨ ਵੀ ਹੋ ਰਹੇ ਸਨ ਤੇ ਸ਼ੁਕਰਾਨਾ ਵੀ ਕਰ ਰਹੇ ਸਨ ਕਿ ਮਹਾਰਾਜ ਜੀ! ਇਹ ਆਪ ਨੇ ਕਿਸ ਤਰ੍ਹਾਂ ਦਾ ਪ੍ਰਬੰਧ ਕੀਤਾ ਹੈ, ਕਦੀ ਕਿਸੇ ਦੇ ਘਰ ਜਾਵੋ ਤੇ ਕਦੀ ਕਿਸੇ ਦਾ ਪ੍ਰਸ਼ਾਦਾ ਛਕੋ, ਇਸ ਤਰ੍ਹਾਂ ਨਾਲ ਤਾਂ ਮੇਰੇ ਭਜਨ ਵਿਚ ਖੱਲਲ ਪੈਦਾ ਹੁੰਦੀ ਹੈ ਤੇ ਟਿਕ ਕੇ ਬੈਠਣਾ ਮੁਸ਼ਕਲ ਹੋ ਜਾਂਦਾ ਹੈ ਭਜਨ ਦੇ ਅਨੰਦ ਵਿਚ ਵਿਘਨ ਪੈ ਜਾਂਦਾ ਹੈ। ਆਪ ਦੇ ਇਸ ਫੁਰਨੇ ਨੂੰ ਪੂਰਾ ਕਰਨ ਲਈ ਇਕ ਹੋਰ ਕੌਤਕ ਰਚ ਦਿਤਾ ਕਿ ਤੀਸਰੇ ਦਿਨ ਬਾਬਾ ਜੀ ਦੇ ਬੂਹੇ ਅੱਗੇ ਇਕ ਕਾਰ ਆ ਕੇ ਰੁਕੀ ਤੇ ਇਕ ਮਾਤਾ ਬਾਹਰ ਨਿਕਲੀ ਤੇ ਉਸ ਦੇ ਨਾਲ ਪਰਿਵਾਰ ਦੇ ਹੋਰ ਮੈਂਬਰ ਵੀ ਸਨ। ਇਹ ਸ਼ਹਿਰ ਦਾ ਮੰਨਿਆ ਹੋਇਆ ਅਮੀਰ ਪਰਿਵਾਰ ਸੀ ਜਿਸ ਦੇ ਸਿਨਮਾ ਘਰ, ਕੋਠੀਆਂ, ਜ਼ਮੀਨਾਂ, ਦੁਕਾਨਾਂ ਅਨੇਕਾਂ ਤਰ੍ਹਾਂ ਦੀ ਜਾਇਦਾਦ ਸੀ ਅਤੇ ਇਨ੍ਹਾਂ ਨੂੰ ਬਖਸ਼ੀ ਕਹਿ ਕੇ ਪੁਕਾਰਿਆ ਜਾਂਦਾ ਸੀ। ਉਸ ਮਾਤਾ ਨੇ ਦਰਵਾਜ਼ੇ ਦਾ ਕੁੰਡਾ ਖੜਕਾਇਆ ਤੇ ਬਾਬਾ ਜੀ ਸਮਾਧੀ ਤੋਂ ਉਥਾਨ ਹੋ ਕੇ ਬਾਹਰ ਆ ਗਏ। ਕਹਿਣ ਲੱਗੇ, ਦੱਸੋ ਕਿਸ ਤਰ੍ਹਾਂ ਨਾਲ ਆਏ ਹੋ ਅਤੇ ਮੇਰੇ ਨਾਲ ਤੁਹਾਨੂੰ ਕੀ ਕੰਮ ਹੈ? ਉਹ ਕਹਿਣ ਲੱਗੀ, ਦੇਖੋ ਸਿੰਘ ਸਾਹਿਬ! ਅਸੀਂ ਤਾਂ ਬੇਨਤੀ ਕਰਨ ਆਏ ਹਾਂ, ਕਿ ਅਸੀਂ ਸਾਰੇ ਪਰਿਵਾਰ ਨੇ ਫੈਸਲਾ ਕੀਤਾ ਹੈ ਕਿ ਤੁਸੀਂ ਸਾਡੇ ਗ੍ਰਹਿ ਵਿਖੇ ਹੀ ਸਾਡੀ ਕੋਠੀ ਵਿਚ ਨਿਵਾਸ ਕਰੋ ਅਤੇ ਤੁਹਾਡੇ ਲਈ ਪ੍ਰਸ਼ਾਦੇ ਆਦਿ ਦੀ ਸੇਵਾ ਕਰਕੇ ਸਾਨੂੰ ਪ੍ਰਸੰਨਤਾ ਮਿਲੇਗੀ। ਇਸ ਕਰਕੇ ਹੁਣ ਅਸੀਂ ਤੁਹਾਨੂੰ ਲੈਣ ਵਾਸਤੇ ਆਏ ਹਾਂ। ਸਾਡੀ ਬੇਨਤੀ ਪ੍ਰਵਾਨ ਕਰੋ ਤੇ ਸਾਡੇ ਗ੍ਰਹਿ ਨੂੰ ਪਵਿੱਤਰ ਕਰੋ। ਜਦੋਂ ਦੇ ਅਸੀਂ ਆਪਦਾ ਕਥਾ ਕੀਰਤਨ ਗੁਰਦੁਆਰਾ ਸਾਹਿਬ ਵਿਖੇ ਸੁਣਦੇ ਆ ਰਹੇ ਹਾਂ ਅਸੀਂ ਬਹੁਤ ਪ੍ਰਭਾਵਿਤ ਹੋਏ ਹਾਂ ਕਿ ਤੁਸੀਂ ਨਾ ਹੀ ਕੀਰਤਨ ਕਥਾ ਦੀ ਭੇਟਾ ਲੈਂਦੇ ਹੋ ਤੇ ਨਾ ਹੀ ਆਪਣਾ ਪਰੀਚੈ ਦਿੰਦੇ ਹੋ। ਅਸੀਂ ਮਹਿਸੂਸ ਕੀਤਾ ਹੈ ਕਿ ਤੁਸੀਂ ਗੁਪਤ ਵਰਤ ਕੇ ਆਪਣੇ ਆਪ ਨੂੰ ਛੁਪਾਉਣਾ ਚਾਹੁੰਦੇ ਹੋ। ਸਾਨੂੰ ਵੀ ਵਾਹਿਗੁਰੂ ਵਲੋਂ ਪ੍ਰੇਰਨਾ ਹੋਈ ਹੈ ਕਿ ਤੁਹਾਡੀ ਸੇਵਾ ਕਰਕੇ ਜੀਵਨ ਸਫਲ ਕਰੀਏ। ਬਾਬਾ ਜੀ ਇਸ ਪਰਿਵਾਰ ਦੇ ਨਿਸ਼ਚੇ, ਦ੍ਰਿੜ੍ਹਤਾ ਤੇ ਸ਼ਰਧਾ ਤੋਂ ਪ੍ਰਭਾਵਿਤ ਤਾਂ ਹੋਏ ਪਰੰਤੂ ਮਨ ਹੀ ਮਨ ਵਿਚ ਇਹ ਵਿਚਾਰ ਚਲ ਰਹੀ ਸੀ ਕਿ ਇਸ ਨਾਲ ਸੁਤੰਤਰਤਾ ਖਤਮ ਹੋ ਜਾਵੇਗੀ ਤੇ ਭਜਨ ਬੰਦਗੀ ਜੋ ਕਿ ਗੁਪਤ ਕੀਤੀ ਜਾ ਰਹੀ ਹੈ ਉਸ ਬਾਰੇ ਇਨ੍ਹਾਂ ਨੂੰ ਪਤਾ ਲਗ ਜਾਏਗਾ। ਦੂਜੇ ਪਾਸੇ ਗੁਰੂ ਮਹਾਰਾਜ ਜੀ ਦਾ ਵੀ ਨਿਰਮਲ ਭੈਅ ਸੀ ਕਿ ਮਹਾਰਾਜ ਕਿਤੇ ਗੁੱਸੇ ਨਾ ਹੋ ਜਾਣ ਕਿ 'ਅਸੀਂ ਤਾਂ ਇਸ ਦੀ ਸੇਵਾ ਤੇ ਭਜਨ ਬੰਦਗੀ ਕਰਨ ਦੀ ਸੁਵਿਧਾ ਲਈ ਵੱਡੇ ਤੋਂ ਵੱਡੇ ਅਮੀਰ ਬੰਦਿਆਂ ਨੂੰ ਪ੍ਰੇਰ ਕੇ ਭੇਜ ਰਹੇ ਹਾਂ ਤਾਂ ਇਹ ਸਾਡਾ ਅੰਤਵਾਰਾ ਲੈਣਾ ਚਾਹੁੰਦਾ ਹੈ। ਇਨ੍ਹਾਂ ਦੋਵਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਾਬਾ ਜੀ ਨੂੰ ਇਸ ਪਰਿਵਾਰ ਦੀ ਬੇਨਤੀ ਪ੍ਰਵਾਨ ਕਰਨੀ ਪਈ ਅਤੇ ਉਨ੍ਹਾਂ ਦੀ ਕਾਰ ਵਿਚ ਬੈਠ ਕੇ ਆਪ ਜੀ ਘਰ ਚਲੇ ਗਏ। ਕੋਠੀ ਬਹੁਤ ਵੱਡੀ ਸੀ, ਬਹੁਤ ਕਮਰੇ ਸਨ ਤੇ ਬਾਬਾ ਜੀ ਨੂੰ ਉਨ੍ਹਾਂ ਨੇ ਬੇਨਤੀ ਕੀਤੀ ਕਿ ਆਪ ਨੂੰ ਜਿਹੜਾ ਕਮਰਾ ਪਸੰਦ ਹੈ ਉਥੇ ਹੀ ਨਿਵਾਸ ਕਰ ਲਵੋ। ਬਾਬਾ ਜੀ ਨੇ ਬਾਹਰਲੇ ਪਾਸੇ ਦਾ ਕਮਰਾ ਪਸੰਦ ਕੀਤਾ ਜਿਸ ਦਾ ਦਰਵਾਜ਼ਾ ਪਿਛਲੇ ਵਿਹੜੇ ਵਿਚ ਲੱਗੇ ਬਗੀਚੇ ਵਲ ਖੁਲ੍ਹਦਾ ਸੀ ਅਤੇ ਜਿਥੇ ਕਿਸੇ ਦਾ ਰੌਲਾ ਰੱਪਾ ਵੀ ਨਹੀਂ ਸੀ ਤੇ ਭਜਨ ਕਰਨ ਵਾਸਤੇ ਇਕਾਂਤ ਸੀ। ਬਾਬਾ ਜੀ ਨੇ ਸਾਰੇ ਪਰਿਵਾਰ ਦੇ ਮੈਂਬਰਾਂ ਨੂੰ ਬੁਲਾ ਕੇ ਕਿਹਾ ਕਿ ਠੀਕ ਹੈ ਤੁਸੀਂ ਮੈਨੂੰ ਇਥੇ ਲੈ ਆਏ ਹੋ, ਤੁਹਾਡਾ ਬਹੁਤ ਧੰਨਵਾਦ ਹੈ ਪਰ ਇਥੇ ਰਹਿਣ ਲਈ ਮੇਰੀਆਂ ਦੋ ਤਿੰਨ ਬੇਨਤੀਆਂ ਹਨ, ਜੇਕਰ ਤੁਸੀਂ ਮੰਨ ਸਕਦੇ ਹੋ ਤਾਂ ਹੀ ਮੈਂ ਇਥੇ ਟਿਕ ਕੇ ਰਹਿ ਸਕਦਾ ਹਾਂ ਪਰੰਤੂ ਜੇਕਰ ਕਦੀ ਵੀ ਇਨ੍ਹਾਂ ਦੀ ਉਲੰਘਣਾ ਹੋਵੇਗੀ, ਫੇਰ ਮੈਂ ਚੁੱਪ ਚਾਪ ਚਲਿਆ ਜਾਵਾਂਗਾ। ਪਹਿਲੀ ਬੇਨਤੀ ਇਹ ਹੈ ਕਿ ਤੁਸੀਂ ਕਦੀ ਵੀ ਕਿਸੇ ਆਂਢੀ ਗਵਾਂਢੀ ਨਾਲ ਮੇਰੀ ਭਜਨ ਬੰਦਗੀ ਬਾਰੇ ਗੱਲ ਨਹੀਂ ਕਰੋਗੇ ਕਿ ਇਹ ਇਤਨਾ ਸਮਾਂ ਬੈਠੇ ਰਹਿੰਦੇ ਹਨ। ਦੂਸਰਾ ਇਹ ਹੈ ਕਿ ਚੌਵੀ ਘੰਟਿਆਂ ਵਿਚ ਮੈਨੂੰ ਛੋਟੀ ਜਿਹੀ ਇਕ ਕੌਲੀ ਦਾਲ ਦੀ ਅਤੇ ਇਕ ਪ੍ਰਸ਼ਾਦਾ ਚਾਹੀਦਾ ਹੈ ਅਤੇ ਤੁਸੀਂ ਕਦੀ ਵੀ ਮੇਰੀ ਖੁਰਾਕ ਬਾਰੇ ਕਿਸੇ ਨਾਲ ਗੱਲ ਨਹੀਂ ਕਰੋਗੇ। ਤੀਸਰਾ ਕਦੀ ਵੀ ਮੇਰੇ ਕਮਰੇ ਵਿਚ ਕੋਈ ਬੀਬੀ ਕਿਸੇ ਬਹਾਨੇ ਨਹੀਂ ਆਵੇਗੀ, ਭਾਵੇਂ ਤੁਸੀਂ ਮੇਰੀ ਮਾਤਾ ਸਮਾਨ ਹੋ ਤੇ ਲੜਕੀਆਂ ਮੇਰੀਆਂ ਭੈਣਾਂ ਸਮਾਨ ਹਨ, ਪਰ ਕਮਰੇ ਵਿਚ ਆਉਣ ਦੀ ਜਾਂ ਕਿਸੇ ਕਿਸਮ ਦੀ ਗੱਲ ਕਰਨ ਦੀ ਆਗਿਆ ਨਹੀਂ ਹੋਵੇਗੀ। ਜੇਕਰ ਤੁਹਾਨੂੰ ਮੇਰੀਆਂ ਇਹ ਸ਼ਰਤਾਂ ਮਨਜ਼ੂਰ ਹਨ ਫੇਰ ਤਾਂ ਮੈਂ ਇਥੇ ਰਹਿ ਸਕਦਾ ਹਾਂ, ਜੇਕਰ ਨਹੀਂ ਤਾਂ ਤੁਸੀਂ ਹੁਣੇ ਹੀ ਮੇਰੀ ਫਤਹਿ ਪ੍ਰਵਾਨ ਕਰੋ।

ਬਾਬਾ ਜੀ ਵਲੋਂ ਸਪਸ਼ਟ ਸ਼ਬਦਾਂ ਵਿਚ ਇਹ ਤਾੜਨਾ ਸੁਣ ਕੇ ਸਾਰੇ ਅੰਦਰੋ ਅੰਦਰੀ ਹੈਰਾਨ ਹੋ ਰਹੇ ਸਨ ਕਿ ਦੇਖੋ, ਗੁਰਮੁਖ ਪਿਆਰੇ ਵਿਚ ਕਿੰਨੀ ਬੇਪਰਵਾਹੀ ਹੈ। ਬੇਪਰਵਾਹੀ ਇਸ ਕਰਕੇ ਹੁੰਦੀ ਹੈ ਕਿ ਪ੍ਰਭੂ ਦੇ ਪਿਆਰੇ ਹਮੇਸ਼ਾ ਪ੍ਰਭੂ ਦੇ ਰੰਗ ਵਿਚ ਰੰਗੇ ਰਹਿੰਦੇ ਹਨ ਅਤੇ ਵਾਹਿਗੁਰੂ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕਿਸੇ ਦੀ ਪਰਵਾਹ ਨਹੀਂ ਹੋਇਆ ਕਰਦੀ।

***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥***
***ਪੰਨਾ - 711***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਪੰਨਾ - 473***

ਪ੍ਰਭੂ ਪਿਆਰਿਆਂ ਦਾ ਕਿਹਾ ਹੋਇਆ ਦਰਗਾਹ ਵਿਚ ਚਲਦਾ ਹੈ, ਉਨ੍ਹਾਂ ਨੂੰ ਦੁਨੀਆਂਦਾਰਾਂ ਦੀ ਪਰਵਾਹ ਨਹੀਂ ਹੋਇਆ ਕਰਦੀ ਕਿਉਂਕਿ ਉਨ੍ਹਾਂ ਦਾ ਆਸਰਾ ਕੇਵਲ ਪ੍ਰਭੂ ਹੋਇਆ ਕਰਦਾ ਹੈ -

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਸਾਰੇ ਪਰਿਵਾਰ ਨੇ ਬਾਬਾ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਏ ਅਤੇ ਕਿਹਾ ਕਿ ਅਸੀਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਿਭਾਉਣ ਦਾ



Sri Satguru Jagjit Singh Ji eLibrary NamdhariElibrary@gmail.com

ਯਤਨ ਕਰਾਂਗੇ। ਇਸ ਤੋਂ ਬਾਅਦ ਬਾਬਾ ਜੀ ਨੇ ਕਮਰੇ ਵਿਚ ਪ੍ਰਵੇਸ਼ ਕੀਤਾ ਅਤੇ ਨਿਤ ਕਰਮ ਅਨੁਸਾਰ ਸਾਰਾ ਸਾਰਾ ਦਿਨ ਕਮਰਾ ਬੰਦ ਕਰਕੇ ਅੰਦਰ ਹੀ ਬੈਠੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਇਸ ਤਰ੍ਹਾਂ ਕਰਦੇ ਕਰਦੇ ਤਕਰੀਬਨ ਦੋ ਮਹੀਨੇ ਦਾ ਸਮਾਂ ਬੀਤ ਗਿਆ ਤਾਂ ਇਕ ਦਿਨ ਆਪ ਨੇ ਧਿਆਨ ਦਿਤਾ ਕਿ ਆਪ ਜਦੋਂ ਬਾਹਰ ਜਾ ਰਹੇ ਸਨ ਤਾਂ ਇਕ ਦੋ ਮਾਈਆਂ ਆਪਸ ਵਿਚ ਗੱਲਬਾਤ ਕਰ ਰਹੀਆਂ ਸਨ ਕਿ ਇਹ ਗੁਰਸਿੱਖ ਜੋ ਬਖਸ਼ੀ ਜੀ ਦੇ ਘਰ ਟਿਕੇ ਹੋਏ ਹਨ, ਸਾਰਾ ਦਿਨ ਸਾਰੀ ਰਾਤ ਭਗਤੀ ਕਰਦੇ ਰਹਿੰਦੇ ਹਨ ਅਤੇ ਕੇਵਲ ਇਕ ਪ੍ਰਸ਼ਾਦਾ ਤੇ ਇਕ ਛੋਟੀ ਜਿਹੀ ਕੌਲੀ ਸਬਜ਼ੀ ਤੇ ਦਾਲ ਦੀ ਛਕਦੇ ਹਨ, ਦੇਖੋ ਛੋਟੀ ਉਮਰ ਵਿਚ ਕਿੰਨੀ ਕਮਾਈ ਕਰ ਰਹੇ ਹਨ।

ਰਾਤ ਦੇ ਦੀਵਾਨ ਵਿਚ ਜਦੋਂ ਗੁਰਦੁਆਰਾ ਸਾਹਿਬ ਹਾਜ਼ਰੀ ਭਰਨ ਗਏ ਉਥੇ ਵੀ ਇਕ ਦੋ ਪ੍ਰੇਮੀਆਂ ਤੋਂ ਇਹੋ ਜਿਹੀ ਚਰਚਾ ਸੁਣਨ ਵਿਚ ਆਈ। ਆਪ ਨੇ ਪਸੰਦ ਨਹੀਂ ਕੀਤੀ ਕਿਉਂਕਿ ਗੁਰੂ ਦੇ ਪਿਆਰੇ ਗੁਰਮੁਖ, ਗੁਰਸਿੱਖ ਆਪਣੀ ਮਹਿਮਾ ਤੇ ਵਡਿਆਈ ਨੂੰ ਪਸੰਦ ਨਹੀਂ ਕਰਿਆ ਕਰਦੇ ਅਤੇ ਜੇਕਰ ਕੋਈ ਨਿੰਦਿਆ ਕਰੀ ਜਾਵੇ ਤਾਂ ਵੀ ਦੁਖੀ ਨਹੀਂ ਹੋਇਆ ਕਰਦੇ।

***ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥***
***ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥***

***ਪੰਨਾ – 219***

ਉਹ ਤਾਂ ਇਨ੍ਹਾਂ ਦੋਵਾਂ ਚੀਜ਼ਾਂ ਤੋਂ ਉਪਰ ਹੋ ਕੇ ਵਿਚਰਿਆ ਕਰਦੇ ਹਨ ਅਤੇ ਪਰਮ ਪਦ ਦੀ ਪ੍ਰਾਪਤੀ ਲਈ ਮਸ਼ੱਕਤਾਂ ਘਾਲਦੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਰਾਹੀਂ ਅਨੇਕਾਂ ਪ੍ਰਾਣੀਆਂ ਦਾ ਉਧਾਰ ਹੋ ਜਾਇਆ ਕਰਦਾ ਹੈ।

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

***ਪੰਨਾ – 8***

ਬਾਬਾ ਜੀ ਨੇ ਮਨ ਹੀ ਮਨ ਵਿਚ ਫੈਸਲਾ ਕਰ ਲਿਆ ਕਿ ਹੁਣ ਇਥੇ ਟਿਕਣਾ ਨਹੀਂ ਅਤੇ ਚੁਪ ਚਪੀਤੇ ਚਲੇ ਜਾਣਾ ਹੈ। ਇਸ ਘਟਨਾ ਬਾਰੇ ਆਪ ਜੀ ਦੱਸਿਆ ਕਰਦੇ ਸੀ ਕਿ ਮੈਂ ਅੰਮ੍ਰਿਤ ਵੇਲੇ ਜਦੋਂ ਸਾਰਾ ਟੱਬਰ ਸੁੱਤਾ ਪਿਆ ਸੀ, ਆਪਣਾ ਕਛਹਿਰਾ ਪਰਨਾ ਚੁਕਿਆ ਤੇ ਚਲ ਪਿਆ, ਬੱਸ ਇਹੀ ਮੇਰੀ ਪੂੰਜੀ ਸੀ ਕਿਉਂਕਿ ਮੇਰੇ ਕੋਲ ਨਾ ਹੀ ਕੋਈ ਪੈਸਾ ਸੀ, ਨਾ ਹੀ ਕੋਈ ਸਮਾਨ ਸੀ। ਮੈਨੂੰ ਆਪਣੇ ਆਪ ਨੂੰ ਖੁਦ ਨੂੰ ਪਤਾ ਨਹੀਂ ਸੀ ਕਿ ਮੈਂ ਕਿਥੇ ਜਾਣਾ ਹੈ ਤੇ ਕਿਹੜੀ ਦਿਸ਼ਾ ਵਲ ਜਾਣਾ ਹੈ ਪਰ ਵਾਹਿਗੁਰੂ ਤੇ ਭਰੋਸਾ ਸੀ ਕਿ ਜਿਥੇ ਲੈ ਜਾਵੇਗਾ ਉਥੇ ਚਲੇ ਜਾਵਾਂਗੇ।

ਨਾਮ ਦੀ ਮਸਤੀ ਵਿਚ ਆਪ ਤੁਰੇ ਜਾ ਰਹੇ ਹਨ ਤੇ ਆਪ ਦੇ ਕਦਮ ਆਪ ਨੂੰ ਰੇਲਵੇ ਸਟੇਸ਼ਨ ਤੇ ਲੈ ਗਏ ਅਤੇ ਵਿਚਾਰ ਆਈ ਕਿ ਜਿਹੜੀ ਟਰੇਨ ਪਹਿਲਾਂ ਟੁਰੇਗੀ ਉਸ ਵਿਚ ਬੈਠ ਜਾਵਾਂਗੇ। ਇਸੇ ਤਰ੍ਹਾਂ ਨਾਲ ਹੋਇਆ ਆਪ ਟਰੇਨ ਵਿਚ ਬੈਠ ਗਏ ਜੋ ਪਹਿਲਾਂ ਟੁਰਨ ਵਾਲੀ ਸੀ, ਨਾ ਹੀ ਆਪ ਨੇ ਇਹ ਪੁਛਿਆ ਕਿ ਇਹ ਟਰੇਨ ਕਿਧਰ ਜਾਵੇਗੀ। ਗਾਰਡ ਨੇ ਸੀਟੀ ਦਿਤੀ, ਟਰੇਨ ਚਲ ਪਈ। ਆਪ ਜਿਸ ਡੱਬੇ ਵਿਚ ਬੈਠੇ ਹੋਏ ਸਨ, ਥੋੜ੍ਹੀ ਦੇਰ ਬਾਅਦ ਟਿਕਟਾਂ ਦੀ ਚੈਕਿੰਗ ਕਰਨ ਲਈ ਟਿਕਟ ਚੈਕਰ ਉਸ ਡੱਬੇ ਵਿਚ ਵੀ ਪਹੁੰਚ ਗਿਆ ਤੇ ਜਿਨ੍ਹਾਂ ਕੋਲ ਟਿਕਟ ਨਹੀਂ ਸੀ ਉਨ੍ਹਾਂ ਨੂੰ ਇਕ ਪਾਸੇ ਬਿਠਾ ਲਿਆ। ਬਾਬਾ ਜੀ ਦੇ ਮਨ ਵਿਚ ਖਿਆਲ ਆਇਆ ਕਿ ਠੀਕ ਹੈ ਮੈਂ ਤਾਂ ਭਜਨ ਹੀ ਕਰਨਾ ਹੈ ਜੇ ਵਾਹਿਗੁਰੂ ਦੀ ਇਹੋ ਮਰਜ਼ੀ ਹੈ, ਇਕਾਂਤ ਵਿਚ ਭਜਨ ਕਰਿਆ ਕਰਾਂਗੇ, ਸਰੀਰ ਲਈ ਦੋ ਪ੍ਰਸ਼ਾਦੇ ਹੀ ਚਾਹੀਦੇ ਹਨ, ਉਹ ਤਾਂ ਵਾਹਿਗੁਰੂ ਨੇ ਦੇਣੇ ਹੀ ਹਨ। ਵਾਹਿਗੁਰੂ ਜੀ ਨੇ ਸਾਰਾ ਕੁਝ ਪਰਤੱਖ ਕਰਕੇ ਵਿਖਾ ਦਿਤਾ ਹੈ ਜਿਵੇਂ ਮੇਰੇ ਪਿਆਰੇ ਦੀ ਰਜ਼ਾਅ ਹੈ, ਉਸ ਵਿਚ ਹੀ ਰਾਜ਼ੀ ਰਹਿਣਾ ਹੈ। ਹਾਲੇ ਆਪ ਜੀ ਇਨ੍ਹਾਂ ਵਿਚਾਰਾਂ ਅੰਦਰ ਹੀ ਸਨ ਕਿ ਟੀ.ਟੀ. ਆਪ ਦੇ ਕੋਲ ਆ ਕੇ ਬੈਠ ਗਿਆ ਅਤੇ ਟਿਕਟ ਬਾਰੇ ਕੋਈ ਗੱਲ ਨਹੀਂ ਕੀਤੀ ਕਿ ਤੁਹਾਡੇ ਪਾਸ ਟਿਕਟ ਹੈ ਜਾਂ ਨਹੀਂ ਸਗੋਂ ਪਿਆਰ ਨਾਲ ਪੁੱਛਣ ਲਗ ਪਿਆ ਕਿ ਸਰਦਾਰ ਸਾਹਿਬ! ਤੁਸੀਂ ਕਿਥੇ ਜਾਣਾ ਹੈ? ਇਹ ਸੁਣ ਕੇ ਬਾਬਾ ਜੀ ਨੇ ਮੁਸਕਰਾਹਟ ਭਰੇ ਚਿਹਰੇ ਨਾਲ ਉਤਰ ਦਿਤਾ ਕਿ ਪਤਾ ਨਹੀਂ ਮੇਰਾ ਪਿਆਰਾ ਮੈਨੂੰ ਕਿਧਰ ਲਿਜਾਉਣਾ ਚਾਹੁੰਦਾ ਹੈ ਪਰ ਮੈਂ ਅਗਲੇ ਸਟੇਸ਼ਨ ਤੇ ਉਤਰ ਜਾਵਾਂਗਾ। ਟੀ.ਟੀ. ਵੀ ਬਾਬਾ ਜੀ ਦੇ ਰੂਹਾਨੀ ਚਿਹਰੇ ਦੇ ਦਰਸ਼ਨ ਕਰਕੇ ਪ੍ਰਭਾਵਿਤ ਹੋਣੋ ਨਹੀਂ ਰਹਿ ਸਕਿਆ ਅਤੇ ਬਾਬਾ ਜੀ ਦੇ ਇਸ ਉਤਰ ਨੂੰ ਸੁਣ ਕੇ ਉਸ ਦਾ ਮਨ ਕਰਦਾ ਸੀ ਕਿ ਮੈਂ ਵੀ ਇਸ ਪ੍ਰਭੂ ਪਿਆਰੇ ਦੇ ਕੁਝ ਕੰਮ ਆ ਸਕਾਂ।

ਜਦੋਂ ਅਗਲਾ ਸਟੇਸ਼ਨ ਆਇਆ, ਟਰੇਨ ਰੁਕ ਗਈ ਤੇ ਟੀ. ਟੀ. ਬਾਬੂ ਵੀ ਬਾਬਾ ਜੀ ਦੇ ਨਾਲ ਹੇਠਾਂ ਉਤਰ ਆਇਆ

ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਬੀਬੀ ਰਣਜੀਤ ਕੌਰ ਜੀ
(ਸੰਨ 1982)



Sri Satguru Jagjit Singh Ji eLibrary NamdhariElibrary@gmail.com

ਅਤੇ ਦੂਰੋਂ ਹੀ ਟਿਕਟ ਕੁਲੈਕਟਰ ਬਾਬੂ ਜੋ ਬਾਹਰ ਜਾਣ ਵਾਲੇ ਮੁਸਾਫਰਾਂ ਦੇ ਟਿਕਟ ਚੈਕ ਕਰ ਰਿਹਾ ਸੀ, ਉਸ ਨੂੰ ਹੱਥ ਨਾਲ ਇਸ਼ਾਰਾ ਕਰਕੇ ਕੁਝ ਸਮਝਾਇਆ ਅਤੇ ਆਪ ਵਾਪਸ ਚਲਾ ਗਿਆ। ਜਦੋਂ ਬਾਬਾ ਜੀ ਗੇਟ ਪਾਸ ਪਹੁੰਚੇ ਤਾਂ ਉਸ ਨੇ ਬਾਬਾ ਜੀ ਨੂੰ ਕਿਹਾ ਕਿ ਆਪ ਕੁਝ ਦੇਰ ਇਥੇ ਹੀ ਰੁਕੋ, ਮੈਂ ਹੁਣੇ ਕੰਮ ਖਤਮ ਕਰਕੇ ਆਪ ਨਾਲ ਗੱਲ ਕਰਦਾ ਹਾਂ। ਜਦੋਂ ਟਰੇਨ ਤੁਰ ਪਈ ਤੇ ਕੋਈ ਮੁਸਾਫਰ ਬਾਹਰ ਆਉਣ ਵਾਲਾ ਨਹੀਂ ਸੀ ਤਾਂ ਉਸ ਕੁਲੈਕਟਰ ਬਾਬੂ ਜੀ ਨੇ ਬਾਬਾ ਜੀ ਨੂੰ ਨਿਮਰਤਾ ਸਹਿਤ ਹੱਥ ਜੋੜ ਕੇ ਸਵਾਲ ਕੀਤਾ ਕਿ ਭਾਈ ਸਾਹਿਬ ਹੁਣ ਦੁਪਿਹਰ ਹੋਣ ਵਾਲੀ ਹੈ, ਆਪ ਨੇ ਪ੍ਰਸ਼ਾਦਾ ਨਹੀਂ ਛਕਿਆ ਹੋਵੇਗਾ, ਇਸ ਕਰਕੇ ਆਪ ਮੇਰੇ ਨਾਲ ਘਰ ਚਲੋ, ਆਹ ਨੇੜੇ ਹੀ ਰੇਲਵੇ ਕਲੋਨੀ ਵਿਚ ਮੇਰਾ ਘਰ ਹੈ। ਆਪ ਨੂੰ ਪ੍ਰਸ਼ਾਦਾ ਛਕਾ ਕੇ ਮੈਨੂੰ ਬੜੀ ਪ੍ਰਸੰਨਤਾ ਹੋਵੇਗੀ। ਇਸ ਕਰਕੇ ਇਹ ਸੇਵਾ ਮੈਨੂੰ ਬਖਸ਼ੋ, ਮੈਂ ਆਪ ਨੂੰ ਪ੍ਰਸ਼ਾਦਾ ਛਕੇ ਬਿਨਾ ਅੱਗੇ ਨਹੀਂ ਜਾਣ ਦੇਣਾ।

ਬਾਬਾ ਜੀ ਬਾਰ ਬਾਰ ਉਸ ਵਾਹਿਗੁਰੂ ਦਾ ਧੰਨਵਾਦ ਕਰਦੇ ਹੋਏ ਹੈਰਾਨ ਹੋ ਰਹੇ ਸਨ ਕਿ ਹੇ ਵਾਹਿਗੁਰੂ ਜੀ! ਆਪ ਦਾ ਇੰਤਜ਼ਾਮ ਕਿੱਡਾ ਵੱਡਾ ਹੈ ਕਿ ਆਪ ਜੀ ਇਤਨਾ ਨੇੜੇ ਹੋ ਕੇ ਵਰਤ ਰਹੇ ਹੋ ਕਿ ਪਹਿਲਾਂ ਆਪ ਨੇ ਉਸ ਟਿਕਟ ਚੈਕਰ ਬਾਬੂ ਜੀ ਨੂੰ ਪਰੇਰਿਆ, ਉਸ ਨੇ ਨਾ ਹੀ ਮੇਰੇ ਤੋਂ ਟਿਕਟ ਪੁਛਿਆ ਤੇ ਨਾ ਹੀ ਇਸ ਬਾਰੇ ਕੋਈ ਗੱਲ ਕੀਤੀ ਸਗੋਂ ਬੜੇ ਆਦਰ ਨਾਲ ਮੇਰੇ ਨਾਲ ਹੇਠਾਂ ਆ ਕੇ ਹੱਥ ਦਾ ਇਸ਼ਾਰਾ ਕੀਤਾ ਕਿ ਇਨ੍ਹਾਂ ਨੂੰ ਟਿਕਟ ਨਹੀਂ ਪੁਛਣਾ। ਹੁਣ ਜਦੋਂ ਕਿ ਮੈਂ ਸਵੇਰ ਤੋਂ ਕੋਈ ਜਲ ਪਾਣੀ, ਪ੍ਰਸ਼ਾਦਾ ਆਦਿ ਨਹੀਂ ਛਕਿਆ ਤਾਂ ਆਪ ਨੇ ਇਸ ਨੂੰ ਪ੍ਰਸ਼ਾਦਾ ਛਕਾਉਣ ਲਈ ਪਰੇਰ ਦਿਤਾ।

ਇਸ ਘਟਨਾ ਨੂੰ ਦੇਖ ਕੇ ਇਹ ਗੱਲ ਨਿਸ਼ਚੇ ਤੌਰ ਤੇ ਪ੍ਰਤੱਖ ਹੋ ਜਾਂਦੀ ਹੈ ਕਿ ਪ੍ਰਭੂ ਆਪਣੇ ਪਿਆਰੇ ਦੇ ਕੰਮ ਆਪ ਹੀ ਕਰਦਾ ਹੈ। ਜਿਸ ਨੂੰ ਹਰੀ ਦੇ ਨਾਮ ਨਾਲ ਪਿਆਰ ਹੁੰਦਾ ਹੈ ਅਤੇ ਨਾਮ ਹੀ ਜਿਸਦਾ ਅਧਾਰ ਹੁੰਦਾ ਹੈ, ਉਸ ਦੇ ਕੰਮ ਤਾਂ ਉਹ ਆਪ ਹੀ ਕਰਿਆ ਕਰਦਾ ਹੈ। ਗੁਰਬਾਣੀ ਦਾ ਪਵਿੱਤਰ ਫੁਰਮਾਨ ਹੈ –

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ।। ਪੰਨਾ – 638***

ਪ੍ਰਭੂ ਦੇ ਪਿਆਰਿਆਂ ਦੇ ਮਨ ਵਿਚ ਪੂਰੀ ਪ੍ਰਤੀਤ ਤੇ ਭਰੋਸਾ ਹੁੰਦਾ ਹੈ ਕਿ ਰਿਜ਼ਕ ਪ੍ਰਭੂ ਨੇ ਦੇਣਾ ਹੈ ਕਿਉਂਕਿ ਉਹ ਤਾਂ ਪੱਥਰ ਵਿਚ ਰਹਿੰਦੇ ਕੀੜੇ ਨੂੰ ਵੀ ਰਿਜ਼ਕ ਦਿੰਦਾ ਤੇ ਉਸ ਵਾਸਤੇ ਚਿੰਤਾ ਨਹੀਂ ਕਰਿਆ ਕਰਦੇ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਪੰਨਾ – 10***

ਮਹਾਰਾਜ ਜੀ ਦਾ ਫੁਰਮਾਨ ਹੈ ਕਿ ਸਭ ਦੇ ਮਸਤਕ ਉਤੇ ਰਿਜ਼ਕ ਦੀ ਰੇਖਾ ਲਿਖੀ ਹੋਈ ਹੈ। ਜਿਵੇਂ ਕੂੰਜਾਂ ਸਰਦੀਆਂ ਦੀ ਰੁਤ ਵਿਚ ਬਰਫੀਲੇ ਦੇਸਾਂ ਤੋਂ ਉਡ ਕੇ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਗਰਮ ਇਲਾਕਿਆਂ ਦੀਆਂ ਝੀਲਾਂ ਤੇ ਪਹੁੰਚ ਜਾਂਦੀਆਂ ਹਨ। ਆਪਣੇ ਬੱਚਿਆਂ ਨੂੰ ਪਿਛੇ ਵਾਹਿਗੁਰੂ ਦੇ ਆਸਰੇ ਛੱਡ ਕੇ ਆ ਜਾਂਦੀਆਂ ਹਨ। ਉਥੇ ਉਨ੍ਹਾਂ ਦੇ ਚੋਗੇ ਦਾ ਇੰਤਜ਼ਾਮ ਕੋਈ ਨਹੀਂ ਕਰਦਾ ਪਰ ਉਹ ਆਪਣੇ ਮਨ ਵਿਚ ਪ੍ਰਭੂ ਦਾ ਸਿਮਰਨ ਕਰਦੀਆਂ ਰਹਿੰਦੀਆਂ ਹਨ ਕਿਉਂਕਿ ਜੋ ਵੀ ਪ੍ਰਭੂ ਦਾ ਨਾਮ ਜਪਦਾ ਹੈ, ਪ੍ਰਭੂ ਦੇ ਨਾਮ ਨਾਲ ਪਿਆਰ ਕਰਦਾ ਹੈ ਵਾਹਿਗੁਰੂ ਉਸ ਉਤੇ ਪ੍ਰਸੰਨ ਹੋ ਕੇ ਨੌਂ ਨਿਧੀਆਂ ਤੇ ਅਠਾਰ੍ਹਾਂ ਸਿੱਧੀਆਂ ਦੇ ਖਜ਼ਾਨੇ ਬਖਸ਼ ਦਿੰਦਾ ਹੈ ਭਾਵ ਉਹ ਜੋ ਵੀ ਫੁਰਨਾ ਕਰੇ ਉਹ ਪੂਰਾ ਹੋ ਜਾਂਦਾ ਹੈ। ਇਹ ਵਾਹਿਗੁਰੂ ਦੇ ਨਾਮ ਦੀ ਹੀ ਬਰਕਤ ਹੈ। ਇਸ ਲਈ ਉਸ ਵਾਹਿਗੁਰੂ ਦੇ ਉਤੇ ਸੈਂਕੜੇ ਨਹੀਂ ਸਗੋਂ ਹਜ਼ਾਰਾਂ, ਹਜ਼ਾਰਾਂ ਵੇਰਾਂ ਸਦਕੇ ਜਾਣਾ ਚਾਹੀਦਾ ਹੈ ਜਿਸ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ।

ਬਾਬਾ ਜੀ ਦੱਸਿਆ ਕਰਦੇ ਸਨ ਕਿ ਇਹ ਦੋਵੇਂ ਰੇਲ ਬਾਬੂ ਸਿੰਧੀ ਸਨ। ਸਿੰਧੀ ਗੁਰੂ ਨਾਨਕ ਸਾਹਿਬ ਨਾਲ ਬਹੁਤ ਪਿਆਰ ਕਰਦੇ ਹਨ ਅਤੇ ਗੁਰਬਾਣੀ ਦਾ ਬਹੁਤ ਸਤਿਕਾਰ ਕਰਦੇ ਹਨ। ਸੋ ਇਹ ਸਿੰਧੀ ਟਿਕਟ ਕੁਲੈਕਟਰ ਬਾਬਾ ਜੀ ਨੂੰ ਆਪਣੇ ਘਰ ਲੈ ਗਿਆ, ਬਹੁਤ ਪਿਆਰ ਨਾਲ ਪ੍ਰਸ਼ਾਦ ਪਾਣੀ ਛਕਾਇਆ ਅਤੇ ਜਦੋਂ ਬਾਬਾ ਜੀ ਪ੍ਰਸ਼ਾਦਾ ਛਕ ਚੁੱਕੇ ਤਾਂ ਇਸ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਭਾਈ ਸਾਹਿਬ ਆਪ ਨੂੰ ਇਕ ਹੋਰ ਬੇਨਤੀ ਹੈ ਕਿ ਸਾਡੇ ਘਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਜੇਕਰ ਤੁਸੀਂ ਸਾਨੂੰ ਗੁਰੂ ਗ੍ਰੰਥ ਦਾ ਸਾਰਾ ਪਾਠ ਸਰਵਣ ਕਰਾਵੋ ਤਾਂ ਬਹੁਤ ਕ੍ਰਿਪਾ ਹੋਵੇਗੀ। ਇਸ ਵਸੀਲੇ ਪਾਠ ਵੀ ਹੋ ਜਾਵੇਗਾ ਅਤੇ ਅਸੀਂ ਸਾਰਾ ਪਰਿਵਾਰ ਪਾਠ ਵੀ ਸੁਣ ਸਕਾਂਗੇ। ਬਾਬਾ ਜੀ ਨੇ ਕਿਹਾ, ਠੀਕ ਹੈ ਜਿਵੇਂ ਤੁਹਾਡੀ ਮਰਜ਼ੀ, ਮੈਂ ਕੁਝ ਦਿਨ ਟਿਕ ਜਾਂਦਾ ਹਾਂ। ਸੋ ਇਸ ਤਰ੍ਹਾਂ ਨਾਲ ਉਥੇ ਸਹਿਜ ਪਾਠ ਆਰੰਭ ਕਰ ਲਿਆ। ਸਵੇਰੇ ਸਭ ਨੂੰ ਪੰਜ ਬਾਣੀਆਂ ਦਾ ਪਾਠ ਸੁਣਾਉਣਾ, ਸ਼ਾਮ ਨੂੰ ਰਹਿਰਾਸ ਅਤੇ ਕੀਰਤਨ ਸੋਹਿਲੇ ਦਾ ਪਾਠ, ਇਸ ਤੋਂ ਇਲਾਵਾ ਗੁਰਮਤਿ ਦੇ ਸਿਧਾਂਤ ਸਾਂਝੇ ਕਰਨੇ। ਇਕ ਹਫਤੇ ਪਿਛੋਂ ਪਾਠ ਦਾ ਭੋਗ ਪਿਆ। ਉਪਰੰਤ ਅਰਦਾਸ ਕੀਤੀ ਅਤੇ ਥੋੜ੍ਹਾ ਬਹੁਤ ਛਕ ਛਕਾ ਕੇ ਬਾਬਾ ਜੀ ਨੇ ਇਸ ਪਰਿਵਾਰ ਤੋਂ ਵਿਦਾ ਲਈ ਅਤੇ ਕਿਹਾ ਕਿ ਇਸੇ ਤਰ੍ਹਾਂ ਗੁਰਬਾਣੀ ਨਾਲ ਜੁੜੇ ਰਹੋ। ਗੁਰੂ ਨਾਨਕ ਸਾਹਿਬ ਦਾ ਧਿਆਨ ਧਰ ਕੇ ਗੁਰਮੰਤਰ ਦਾ ਜਾਪ ਕਰਿਆ ਕਰੋ ਅਤੇ ਜਾਪ ਕਰਨ ਦਾ ਤਰੀਕਾ ਵੀ ਸਮਝਾ ਦਿਤਾ। ਸਿੰਧੀ ਪਰਿਵਾਰ ਨੇ ਬਾਬਾ ਜੀ ਦਾ ਬਹੁਤ ਧੰਨਵਾਦ ਕੀਤਾ ਅਤੇ ਬੇਨਤੀ ਕੀਤੀ ਕਿ ਆਪ ਸਾਡੇ ਕੋਲ ਹੋਰ ਸਮਾਂ ਟਿਕ ਕੇ ਸਾਨੂੰ ਗੁਰਬਾਣੀ ਵਿਚਾਰ ਤੇ ਪਾਠ ਸੁਣਾ ਕੇ ਨਿਹਾਲ ਕਰੋ ਕਿਉਂਕਿ ਆਪ ਦੇ ਪਾਠ ਵਿਚ ਬਹੁਤ ਰਸ ਹੈ। ਸਾਡਾ ਜੀਅ ਕਰਦਾ ਸੀ ਕਿ ਤੁਹਾਡੀ ਸੰਗਤ ਦਾ ਹੋਰ ਅਨੰਦ ਮਾਣੀਏ। ਪਰ ਗੁਰਮੁਖ ਕਿਸੇ ਦੇ ਰੋਕੇ ਹੋਏ ਕਿਥੇ ਰੁਕਦੇ ਹਨ, ਉਨ੍ਹਾਂ ਦੇ ਅੰਦਰ ਤਾਂ ਇਕ ਖਿੱਚ ਹੁੰਦੀ ਹੈ, ਸੰਸਾਰ ਦਾ ਦਰਦ ਹੁੰਦਾ ਹੈ, ਉਹ ਆਰਾਮ ਨਾਲ ਨਹੀਂ ਬੈਠ ਸਕਦੇ, ਉਹ ਤਾਂ ਨਿਰਮਲ ਝਰਨੇ ਦੀ ਤਰ੍ਹਾਂ ਚਲਦੇ ਹੀ ਰਹਿੰਦੇ ਹਨ।

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਡਾ. ਭਾਈ ਵੀਰ ਸਿੰਘ ਜੀ***

***'ਚਲਦਾ'***



Sri Satguru Jagjit Singh Ji eLibrary NamdhariElibrary@gmail.com

# ਸਿਮਰਤ ਕਹਾ ਨਹੀ ?

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-18)*

ਇਕ ਰਾਜਾ ਹੋਇਆ ਹੈ ਜਿਸ ਦਾ ਨਾਮ ਸਿਧਾਰਥ ਸੀ। ਉਸਦੇ ਬਾਰੇ ਜੋਤਸ਼ੀਆਂ ਨੇ ਦਸਿਆ ਕਿ ਇਹ ਬਹੁਤ sensitive (ਭਾਵਕ) ਹੋਵੇਗਾ। ਹੋ ਸਕਦਾ ਹੈ ਕਿ ਕਿਧਰੇ ਇਹ ਦੁਨੀਆਂ ਹੀ ਛੱਡ ਦੇਵੇ। ਇਸ ਕਰਕੇ ਇਸਨੂੰ ਹਰ ਵੇਲੇ ਖੁਸ਼ੀਆਂ ਵਿਚ ਰਖੋ ਤਾਂ ਕਿ ਇਸਨੂੰ ਦੁਖਾਂ ਦੀ ਯਾਦ ਭੁਲ ਜਾਵੇ। ਸੋ ਐਸੀ ਹੀ ਪਾਲਨਾ ਹੋਈ। ਇਕ ਵਾਰੀ ਇਸਨੇ ਆਪਣੇ ਡਰਾਈਵਰ ਚੰਨੇ ਨੂੰ ਕਿਹਾ, ਤੂੰ ਹਰ ਵਾਰੀ ਮੈਨੂੰ ਇਕੋ ਪਾਸੇ ਹੀ ਘੁਮਾਉਣ ਲੈ ਜਾਂਦਾ ਹੈਂ। ਦੂਜੇ ਪਾਸੇ ਕਦੀ ਨਹੀਂ ਲੈ ਗਿਆ। ਚੰਨੇ ਨੇ ਕਿਹਾ, "ਹਜ਼ੂਰ! ਉਧਰ ਠੀਕ ਨਹੀਂ ਹੈ, ਇਧਰ ਦੁਨੀਆਂ ਰਹਿੰਦੀ ਹੈ। ਬਹੁਤ ਕਿਸਮ ਦੇ ਲੋਕ ਰਹਿੰਦੇ ਹਨ। ਆਪ ਦੀ ਤਬੀਅਤ ਖਰਾਬ ਹੋ ਜਾਏਗੀ। ਇਸ ਕਰਕੇ ਮੈਨੂੰ ਹੁਕਮ ਹੈ ਕਿ ਆਪਨੂੰ ਚੰਗੇ ਚੰਗੇ ਥਾਵਾਂ ਤੇ ਲਿਜਾਵਾਂ, ਮਾੜੇ ਥਾਂ ਤੇ ਨਹੀਂ ਜਾਣ ਦੇਣਾ ਤਾ ਕਿ ਕਿਸੇ ਮਾੜੀ ਘਟਨਾ ਦਾ ਅਸਰ ਆਪ ਦੇ ਅੰਤਸ਼ਕਰਣ ਤੇ ਨਾ ਪੈ ਜਾਵੇ।" ਸਿਧਾਰਥ ਨੇ ਕਿਹਾ, ਮੈਂ ਤਾਂ ਅੱਜ ਏਧਰ ਦੂਜੇ ਪਾਸੇ ਹੀ ਜਾਣਾ ਹੈ। ਰਸਤੇ ਵਿਚ ਕੀ ਦੇਖਦਾ ਹੈ ਕਿ ਇਕ ਬੰਦਾ ਬਿਮਾਰ ਪਿਆ ਹੈ। ਹਾਏ ਹਾਏ ਕਰ ਰਿਹਾ ਹੈ। ਚੰਨੇ ਨੂੰ ਪੁਛਿਆ, ਇਹ ਹਾਏ ਹਾਏ ਕਿਉਂ ਕਰ ਰਿਹਾ ਹੈ? ਇਹ ਦੁਖੀ ਕਿਉਂ ਹੈ? ਚੰਨੇ ਨੇ ਉਤਰ ਦਿੱਤਾ ਕਿ ਨਾ ਇਸਨੂੰ ਪੈਸੇ ਦਾ ਦੁਖ ਹੈ, ਨਾ ਕਿਸੇ ਨੇ ਇਸ ਨੂੰ ਮਾਰਿਆ ਹੈ ਪਰ ਇਹ ਸਰੀਰਕ ਦੁਖ ਨਾਲ ਪੀੜਤ ਹੈ। ਇਸ ਕਰਕੇ ਹਾਏ ਹਾਏ ਕਰ ਰਿਹਾ ਹੈ। ਪੁਛਿਆ, ਕੀ ਬਿਮਾਰ ਵੀ ਹੋ ਜਾਈਦਾ ਹੈ? ਚੰਨੇ ਨੇ ਕਿਹਾ, ਹਾਂ! ਮਹਾਰਾਜ! ਜਦੋਂ ਤਿੰਨਾਂ ਤੱਤਾਂ ਦਾ ਆਪਸ ਵਿਚ ਸੰਤੁਲਨ ਵਿਗੇੜਦਾ ਹੈ, ਉਸ ਵੇਲੇ ਬਿਮਾਰੀ ਆ ਜਾਂਦੀ ਹੈ। ਇਹ ਸੰਤੁਲਨ ਖਾਣ ਪੀਣ ਨਾਲ ਵਿਗੜਦਾ ਹੈ - ਗਲਤ ਚੀਜ਼ਾਂ ਦੇ ਪ੍ਰਯੋਗ ਦੇ ਨਾਲ। ਪੁਛਿਆ, ਕੀ ਮੈਂ ਵੀ ਬਿਮਾਰ ਹੋ ਸਕਦਾ ਹਾਂ? ਹਾਂ ਹਜ਼ੂਰ! ਆਪ ਵੀ ਬਿਮਾਰ ਹੋ ਸਕਦੇ ਹੋ, ਮੈਂ ਵੀ ਬਿਮਾਰ ਹੋ ਸਕਦਾ ਹਾਂ, ਸਭ ਹੋ ਸਕਦੇ ਹਨ।" ਕਹਿਣ ਲੱਗੇ, ਰਥ ਵਾਪਸ ਮੋੜ ਲੈ। ਕੀ ਸਰੀਰ ਰਾਜ਼ੀ ਵੀ ਹੋ ਸਕਦਾ ਹੈ? ਹਾਂ ਮਹਾਰਾਜ! ਹੋ ਸਕਦਾ ਹੈ। ਦੋ ਤਿੰਨ ਦਿਨ ਬਾਅਦ ਫਿਰ ਆਇਆ, ਅਗੇ ਜਾ ਕੇ ਕੀ ਦੇਖਦਾ ਹੈ ਕਿ ਇਕ ਬਿਰਧ ਹੈ, ਅਗੇ ਜੋ ਸਪਾਹੀ ਰਸਤਾ ਸਾਫ ਕਰਾਉਣ ਵਾਸਤੇ ਜਾ ਰਹੇ ਹਨ, ਹਟੋ ਹਟੋ ਦੀ ਅਵਾਜ਼ ਦਿੰਦੇ ਹਨ। ਧੱਕੇ ਮਾਰਦੇ ਜਾਂਦੇ ਹਨ। ਉਹ ਬਿਰਧ ਮਸਾਂ ਹੀ ਸੋਟੀ ਦੇ ਨਾਲ ਪੈਰ ਪੁਟਦਾ ਹੈ। ਦੋ ਬੰਦਿਆਂ ਨੇ ਫੜਿਆ ਤੇ ਚੁਕ ਕੇ ਇਕ ਪਾਸੇ ਕਰ ਦਿੱਤਾ। ਚੰਨੇ ਨੂੰ ਕਿਹਾ, "ਬਘੀ ਰੋਕੋ।" ਪੁਛਿਆ, ਇਹ ਕੌਣ ਹੈ? ਦਸਿਆ, ਮਹਾਰਾਜ ਇਹ ਬਿਰਧ ਹੈ। ਕੀ ਇਹ ਸ਼ੁਰੂ ਤੋਂ ਹੀ ਐਸਾ ਹੈ? ਨਹੀਂ ਮਹਾਰਾਜ! ਤਿੰਨ ਅਵਸਥਾਵਾਂ ਹੋਇਆ ਕਰਦੀਆਂ ਹਨ।

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥***
***ਪੰਨਾ - 1428***

ਇਹ ਹਰ ਬੰਦੇ ਤੇ ਆਉਣੀ ਹੈ। ਜਿਹੜਾ ਪਹਿਲਾਂ ਫੁਲ ਖਿੜਿਆ ਹੁੰਦਾ ਹੈ, ਸਮਾਂ ਆਉਂਦਾ ਹੈ, ਪਤੀਆਂ ਮੁਰਝਾ ਜਾਂਦੀਆਂ ਹਨ। ਰੂਪ ਨੇ ਚਲੇ ਜਾਣਾ ਹੈ। ਜਿਹੜੇ ਰੂਪ ਦੀ ਪ੍ਰਸੰਸਾ ਕਰਦੇ ਹਨ ਅਤੇ ਅਗਰ ਉਹ ਰਹਿ ਜਾਣ, ਫਿਰ ਉਹ ਉਸ ਬੰਦੇ ਵਲ ਵੇਖਦੇ ਵੀ ਨਹੀਂ। ਰੂਪ ਰਿਹਾ ਹੀ ਨਹੀਂ, ਦੰਦ ਉਖੜ ਗਏ, ਕੰਨਾਂ ਤੋਂ ਸੁਣਨਾ ਰਹਿ ਗਿਆ।

ਬਾਬਾ ਫਰੀਦ ਜੀ ਬਹੁਤ ਤਾਕਤ ਵਾਲੇ ਸਨ ਅਤੇ ਉਹਨਾਂ ਦੀ ਉਮਰ ਪਚਾਨਵੇਂ ਸਾਲ ਦੀ ਹੋਈ ਹੈ। ਇਕ ਵਾਰੀ ਪਾਣੀ ਦੀ ਪਿਆਸ ਲੱਗੀ। ਕੋਈ ਵੀ ਸੇਵਾਦਾਰ ਕੋਲ ਨਹੀਂ ਹੈ। ਪਾਣੀ ਦਾ ਭਰਿਆ ਹੋਇਆ ਬਰਤਨ ਵੀ ਪਿਆ ਸੀ। ਥੋੜ੍ਹਾ ਜਿਹਾ ਦੂਰ ਪਿਆ ਸੀ। ਉਸ ਵੇਲੇ ਉਠਣ ਦੀ ਹਿੰਮਤ ਨਹੀਂ ਸੀ। ਸਹਾਰੇ ਨਾਲ ਉਠਦੇ ਹਨ ਤੇ ਸਹਾਰੇ ਨਾਲ ਚਲਦੇ ਹਨ ਕਿਉਂਕਿ ਲਤਾਂ ਵਜ਼ਨ ਨਹੀਂ ਚੁਕਦੀਆਂ। ਉਸ ਵੇਲੇ ਫਰੀਦ ਜੀ ਨੇ ਫੁਰਮਾਨ ਕੀਤਾ -

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ ਪੰਨਾ - 1379***

ਕਹਿਣ ਲੱਗੇ ਕਿ ਇਹਨਾਂ ਲੱਤਾਂ ਦੇ ਨਾਲ ਮੈਂ ਥਲਾਂ ਵਿਚ, ਜੰਗਲਾਂ ਵਿਚ, ਪਹਾੜਾਂ ਵਿਚ, ਸਾਰੇ ਹਿੰਦੁਸਤਾਨ ਦੂਰ ਦਰਾਜ ਤੱਕ ਸਫਰ ਕੀਤੇ, ਬੜੇ ਕਸ਼ਟ ਉਠਾਏ, ਬੜੀ ਭਿਆਨਕ ਤਪੱਸਯਾ ਕੀਤੀ। ਪਰ ਅੱਜ ਕੀ ਹੋ ਗਿਆ, ਜੋ ਮੇਰੀਆਂ ਲੱਤਾਂ ਹਨ, ਮੇਰਾ ਸਰੀਰ ਹੈ, ਆਪਣੇ ਆਪ ਨੂੰ ਸੰਭਾਲ ਹੀ ਨਹੀਂ ਰਿਹਾ। ਇਹ ਪਾਣੀ ਦਾ ਬਰਤਨ ਨੇੜੇ ਹੁੰਦਾ ਹੋਇਆ ਵੀ ਮੈਨੂੰ ਸੌ ਕੋਹਾਂ ਦੇ ਬਰਾਬਰ ਲਗ ਰਿਹਾ ਹੈ।

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥***
***ਪੰਨਾ - 1382***

ਤੇਰੇ ਦੰਦ ਕਿਥੇ ਚਲੇ ਗਏ। ਤੂੰ ਤੇ ਦੋ ਦੋ ਮੀਲ ਤੋਂ ਪਛਾਣ ਲੈਂਦਾ ਸੀ ਬੰਦੇ ਨੂੰ। ਹੁਣ ਮੱਥੇ ਤੇ ਹੱਥ ਰੱਖ ਕੇ ਪਛਾਨਣ ਦੀ ਕੋਸ਼ਿਸ਼ ਕਰਦਾ ਹੈਂ ਤੇ ਕਹਿੰਦਾ ਹੈਂ ਕਿ ਕੌਣ ਹੈਂ ਭਾਈ ਤੂੰ? ਮੈਂ ਤੈਨੂੰ ਪਛਾਣਿਆ ਨਹੀਂ ਤੇ ਸਤਾਂ ਪਤਾਲਾਂ ਦੀ ਬਾਣੀ ਬਣ ਗਈ। ਹੁਣ ਸੁਣਦੀ ਹੀ ਨਹੀਂ, ਕੰਨ ਦੇ ਕੋਲ ਆ ਕੇ ਬੋਲੋ ਤਾਂ ਹੀ ਸੁਣਦਾ ਹੈ। ਠੀਕ ਬੋਲਿਆ ਨਹੀਂ ਜਾਂਦਾ, ਜ਼ੁਬਾਨ ਤੋਤਲੀ ਹੋ ਗਈ। ਜ਼ੁਬਾਨ ਕੰਟਰੋਲ ਨਹੀਂ ਹੁੰਦੀ। ਬੋਲਣਾ ਕੁਝ ਚਾਹੁੰਦਾ ਹੈ, ਮੂੰਹੋ ਕੁਝ ਨਿਕਲ ਜਾਂਦਾ ਹੈ। ਲਤਾਂ ਭਾਰ ਨਹੀਂ ਸਹਿੰਦੀਆਂ। ਸਾਰੇ ਤਾਂ ਇਹ ਨਾਲ ਹੀ ਆਏ ਸਨ ਤੇ ਚਲੇ ਕਿਥੇ ਗਏ?

***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥ ਪੰਨਾ - 1382***

ਇਸ ਤਰ੍ਹਾਂ ਫੁਰਮਾਉਂਦੇ ਹਨ -

***ਧਾਰਨਾ - ਤੈਨੂੰ ਛਡ ਗਏ ਬਾਲ ਸਖਾਈ,***
***ਜਿੰਦੇ ਤੈਨੂੰ ਛੱਡ ਗਏ,***
***ਜਿੰਦੇ ਤੈਨੂੰ ਛੱਡ ਗਏ -2, 4.***



Sri Satguru Jagjit Singh Ji eLibrary NamdhariElibrary@gmail.com

***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥ ਪੰਨਾ - 1382***

ਕਹਿਣ ਲੱਗੇ, ਇਹ ਮੇਰੇ ਨਾਲ ਆਏ ਸੀ। ਬਹੁਤ ਪਿਆਰੇ ਸੀ। ਮੇਰਾ ਬਹੁਤ ਸਾਥ ਦਿੰਦੇ ਸਨ। ਅੱਜ ਕਿਥੇ ਚਲੇ ਗਏ? ਅੱਖਾਂ ਦੇਖ ਨਹੀਂ ਸਕਦੀਆਂ, ਦੰਦ ਕੁਝ ਖਾ ਨਹੀਂ ਸਕਦੇ, ਕੰਨ ਸੁਣ ਨਹੀਂ ਸਕਦੇ, ਜ਼ਬਾਨ ਕੁਝ ਬੋਲ ਨਹੀਂ ਸਕਦੀ, ਲਤਾਂ ਸਹਾਰੇ ਤੋਂ ਬਗੈਰ ਚਲਦੀਆਂ ਨਹੀਂ। ਚੰਨਾ ਸਿਧਾਰਥ ਨੂੰ ਕਹਿਣ ਲਗਾ, ਹਜ਼ੂਰ ਇਹ ਬੁੜਾਪਾ ਸਭ ਤੇ ਆਉਣਾ ਹੈ। ਕਹਿਣ ਲੱਗਾ ਕਿ ਇਹ ਕਿਸੇ ਤਰ੍ਹਾਂ ਰੁਕ ਨਹੀਂ ਸਕਦਾ? ਚੰਨੇ ਨੇ ਉਤਰ ਦਿੱਤਾ, ਨਹੀਂ ਮਹਾਰਾਜ ਇਹ ਰੁਕ ਨਹੀਂ ਸਕਦਾ। ਇਹ ਤੀਸਰੀ ਅਵਸਥਾ ਹੈ। ਚੌਥੀ ਅਵਸਥਾ ਮੌਤ ਹੋਇਆ ਕਰਦੀ ਹੈ। ਆਦਮੀ ਮਰ ਜਾਂਦਾ ਹੈ ਤੇ ਖਤਮ ਹੋ ਜਾਂਦਾ ਹੈ। ਪੁਛਿਆ, ਮੌਤ ਕੀ ਹੁੰਦੀ ਹੈ? ਦਸਿਆ ਕਿ ਜਦੋਂ ਆਦਮੀ ਸੰਸਾਰ ਛੱਡ ਕੇ ਚਲਾ ਜਾਂਦਾ ਹੈ। ਪੁਛਿਆ, ਮਹਾਰਾਜ ਤੁਹਾਡਾ ਦਾਦਾ ਕਿਥੇ ਹੈ? ਪੜਦਾਦਾ ਕਿਥੇ ਹੈ?

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥***
***ਪੰਨਾ - 1381***

ਅਜੇ ਵੀ ਤੂੰ ਪਤੀਜਿਆ ਨਹੀਂ। ਅਜੇ ਵੀ ਇਥੇ ਰਹਿਣ ਵਾਸਤੇ ਲਤਾਂ ਅੜਾਈ ਜਾਂਦਾ ਹੈਂ। ਉਹ ਤੈਨੂੰ ਛੱਡ ਗਏ। ਤੂੰ ਵੀ ਸੰਸਾਰ ਛੱਡ ਜਾਣਾ ਹੈ। ਸਿਥਾਰਥ ਵਾਪਸ ਮੁੜ ਆਇਆ। ਮਨ ਤੇ ਬਹੁਤ ਸੱਟ ਵੱਜੀ। ਤੀਜੀ ਵਾਰੀ ਗਿਆ ਤਾਂ ਰਸਤੇ ਵਿਚ ਮੁਰਦਾ ਜਾਂਦਾ ਦੇਖਿਆ, ਚੰਨੇ ਨੇ ਕਿਹਾ ਮਹਾਰਾਜ! ਇਹ ਮਰਿਆ ਹੋਇਆ ਬੰਦਾ ਜਾ ਰਿਹਾ ਹੈ। ਪੁਛਿਆ ਇਸਦਾ ਕੀ ਕਰਨਗੇ? ਚੰਨੇ ਨੇ ਦਸਿਆ, ਇਸ ਨੂੰ ਜਾਲ ਦੇਣਗੇ ਜਾਂ ਜਲ ਪ੍ਰਵਾਹ ਕਰ ਦੇਣਗੇ। ਮਹਾਰਾਜ! ਇਸਦੀ ਯਾਤਰਾ ਖਤਮ ਹੋ ਗਈ। ਪੁਛਿਆ, ਮੇਰੀ ਵੀ ਇਸ ਤਰ੍ਹਾਂ ਖਤਮ ਹੋ ਜਾਵੇਗੀ। ਚੰਨੇ ਨੇ ਕਿਹਾ, ਹਾਂ ਮਹਾਰਾਜ। ਕਾਲ ਤਾਂ ਸਭ ਤੇ ਆਉਂਦਾ ਹੈ। ਸਿਧਾਰਥ ਦੇ ਮਨ ਤੇ ਬਹੁਤ ਗਹਿਰੀ ਸੱਟ ਲੱਗੀ। ਸਿਧਾਰਥ ਦਾ ਇਕ ਬੱਚਾ ਸੀ, ਘਰ ਵਾਲੀ ਬਹੁਤ ਸੁੰਦਰ ਸੀ। ਸਾਰੀ ਰਾਤ ਸੋਚੀ ਗਿਆ। ਅੰਮ੍ਰਿਤ ਵੇਲਾ ਹੋ ਗਿਆ, ਮਨ ਨਾਲ ਫੈਸਲਾ ਕਰ ਲਿਆ। ਸੋਚਿਆ, ਮਨਾ! ਇਹ ਸੰਸਾਰ ਤਾਂ ਹੈ ਹੀ ਦੁਖਾਂ ਦਾ ਘਰ। ਕੋਈ ਸੁਖ ਲਭਣਾ ਚਾਹੀਦਾ ਹੈ।

***ਨਾਨਕ ਦੁਖੀਆ ਸਭੁ ਸੰਸਾਰੁ॥ ਪੰਨਾ - 954***

ਕੋਈ ਐਸੀ ਵਿਧੀ ਲਭਣੀ ਚਾਹੀਦੀ ਹੈ ਜਿਸ ਨਾਲ ਦੁਖ ਦਾ ਖਾਤਮਾ ਹੋ ਜਾਵੇ। ਸੋ ਤਲਾਸ਼ ਵਿਚ ਚਲਾ ਗਿਆ, ਬੜੀ ਦੇਰ ਟਕਰਾਂ ਮਾਰਦਾ ਰਿਹਾ। ਅਖੀਰ ਜਾ ਕੇ ਗਿਆਨ ਦਾ ਪ੍ਰਕਾਸ਼ ਹੋਇਆ, ਉਹ ਵੀ ਪੂਰਾ ਨਾ ਹੋਇਆ ਸਾਧ ਸੰਗਤ ਜੀ, ਅਧੂਰਾ ਰਹਿ ਗਿਆ। ਉਸਨੂੰ ਕੋਈ ਪੂਰਾ ਗੁਰੂ ਨਾ ਮਿਲਿਆ।

ਸੋ ਇਹ ਕੰਮ ਪੂਰਾ ਕਰਨ ਵਾਸਤੇ ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਤੇ ਭੇਜਿਆ ਹੇ ਨਾਨਕ! ਤੁਸੀਂ ਜਾ ਕੇ ਸੰਸਾਰ ਨੂੰ ਸਿਧੇ ਰਸਤੇ ਪਾ ਕੇ ਇਹ ਦਸ ਕੇ ਆਉ ਕਿ ਕਿਵੇਂ ਕਿਵੇਂ ਉਹ ਕਰਨ। ਸੋ ਇਸ ਤਰ੍ਹਾਂ ਬੇਣੀ ਦੇ ਮਨ ਦੇ ਅੰਦਰ ਬਹੁਤ ਵੈਰਾਗ ਹੋ ਗਿਆ। ਵੈਰਾਗ ਦੇ ਵਿਚ ਤਲਾਸ਼ ਕਰਦਾ ਟੁਰਿਆ ਫਿਰਦਾ ਹੈ ਕਿ ਕੋਈ ਮਿਲ ਜਾਵੇ, ਕੋਈ ਐਸਾ ਹੈ?

***ਕੋਈ ਜਨੁ ਹਰਿ ਸਿਉ ਦੇਵੈ ਜੋਰਿ॥***
***ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥***
***ਪੰਨਾ - 701***

ਕੋਈ ਸੰਸਾਰ ਤੇ ਹੈ ਐਸਾ? ਦਸ ਪਈ ਕਿ ਜਿਹੜੇ ਆਪ ਮਿਲੇ ਹੁੰਦੇ ਹਨ, ਓਹੀ ਮਿਲਾ ਸਕਦੇ ਹਨ। ਜਾਗੇ ਹੋਏ ਜਗਾ ਸਕਦੇ ਹਨ। ਅਗਿਆਨੀ ਨਹੀਂ ਜਗਾ ਸਕਦੇ। ਦੂਜਾ ਨਹੀਂ ਮਿਲਾ ਸਕਦਾ। ਜਿਹੜਾ ਆਪ ਹੀ ਅਗਿਆਨ ਦੇ ਅੰਦਰ ਅੰਨ੍ਹਾ ਹੈ, ਉਹ ਕਿਸ ਤਰ੍ਹਾਂ ਮਿਲਾ ਦੇਵੇਗਾ। ਉਸ ਨੂੰ ਤਾਂ ਸੋਝੀ ਹੀ ਨਹੀਂ ਹੈ। ਮਨ ਵਿਚ ਹਨ੍ਹੇਰਾ ਪਿਆ ਹੈ।

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਪੰਨਾ - 325***

ਜਦੋਂ ਤਕ ਮਨ ਵਿਚ ਹਨ੍ਹੇਰਾ ਹੈ, ਸੁਤਾ ਪਿਆ, ਆਪਣੇ ਆਪ ਤੋਂ ਆਪੇ ਹੀ ਡਰੀ ਜਾਂਦਾ ਹੈ। ਸੋ ਬੇਣੀ ਤਲਾਸ਼ ਕਰਦਾ ਰਹਿੰਦਾ ਹੈ। ਬਾਣੀ ਦਾ ਫੁਰਮਾਨ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1373***

ਸੰਤ ਦਾ ਕੰਮ ਹੀ ਨਾਮ ਜਪਾਉਣਾ ਹੁੰਦਾ ਹੈ। ਉਹਨਾਂ ਦਾ ਹੋਰ ਕੋਈ ਕੰਮ ਨਹੀਂ ਹੁੰਦਾ ਕਿ ਉਹਨਾਂ ਨੇ ਕੋਈ ਰਾਜਸੀ ਗੱਲਾਂ ਕਰਨੀਆਂ ਹਨ ਜਾਂ ਦੁਨਿਆਵੀ ਗੱਲਾਂ ਕਰਨੀਆਂ ਹਨ, ਭਾਈਚਾਰਕ ਗੱਲਾਂ ਕਰਨੀਆਂ, ਇਹ ਸੰਤਾਂ ਦਾ ਕੰਮ ਨਹੀਂ ਹੁੰਦਾ। ਉਹ ਤਾਂ ਆਪ ਨਾਮ ਜਪਦੇ ਹਨ ਤੇ ਦੂਜਿਆਂ ਨੂੰ ਸੁਖ ਵਿਚ ਪਹੁੰਚਾਉਂਦੇ ਹਨ ਤੇ ਪਦਵੀ ਕਿਤਨੀ ਵੱਡੀ ਹੁੰਦੀ ਹੈ-

***ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

ਕਿਉਂਕਿ ਨਾਮ ਵੱਡੀ ਚੀਜ਼ ਹੈ, ਜਿਸਦਾ ਮੁਲ ਕੋਈ ਨਹੀਂ, ਕੋਈ ਤੀਸਰੀ ਗਲ ਨਹੀਂ ਹੈ ਲੇਕਿਨ ਆਪਣਾ ਆਪ ਵਾਰਨਾ ਪੈਂਦਾ ਹੈ।

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਜੇਕਰ ਤੂੰ ਮਾਣ ਲੈ ਕੇ ਆਉਣਾ ਹੈ ਤਾਂ ਤੇਰਾ ਕੁਛ ਨਹੀਂ ਬਣਨਾ, ਵਿਚਾਲੇ ਆ ਕੇ ਹੀ ਰਹਿ ਜਾਂਦਾ ਹੈ ਕਿਉਂਕਿ ਇਕ ਪਰਦਾ ਪੈ ਜਾਂਦਾ ਹੈ ਜੋ ਕਿ ਮਿਲਣ ਨਹੀਂ ਦਿੰਦਾ। ਸੋ ਬੇਣੀ ਵੈਰਾਗ ਵਿਚ ਆਇਆ ਹੋਇਆ ਲਭਦਾ ਫਿਰਦਾ ਹੈ। ਜਿੰਨੀ ਦੇਰ ਤੱਕ ਪੂਰਾ ਨਾ ਮਿਲੇ ਓਨੀ ਦੇਰ ਤਕ ਪਰਦਾ ਨਹੀਂ ਲਿਹਾ ਕਰਦਾ। ਇਸ ਬਾਰੇ ਮਹਾਰਾਜ ਦਾ ਫੁਰਮਾਨ ਹੈ ਕਿ ਵਾਹਿਗੁਰੂ ਤਾਂ ਨਾਲ ਹੀ ਹੈ -

***ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥***
***ਪੰਨਾ - 1263***

ਕੋਈ ਪੂਰਾ ਗੁਰੂ ਮਿਲ ਜਾਵੇ ਤੇ ਹਉਮੈ ਦੀ ਕੰਧ ਤੋੜ



Sri Satguru Jagjit Singh Ji eLibrary NamdhariElibrary@gmail.com

ਦੇਵੇ ਫੇਰ ਰੱਬ ਦੂਰ ਨਹੀਂ ਹੈ, ਇਸ ਤਰ੍ਹਾਂ ਫੁਰਮਾਉਂਦੇ ਹਨ।

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਪੜਦਾ ਹਉਮੈ ਵਾਲਾ ਪੈ ਗਿਆ -2, 2.*
*ਮੇਰੇ ਪਿਆਰੇ ਪੜਦਾ ਹਉਮੈ ਵਾਲਾ ਪੈ ਗਿਆ-2, 2*
*ਤੇਰੇ ਅੰਦਰ ਹਰੀ ਦਾ ਵਾਸਾ,...... -2.*

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥ ਪੰਨਾ - 1263*

ਰਹਿੰਦੇ ਦੋਨੋ ਇਕੱਠੇ ਨੇ ਪਰ ਵਿਚ ਹਉਮੈਂ ਦੀ ਕੰਧ ਬਣ ਗਈ ਜੋ ਕਿ ਟੁਟਣ ਵਿਚ ਨਹੀਂ ਆਉਂਦੀ।

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਪੰਨਾ - 625*

ਕਹਿੰਦੇ ਹਉਮੈ ਦੀ ਕੰਧ ਪਈ ਹੋਈ ਹੈ। ਜੋ ਤੂੰ ਸੰਤਾਂ ਤੋਂ ਸੁਣ ਲਿਆ ਕਿ ਵਾਹਿਗੁਰੂ ਦਾ ਦੇਸ ਬਹੁਤ ਨੇੜੇ ਹੈ, ਇਸ ਹਉਮੈ ਦੀ ਕੰਧ ਨੇ ਦੂਰ ਕੀਤਾ ਹੋਇਆ ਹੈ।

*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*
*ਪੰਨਾ - 625*

ਜਿਸ ਤਰ੍ਹਾਂ ਭੰਬੀਰੀ ਦਾ ਬਿਲਕੁਲ ਬਰੀਕ ਜਿਹਾ ਪਰਦਾ ਪਿਆ ਹੋਇਆ ਹੈ ਪਲਾਸਟਿਕ ਵਰਗਾ, ਬਸ ਐਨਾ ਬਰੀਕ ਹੀ ਹਉਮੈ ਦਾ ਪੜਦਾ ਪਿਆ ਹੋਇਆ ਹੈ ਤੇ ਬਿਨਾਂ ਦੇਖੇ ਬਹੁਤ ਜਿਆਦਾ ਦੂਰ ਲਗ ਰਿਹਾ ਹੈ।

*ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ॥*
*ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ॥*
*ਪੰਨਾ - 624*

ਫਿਰ ਕੀ ਹੋਇਆ? ਜਦੋਂ ਹਉਮੈ ਦੀ ਕੰਧ ਟੁਟ ਗਈ, ਫਿਰ ਉਸ ਦਇਆਲ ਵਾਹਿਗੁਰੂ ਦੀ ਪ੍ਰਾਪਤੀ ਹੋ ਗਈ।

ਜਦੋਂ ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਨੇ ਭਰ ਜਵਾਨੀ ਦੇ ਅੰਦਰ ਪਉਂਟੇ ਸਾਹਿਬ ਜਾ ਕੇ ਨਿਵਾਸ ਕੀਤਾ। ਦੂਰ ਦੂਰ ਤਕ ਆਪਦੀ ਕੀਰਤੀ ਫੈਲੀ, ਭਾਵੇਂ ਸ਼ਸਤਰਧਾਰੀ ਹਨ ਅਤੇ ਗ੍ਰਿਹਸਤੀ ਹਨ। ਰਾਜ ਭਾਗ ਦੇ ਮਾਲਕ ਹਨ ਪਰ ਪੂਰਨ ਹਨ। ਕੀਰਤੀ ਬੜੇ ਬੜੇ ਪੀਰਾਂ ਤਕ ਪਹੁੰਚ ਗਈ ਕਿ ਗੁਰੂ ਨਾਨਕ ਦੀ ਗੱਦੀ ਵਿਚ ਭੋਰਾ ਵੀ ਫਰਕ ਨਹੀਂ ਪਿਆ, ਚਾਹੇ ਨਵਿਰਤੀ ਵਿਚ ਰਹਿਣ, ਚਾਹੇ ਪ੍ਰਵਿਰਤੀ ਵਿਚ ਰਹਿਣ। ਇਹ ਗਲ ਸਢੌਰੇ ਵਾਲੇ ਪੀਰ ਬੁਧੂਸ਼ਾਹ ਨੇ ਸੁਣੀ। ਜਦੋਂ ਵੀ ਕੋਈ ਮੁਸਲਮਾਨ ਆਵੇ ਜਾਂ ਉਸਦਾ ਚੇਲਾ ਆਵੇ ਤੇ ਪੁਛਿਆ ਕਰੇ, ਦੱਸ ਕੀ ਹਾਲ ਹੈ ਗੁਰੂ ਗੋਬਿੰਦ ਸਿੰਘ ਦਾ? ਕਹਿੰਦੇ ਮਹਾਰਾਜ ਕੀ ਪੁਛਦੇ ਹੋ, ਦੇਖਾ ਹੀ ਪਰਵਾਨ ਹੈ, ਉਹਨਾਂ ਦੇ ਦਰਸ਼ਨ ਕਰਕੇ ਐਸੀ ਖਿਚ ਪੈਂਦੀ ਹੈ ਕਿ ਆਦਮੀ ਮੋਹਿਤ ਹੋ ਜਾਂਦਾ ਹੈ, ਉਠਣ ਜੋਗਾ ਨਹੀਂ ਰਹਿੰਦਾ, ਬਸ ਉਹਨਾਂ ਦਾ ਹੀ ਬਣ ਜਾਂਦਾ ਹੈ। ਤਨ, ਮਨ, ਧਨ ਸਭ ਦੇ ਦਿੰਦਾ ਹੈ। ਪਤਾ ਨਹੀਂ ਕੀ ਜਾਦੂ ਹੈ, ਉਹਨਾਂ ਦੀ ਦ੍ਰਿਸ਼ਟੀ ਐਸੀ ਹੈ ਕਿ ਜਿਸ ਤਰ੍ਹਾਂ ਚਮਕ ਪੱਥਰ ਨਾਲ ਜੋੜ ਲੈਂਦਾ ਹੈ, ਇਸ ਤਰ੍ਹਾਂ ਜੋੜ ਲੈਂਦੀ ਹੈ। ਕੇਵਲ ਜੋੜਦੇ ਹੀ ਨਹੀਂ ਹਨ, ਮਾਇਆ ਤੇ ਹਉਮੈ ਦਾ ਜੋ ਪਰਦਾ ਪਿਆ ਹੁੰਦਾ ਹੈ, ਉਸ ਨੂੰ ਹਟਾ ਦਿੰਦੇ ਹਨ। ਪੀਰ ਬੁਧੂ ਸ਼ਾਹ ਨੇ ਸੋਚਿਆ ਮੈਂ ਵੀ ਕਿਤਨਾ ਵੱਡਾ ਪੀਰ ਹਾਂ। ਹਜ਼ਾਰਾਂ ਦੀ ਗਿਣਤੀ ਵਿਚ ਚੇਲੇ ਹਨ। ਮੈਂ ਵੀ ਗੱਦੀ ਤੇ ਬੈਠ ਕੇ ਉਪਦੇਸ਼ ਕਰਦਾ ਹਾਂ। ਸੋਚਿਆ, ਮਨਾ! ਕੀ ਤੂੰ ਕਦੀ ਸੱਚ ਦੇ ਨਾਲ ਗੱਲ ਤੋਲੀ ਹੈ, ਤੈਨੂੰ ਤੇ ਅਜੇ ਆਤਮਾ ਸਾਕਾਰ (realization) ਹੋਇਆ ਹੀ ਨਹੀਂ, ਧਰਮ ਦੇ ਅੰਦਰ ਹੀ ਟੁਰਿਆ ਫਿਰਦੈਂ, ਅਜੇ ਤਾਂ ਤੈਨੂੰ ਪਤਾ ਹੀ ਨਹੀਂ ਲੱਗਾ ਕਿ ਕਿਹੜਾ ਹੈ ਕਿਉਂਕਿ ਅਜੇ ਮਨ ਦੇ ਅੰਦਰ ਸੰਸਾ ਪਿਆ ਹੋਇਆ ਹੈ। ਜਿੰਨਾ ਚਿਰ ਆਦਮੀ ਦੇ ਮਨ ਵਿਚ ਸੰਸਾ ਪਿਆ ਹੋਵੇ, ਉਹ ਸੁਖੀ ਨਹੀਂ ਹੋ ਸਕਦਾ। ਸੰਸੇ ਵਾਲਾ ਪ੍ਰੇਮੀ ਤੇ ਅਗਿਆਨ ਵਾਲਾ ਪ੍ਰੇਮੀ ਕਦੀ ਵੀ ਸੁਖੀ ਨਹੀਂ ਹੋ ਸਕਦੇ। ਤੀਸਰਾ ਜੋ ਸ਼ਰਧਾਹੀਨ ਪੁਰਸ਼ ਹੋਵੇ। ਇਹਨਾਂ ਤਿੰਨਾਂ ਨੂੰ ਦੁਖ ਸਦਾ ਹੀ ਚਿੰਬੜਿਆ ਰਹਿੰਦਾ ਹੈ। ਸੋ ਇਹ ਤਿੰਨੇ - ਅਸ਼ਰਦਕ, ਅਗਿਆਨੀ ਤੇ ਸੰਸੇ ਵਾਲਾ, ਇਹ ਸਦਾ ਸੋਚਦੇ ਹੀ ਰਹਿੰਦੇ ਹਨ ਕਿ ਗਲ ਠੀਕ ਵੀ ਹੈ ਜਾਂ ਨਹੀਂ। ਬੁਧੂ ਸ਼ਾਹ ਦੇ ਮਨ ਵਿਚ ਸੰਸਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਅਜੇ ਕੇਵਲ ਵੀਹ ਬਾਈ ਸਾਲ ਦੇ ਹਨ ਅਤੇ ਸ਼ਸਤਰਧਾਰੀ ਹਨ। ਸਾਰੇ ਸ਼ਸਤਰ ਧਾਰਨ ਕਰਦੇ ਹਨ, ਫਿਰ ਬਾਲ ਬੱਚੇ ਹਨ, ਫਿਰ ਕਿਰਿਆ ਰਾਜਿਆਂ ਵਰਗੀ ਤੇ ਸੂਰਮਿਆਂ ਵਰਗੀ ਹੈ। ਕੀ ਉਹਨਾਂ ਨੂੰ ਗਿਆਨ ਹੋਵੇਗਾ? ਸੰਸਾ ਪਿਆ ਰਿਹਾ, ਸੰਸਾ ਟੁਰਨ ਨਹੀਂ ਦਿੰਦਾ। ਅੱਜ ਹਿੰਮਤ ਕੀਤੀ, ਬਾਰ ਬਾਰ ਪ੍ਰਸੰਸਾ ਸੁਨਣ ਨਾਲ ਸ਼ਰਧਾ ਜਾਗ ਪਈ ਤੇ ਸਮਾਂ ਚੰਗਾ ਆ ਗਿਆ। ਮਨ ਨਾਲ ਫੈਸਲਾ ਕੀਤਾ, ਆਪਣੇ ਮੁਰੀਦਾਂ ਨਾਲ ਸਲਾਹ ਕੀਤੀ ਕਿ ਏਥੇ ਗੁਰੂ ਗੋਬਿੰਦ ਸਿੰਘ ਪੂਰੇ ਮਰਦ ਆਏ ਹੋਏ ਹਨ। 'ਮਰਦੇ ਕਾਮਲ' ਆਇਆ ਹੋਇਆ ਹੈ, ਪਰਮ ਮਨੁੱਖ ਹੈ ਅਤੇ ਉਸਨੂੰ ਪਰਮੇਸ਼ਰ ਦਾ ਸਰੂਪ ਕਹਿੰਦੇ ਹਨ। ਆਪਾਂ ਵੀ ਚਲੀਏ, ਚਲਕੇ ਇਕ ਦੂਜੇ ਨੂੰ ਤੋਲੀਏ ਤਾਂ ਸਹੀ। ਪੀਰ ਬੁਧੂ ਸ਼ਾਹ ਘਰੋਂ ਚਲ ਪਿਆ, ਜਿਉਂ ਜਿਉਂ ਗੁਰੂ ਸਾਹਿਬ ਵੱਲ ਤੁਰਿਆ ਆਉਂਦਾ ਹੈ, ਤਿਉਂ ਤਿਉਂ ਹਿਰਦੇ ਵਿਚ ਕੁਝ ਹੁੰਦਾ ਜਾਂਦਾ ਹੈ, ਕੁਝ ਪਿਆਰ ਵਧਦਾ ਜਾਂਦਾ ਹੈ। ਕੁਝ ਅਪਣੱਤ ਵਧਦੀ ਜਾਂਦੀ ਹੈ ਕਿਉਂਕਿ ਸਤਪੁਰਖਾਂ ਦਾ ਪ੍ਰਭਾਵ ਹੁੰਦਾ ਹੈ। ਪ੍ਰਭਾਵ ਇਤਨਾ ਜਿਆਦਾ ਹੁੰਦਾ ਹੈ ਕਿ ਜੰਗਲੀ ਜਾਨਵਰਾਂ ਦਾ ਤਮੋਗੁਣੀ ਸੁਭਾਅ ਹਟਾ ਕੇ ਸਤੋ ਗੁਣੀ ਸੁਭਾਅ ਬਣਾ ਦਿੰਦੇ ਹਨ। ਉਹ ਦ੍ਰਿਸ਼ਟੀ ਹੀ ਐਸੀ ਹੁੰਦੀ ਹੈ, ਦਰਸ਼ਨ ਹੀ ਹੋਇਆ ਕਰਦੇ ਹਨ।

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਪੰਨਾ - 520*

ਉਹਨਾਂ ਦੇ ਦਰਸ਼ਨ ਕਰਦੇ ਸਾਰ ਹੀ ਪਰਮੇਸ਼ਰ ਚਿਤ ਆ ਜਾਂਦਾ ਹੈ, ਜਿਉਂ ਜਿਉਂ ਬੁਧੂ ਸ਼ਾਹ ਨੇੜੇ ਜਾਂਦਾ ਹੈ, ਤਿਉਂ ਤਿਉਂ ਉਹਦੇ ਮਨ ਵਿਚ ਖਿਆਲ ਆਈ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪੂਰਨ ਹੀ ਹੋਣੇ ਹਨ, ਜਿਹੜਾ ਐਨਾ ਸੰਸਾਰ ਕਹਿੰਦਾ ਹੈ, ਚਲੋ ਆਪਾਂ ਨੂੰ ਕੀ, ਆਪਾਂ ਤੇ ਸ਼ਰਧਾ ਬਨਾਉਣੀ ਹੈ। ਸ਼ਰਧਾ ਬਣਾ ਲਈ ਤੇ ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਹੋਣ ਲਗ ਪਏ। ਮਹਾਰਾਜ ਤਖਤ ਤੇ ਬਿਰਾਜਮਾਨ ਹਨ ਤੇ ਸੰਗਤ ਕੋਲ ਬੈਠੀ ਹੈ। ਕਲਗੀ ਝਿਲਮਿਲ ਝਿਲਮਿਲ ਕਰ ਰਹੀ ਹੈ। ਸਾਰੇ ਇਸ ਤਰ੍ਹਾਂ ਬੈਠੇ ਹਨ ਜਿਸ ਤਰ੍ਹਾਂ ਹਜ਼ਾਰਾਂ ਚਕੋਰਾਂ ਚੰਦਰਮਾਂ ਵਲ ਮੁਖ ਕਰੀ ਬੈਠੀਆਂ ਹੋਣ, ਮਤੇ ਚੰਦਰਮਾਂ ਘੁੰਮ


Sri Satguru Jagjit Singh Ji eLibrary NamdhariElibrary@gmail.com

ਜਾਵੇ। ਇਕ ਸਕਿੰਟ ਵਾਸਤੇ ਵੀ ਅੱਖ ਨਹੀਂ ਝਮਕਦੇ, ਜਿਧਰ ਨੂੰ ਜਾਂਦੇ ਹਨ, ਸਾਰੇ ਗਰਦਨ ਮੋੜ ਲੈਂਦੇ ਹਨ। ਬੁਧੂ ਸ਼ਾਹ ਹੈਰਾਨ ਹੋ ਗਿਆ ਕਿ ਐਨਾ ਟਿਕਾਓ, ਐਨੀ ਸ਼ਾਂਤੀ ਇਤਨੇ ਜਗਿਆਸੂ ਹਨ? ਮਨ ਵਿਚ ਕਹਿਣ ਲੱਗਾ, ਮਨਾ! ਪੂਰਾ ਮਿਲ ਗਿਆ। ਜਲਦੀ ਜਲਦੀ ਜਾ ਕੇ ਚਰਨ ਫੜ ਲਵਾਂ ਤੇ ਦਸ ਦਿਆਂ ਕਿ ਮੈਂ ਅਧੂਰਾ ਹਾਂ, ਮੈਂ ਅਜੇ ਪੂਰਾ ਨਹੀਂ ਹੋਇਆ, ਪਰ ਜਦੋਂ ਦੋ ਤਿੰਨ ਕਦਮ ਦੂਰ ਰਹਿ ਗਿਆ, ਉਸ ਵੇਲੇ ਹਉਮੈ ਨੇ ਚਕਰ ਮਾਰ ਲਿਆ। ਸੋਚਣ ਲੱਗਾ ਕਿ ਮੇਰੇ ਚੇਲੇ ਕੀ ਕਹਿਣਗੇ, ਬੜਾ ਮਾੜਾ ਕੰਮ ਹੋ ਗਿਆ, ਇਹ ਸਾਰੇ ਅਸ਼ਰਧਕ ਹੋ ਜਾਣਗੇ। ਮੈਂ ਹੁਣ ਕੀ ਕਰਾਂ? ਜਦੋਂ ਗੁਰੂ ਜੀ ਕੋਲ ਪਹੁੰਚਿਆ, ਅਗੇ ਜਾ ਕੇ ਆਪਣਾ ਹੱਥ ਅੱਗੇ ਵਧਾ ਦਿੱਤਾ। ਨਮਸ਼ਕਾਰ ਨਹੀਂ ਕਰੀ, ਕੋਲ ਆ ਕੇ ਹਉਮੈ ਦਾ ਚੱਕਰ ਆ ਗਿਆ। ਗੁਰੂ ਮਹਾਰਾਜ ਨੇ ਵੀ ਪੋਲਾ ਜਿਹਾ ਹੱਥ ਕਢ ਕੇ ਉਸ ਨਾਲ ਦਸਤਪੰਜਾ ਲੈ ਲਿਆ। ਕਹਿੰਦੇ ਆਉ ਪੀਰ ਜੀ ਬੈਠੋ। ਪੀਰ ਬੁੱਧੂ ਸ਼ਾਹ ਬੈਠਾ ਨਾ, ਸਗੋਂ ਸਾਹਮਣੇ ਹੀ ਖੜ੍ਹਾ ਹੋ ਗਿਆ। ਮਹਾਰਾਜ ਨੇ ਪੁਛਿਆ, ਕਿਸ ਤਰ੍ਹਾਂ ਖੜ੍ਹੇ ਹੋ? ਪੀਰ ਨੇ ਪੁਛਿਆ, ਖੁਦਾ ਔਰ ਰੂਹ ਕਾ ਮੇਲ ਕੈਸੇ? ਜੀਵ ਔਰ ਖੁਦਾ ਕਾ ਮੇਲ ਕੈਸੇ? ਮਹਾਰਾਜ ਨੇ ਕਿਹਾ, ਰਾਤ ਔਰ ਦਿਨ ਕਾ ਜੈਸੇ। ਕਹਿੰਦਾ, ਹੈਂ! ਰਾਤ ਔਰ ਦਿਨ? ਪੀਰ ਕਹਿੰਦਾ ਹੈ, ਰਾਤ ਤੇ ਦਿਨ? ਮਹਾਰਾਜ ਕਹਿੰਦੇ, ਹਾਂ ਰਾਤ ਤੇ ਦਿਨ। ਅਗੋਂ ਚੁਪ ਕਰ ਗਿਆ ਕਿ ਕਦੀ ਰਾਤ ਦਾ ਦਿਨ ਨਾਲ ਮੇਲ ਹੋਇਆ ਹੈ? ਜਦੋਂ ਦਿਨ ਚੜ੍ਹ ਜਾਂਦਾ ਹੈ, ਰਾਤ ਰਹਿਣੀ ਹੀ ਨਹੀਂ। ਕਹਿਣ ਲੱਗਾ, ਕਿਸ ਤਰ੍ਹਾਂ ਮਹਾਰਾਜ, ਮੈਂ ਸਮਝਿਆ ਨਹੀਂ। ਮਹਾਰਾਜ ਕਹਿੰਦੇ ਜਿਵੇਂ ਸਮਝਿਆ, ਉਸੇ ਤਰ੍ਹਾਂ ਹੀ ਹੈ। ਚੁਪ ਕਰ ਗਿਆ, ਪੀਰ। ਸੋਚਿਆ, ਜੇ ਮੈਂ ਫੇਰ ਪੁਛਾਂ ਕਿ ਮੇਰੇ ਸਮਝ ਨਹੀਂ ਆਈ ਤਾਂ ਮੇਰੀ ਬੜੀ ਬੇਜ਼ਤੀ ਹੋਵੇਗੀ। ਜਿਹੜੇ ਮੇਰੇ ਚੇਲੇ ਹਨ, ਉਹ ਕੀ ਕਹਿਣਗੇ? ਪੀਰ ਕਹਿਣ ਲੱਗਾ, ਮਹਾਰਾਜ! ਮੇਰਾ ਜੋ ਬੇਨਤੀ ਕਰਨ ਦਾ ਮਤਲਬ ਹੈ ਉਹ ਆਪ ਜਾਣਦੇ ਇਸੇ ਹੋ। ਉਸ ਦੀ ਭਾਵਨਾ ਇਹ ਸੀ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥***

***ਪੰਨਾ – 550***

ਕਹਿਣ ਲੱਗੇ, ਦੋ ਪੰਖੇਰੂ ਹਨ – ਇਕ ਨੂੰ ਜੀਵ ਅਤੇ ਦੂਜੀ ਨੂੰ ਆਤਮਾ ਕਹਿੰਦੇ ਹਨ ਤੇ ਫਲ ਇਕ ਹੈ। ਮੈਨੂੰ ਸਮਝ ਨਹੀਂ ਆਉਂਦੀ। ਜੋ ਜੀਵ ਆਤਮਾ ਹੈ ਉਹ ਦੁਖ ਸੁਖ ਭੋਗਦਾ ਹੈ। ਉਹ 'ਅਹੰ' ਕਹਿੰਦਾ ਹੈ 'ਅਹੰ' ਕਹਿ ਕੇ ਸਾਰੇ ਕੰਮ ਕਰਦਾ ਹੈ, ਸਾਰੇ ਕਰਮ ਭੋਗਦਾ ਹੈ, ਦੁਖੀ ਹੁੰਦਾ ਹੈ, ਸੁਖੀ ਹੁੰਦਾ ਹ॥ ਦੂਜੀ ਆਤਮਾ ਉਹ ਹੈ ਇਸ ਵਿਚ, ਜੋ ਕਹਿੰਦੀ ਹੈ, ਮੈਂ ਅਸੰਗ ਹਾਂ, ਮੈਂ ਨਿਰਵਿਕਾਰ ਹਾਂ, ਮੈਂ ਸਾਖੀ ਸਰੂਪ ਹਾਂ ਅਤੇ ਮੈਂ ਕੋਈ ਕਰਮ ਨਹੀਂ ਕਰਦੀ। ਉਹ ਆਪਣੇ ਗਿਆਨ, ਸੱਤ ਚਿਤ ਅਨੰਦ ਵਿਚ ਲੀਨ ਹੈ, ਇਹਨਾਂ ਵਿਚੋਂ 'ਮੈਂ' ਕਿਹੜਾ ਹਾਂ, ਮਹਾਰਾਜ! ਉਹ ਪਤਾ ਨਹੀਂ ਲਗਦਾ।" ਮਹਾਰਾਜ ਨੇ ਕਿਹਾ, ਜਿਹੜਾ ਤੂੰ ਸਮਝਦਾ ਹੈ ਉਹੀ ਹੈਂ ਤੂੰ। ਫੇਰ ਪੀਰ ਬੁਧੂ ਸ਼ਾਹ ਚੁਪ ਕਰ ਗਿਆ। ਸਾਫ ਗੱਲ ਕਹਿੰਦਾ ਨਹੀਂ ਹੈ, ਨਾ ਗੱਲ ਖੋਲ੍ਹ ਕੇ ਪੁਛਦਾ ਹੈ। ਫੇਰ ਮਹਾਰਾਜ ਨੂੰ ਬੇਨਤੀ ਕਰਕੇ ਕਹਿੰਦਾ ਹੈ ਕਿ ਮਹਾਰਾਜ ਮੈਨੂੰ ਸਮਝ ਨਹੀਂ ਆਈ। ਹੁਣ ਮੈਂ ਸੱਚੀ ਗੱਲ ਕਹਿ ਦਿੰਦਾ ਹਾਂ। ਮਹਾਰਾਜ ਨੇ ਫੁਰਮਾਇਆ, ਪੀਰ ਜੀ! ਗੱਲ ਤਾਂ ਐਨੀ ਹੀ ਹੈ ਕਿ ਬੁਧੀ ਦੇ ਦਰਖਤ ਤੇ ਦੋ ਪੰਛੀ ਬੈਠੇ ਹਨ, ਫਲ ਇਕੋ ਹੀ ਹੈ, ਇਕ ਤਾਂ 'ਅਹੰ' ਕਹਿੰਦਾ ਹੈ ਜੀਵ ਆਤਮਾ, ਮੈਂ ਸਭ ਕੁਝ ਕਰਦਾ ਹਾਂ, ਮੇਰੀ ਜ਼ਮੀਨ, ਮੇਰੀ ਜਾਇਦਾਦ, ਹੰਗਤਾ ਤੇ ਮਮਤਾ ਧਾਰਦਾ ਹੈ। ਉਹ ਤਾਂ ਹੈ ਪੰਛੀ ਦਾ ਪਰਛਾਵਾਂ। ਅਸਲੀ ਪੰਛੀ ਉਹ ਹੈ, ਜੋ ਅਸੰਗ ਹੈ, ਜਿਹੜਾ ਬਿਲਕੁਲ ਨਿਰਲੇਪ ਹੈ। ਕੇਵਲ ਸੱਤਾ ਮਾਤਰ ਸਰੀਰ ਨੂੰ ਚਲਾਉਂਦਾ ਹੈ। ਪੀਰ ਕਹਿਣ ਲੱਗਾ, ਮਹਾਰਾਜ! ਫੇਰ ਜੀਵ ਤੇ ਖੁਦਾ ਦਾ ਮੇਲ ਕੈਸੇ?" ਮਹਾਰਾਜ ਨੇ ਫੁਰਮਾਇਆ ਕਿ ਜਦੋਂ ਜੀਵ ਮਰ ਜਾਂਦਾ ਹੈ, ਉਸ ਵੇਲੇ ਖੁਦਾ ਦੇ ਨਾਲ ਮੇਲ ਹੋ ਜਾਂਦਾ ਹੈ। ਜਿੰਨਾ ਚਿਰ ਜੀਵ ਹੰਗਤਾ ਧਾਰਦਾ ਹੈ, ਮੈਂ ਬਣਿਆ ਰਹਿੰਦਾ ਹੈ, ਓਨੀ ਦੇਰ ਤਕ ਨਹੀਂ ਬਣ ਸਕਦਾ। ਉਸਨੇ ਕੂੜੀ ਹਉਮੈ ਧਾਰੀ ਹੋਈ ਹੈ। ਕਹਿਣ ਲੱਗਾ, ਮਹਾਰਾਜ! ਮੈਂ ਤਾਂ ਬਹੁਤ ਚਿਲੇ ਕੱਟੇ, ਬਹੁਤ ਫਾਕੇ ਕੱਟੇ, ਬੜੇ ਵਰਤ ਕੀਤੇ, ਮੱਕੇ ਵੀ ਗਿਆ, ਕਈ ਵਾਰੀ ਕਾਹਬੇ ਗਿਆ, ਹੋਰ ਵੀ ਪਰਮੇਸ਼ਰ ਦੇ ਮਿਲਾਪ ਵਾਸਤੇ ਬੜੀਆਂ ਬੜੀਆਂ ਸਾਧਨਾਂ ਕੀਤੀਆਂ ਹਨ। ਮਹਾਰਾਜ ਨੇ ਫੁਰਮਾਇਆ ਕਿ ਤੂੰ ਤਾਂ ਹੋਰ ਵੀ ਹਉਮੈ ਦੇ ਸੰਗਲ ਬੰਨ੍ਹ ਲਏ, ਉਹ ਜਿਹੜੀ ਕੂੜੀ ਹਉਮੈ ਸੀ, ਉਹ ਹੋਰ ਭਾਰੀ ਹੋ ਗਈ ਗੁਰਮੁਖਾ, ਉਸ ਕੂੜੀ ਹਉਮੈ ਨੇ, ਜਿਹੜਾ ਤੇਰਾ ਜੀਵ ਭਾਵ ਹੈ, ਉਸਨੂੰ ਢੱਕ ਲਿਆ ਤੇ ਕੰਧ ਬਣ ਗਈ।

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***

***ਪੰਨਾ – 1***

ਅਖੀਰ ਬੇਨਤੀ ਕਰਨ ਲੱਗ ਪਿਆ, ਮਹਾਰਾਜ! ਕ੍ਰਿਪਾ ਕਰਕੇ ਮੈਨੂੰ ਦਸੋ ਕਿ ਹੁਣ ਤੱਕ ਮੈਨੂੰ ਪਰਮੇਸ਼ਰ ਦੇ ਦਰਸ਼ਨ ਕਿਉਂ ਨਹੀਂ ਹੋਏ? ਮਹਾਰਾਜ ਨੇ ਕਿਹਾ, ਜਿੰਨੀ ਤੂੰ ਸਾਧਨਾ ਕੀਤੀਆਂ, ਚਿਲੇ ਕੱਟੇ, ਇਹ ਸਾਰੀਆਂ ਹੀ ਕੂੜੀ ਹਉਮੈ ਸੀ, ਕੂੜੀ ਹਉਮੈ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਬੱਦਲ ਸੂਰਜ ਨੂੰ ਢੱਕ ਲੈਂਦੇ ਹਨ। ਇਸੇ ਤਰ੍ਹਾਂ ਤੇਰੀ ਕੂੜੀ ਹਉਮੈ ਨੇ ਅਕਾਲ ਪੁਰਖ ਦੇ ਪ੍ਰਕਾਸ਼ ਨੂੰ ਤੇਰੇ ਅੰਦਰ ਹੀ ਢਕਿਆ ਹੋਇਆ ਹੈ, ਜੋ ਟੁਟਦੀ ਨਹੀਂ। ਜਿਹੜਾ ਕਹਿੰਦਾ ਹੈਂ ਕਿ ਮੈਂ ਪੀਰ ਹਾਂ, ਤੂੰ ਤਾਂ ਝੂਠ ਦਾ ਚੋਲਾ ਪਾ ਕੇ ਸਾਡੇ ਕੋਲ ਆਇਆ ਹੈਂ। ਗੁਰਮੁਖਾ, ਜਿੰਨੀ ਦੇਰ ਤੱਕ ਤੂੰ ਝੂਠ ਦਾ ਚੋਲਾ ਨਹੀਂ ਲਾਹੁੰਦਾ, ਓਨੀ ਦੇਰ ਤੱਕ 'ਹਉਮੈ' ਟੁਟਣੀ ਨਹੀਂ। ਇਹ ਕਿਸੇ ਤਰੀਕੇ ਨਾਲ ਨਹੀਂ ਟੁਟਦੀ। ਜੇ ਕਹੇ ਮੈਂ ਆਤਮਾ ਹਾਂ, ਇਹਦਾ ਅਭਿਆਸ ਕਰਨ ਲੱਗ ਜਾਓ 'ਮੈ ਆਤਮਾ ਹਾਂ, ਮੈਂ ਆਤਮਾ ਹਾਂ', ਮਹਾਰਾਜ ਕਹਿੰਦੇ ਇਸ ਦਾ ਅਭਿਆਸ ਨਹੀਂ ਹੋਣਾ।

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥***

***ਪੰਨਾ – 1***

ਤੇਰੇ ਅੰਦਰੋਂ ਜੀਵ ਭਾਵ ਨਹੀਂ ਜਾਣਾ, ਇਸ ਤਰ੍ਹਾਂ ਸੋਚਿਆਂ ਕੋਈ ਗੱਲ ਨਹੀਂ ਬਣਦੀ। ਜੇ ਕੋਈ ਪੂਰਾ ਮਿਲ ਜਾਵੇ ਤੇ ਵਿਧੀ ਦਸ ਦੇਵੇ, ਫੇਰ ਗੱਲ ਬਣਦੀ ਹੈ।

ਸੋ ਮਹਾਰਾਜ ਨੇ ਫੁਰਮਾਇਆ, "ਪੀਰ ਜੀ! ਜਿੰਨੇ ਤੁਹਾਡੇ ਕਰਮ ਹਨ ਸਭ ਹਉਮੈ ਦੇ ਕਰਮ ਹਨ। ਜੋ ਕਿਹਾ ਮੈਂ ਪੁੰਨ



Sri Satguru Jagjit Singh Ji eLibrary NamdhariElibrary@gmail.com

ਕਰਿਆ, ਸਾਰੀ ਕੂੜ ਦੀ ਕੰਧ ਉਸਾਰ ਲਈ। ਕੀ ਪਾ ਲਿਆ? ਕੀ ਕਰ ਲਿਆ? ਕੀ ਸੰਸਾਰ ਹੈ, ਕੀ ਮੰਡਪ ਹੈ, ਕੀ ਮਾੜੀਆਂ ਹਨ, ਜਿੰਨਾ ਵੀ ਸੋਨਾ, ਰੁਪਾ, ਕੀ ਰਾਜਾ ਤੇ ਕੀ ਪਰਜਾ ਹੈ, ਜਿੰਨਾ ਵੀ ਸੰਸਾਰ ਹੈ, ਜੋ ਮਲਕੀਅਤ ਹੈ, ਸਭ ਕੂੜ ਦੀਆਂ ਕੰਧਾਂ ਹਨ।" ਮਹਾਰਾਜ ਕਹਿੰਦੇ, ਭਾਈ ਤੈਨੂੰ ਕੂੜ ਦੀ ਕੰਧ ਨੇ, ਜੋ ਪਰਮੇਸ਼ਰ ਹਰ ਵੇਲੇ ਤੇਰੇ ਨਾਲ ਰਹਿੰਦਾ ਹੈ ਤੇ ਭੋਰਾ ਜਿੰਨਾ ਵੀ ਦੂਰ ਨਹੀਂ ਹੈ, ਉਹ ਤੈਨੂੰ ਭੁਲਾ ਛਡਿਆ ਹੈ -

*ਧਾਰਨਾ - ਤੈਨੂੰ ਵਿਸਰਿਆ ਕਰਤਾਰ,*
*ਮੇਰੀ ਜਿੰਦੜੀਏ -2, 2.*
*ਮੇਰੀ ਜਿੰਦੜੀਏ ਓ ਮੇਰੀ ਜਿੰਦੜੀਏ,*
*ਮੇਰੀ ਜਿੰਦੜੀਏ ਨੀ ਮੇਰੀ ਜਿੰਦੜੀਏ -2, 2.*
*ਤੈਨੂੰ ਵਿਸਰਿਆ ਕਰਤਾਰ,....... -2.*

ਮਹਾਰਾਜ ਕਹਿੰਦੇ, ਜਿੰਨੇ ਵੀ ਸੰਗਲ ਹਨ, ਕੂੜ ਦੇ ਹਨ।

***ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥***
***ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥***
***ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥***
***ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥***
***ਪੰਨਾ - 468***

ਮਹਾਰਾਜ ਨੇ ਸਾਰੇ ਗਿਣਕੇ ਦਸ ਦਿੱਤੇ। ਮਹਾਰਾਜ ਨੇ ਫੁਰਮਾਨ ਕੀਤਾ, ਬੁਧੂ ਸ਼ਾਹ! ਇਹ ਜਿੰਨੀਆਂ ਵੀ ਚੀਜ਼ਾਂ ਹਨ, ਪਰਮੇਸ਼ਰ ਨੂੰ ਭੁਲਾਉਣ ਵਾਲੀਆਂ ਹਨ।

***ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥***
***ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥***
***ਪੰਨਾ - 468***

ਸੋ ਕਰਤਾਰ ਨੂੰ ਭੁਲਾਉਣ ਵਾਲਾ ਜਿਵੇਂ ਬੱਦਲ ਸੂਰਜ ਨੂੰ ਢੱਕ ਦਿੰਦਾ ਹੈ, ਸੋ ਐਸ ਤਰ੍ਹਾਂ ਤੇਰੇ ਅੰਦਰ ਜੋ ਬ੍ਰਹਮ ਹੈ, ਪਰਮੇਸ਼ਰ ਹੈ, ਵਾਹਿਗੁਰੂ ਹੈ, ਜੋ ਨਾਲ ਹੀ ਰਹਿੰਦਾ ਹੈ, ਤੂੰ ਦੋ ਪੰਖੀਆਂ ਦੀ ਗੱਲ ਕੀਤੀ ਹੈ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਪੰਨਾ - 550***

ਇਕ ਜੀਵ ਆਤਮਾ ਹੈ, ਇਕ ਆਤਮਾ ਹੈ। ਇਕ ਜੀਵ ਆਤਮਾ ਪੰਖੀ ਹੈ ਇਕ ਆਤਮਾ ਹੈ, ਪਰ ਤੇਰੀ ਝੂਠੀ ਹਉਮੈ ਨੇ ਇਸਨੂੰ ਢੱਕ ਲਿਆ, ਅਸਲੀ ਇਹ ਹੈ, ਨਕਲੀ ਉਹ ਹੈ, ਇਹ ਉਸਦਾ ਪਰਛਾਵਾਂ ਹੈ, ਹੰਗਤਾ ਤੇ ਮਮਤਾ ਦਾ ਪਰਛਾਵਾਂ ਕਰਮ ਕਰਦਾ ਹੈ ਤੇ ਫਿਰ ਕਰਮ ਕਰਕੇ ਬੰਨ੍ਹਿਆ ਜਾਂਦਾ ਹੈ। ਸੋ ਏਸ ਕਰਕੇ ਜਿੰਨੀ ਦੇਰ ਕੂੜੀ ਹਉਮੈ ਨਹੀਂ ਟੁਟਦੀ, ਓਨੀ ਦੇਰ ਤਕ ਸੱਚ ਦੀ ਪਛਾਣ ਨਹੀਂ ਹੋਣੀ ਤੇ ਸਚ ਦੀ ਪਛਾਣ ਵਾਸਤੇ, ਸੋਚਣ ਨਾਲ ਸੱਚ ਦੀ ਪਛਾਣ ਨਹੀਂ ਹੁੰਦੀ, ਓਹਦੇ ਵਾਸਤੇ ਸਾਧਨਾ ਕਰਨੀ ਪੈਂਦੀ ਹੈ, ਉਸ ਦੀਆਂ ਰਹਿਤਾਂ ਹੋਇਆ ਕਰਦੀਆਂ ਹਨ।

ਸਭ ਤੋਂ ਪਹਿਲਾਂ ਸਚ ਨੂੰ ਪਛਾਨਣ ਵਾਸਤੇ 'ਸਚਿਆਰ' ਹੋਣ ਦੀ ਲੋੜ ਹੈ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਪੰਨਾ - 1***

ਰਜ਼ਾਅ ਤੇ ਹੁਕਮ ਵਿਚ ਚੱਲਣ ਨਾਲ -

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥***
***ਪੰਨਾ - 2***

ਹੁਕਮ ਦੀ ਪਛਾਣ ਕਰਨੀ ਜਰੂਰੀ ਹੈ ਕਿ ਹੁਕਮ ਕੀ ਹੈ? ਹੁਕਮ ਹੈ ਸਚ ਦਾ ਤੇ ਸੱਚ ਦਾ ਰੂਪ ਹੈ 'ਨਾਮ'। ਸੋ ਸਤ ਦੀ ਪਛਾਣ ਲਈ ਹੈ। ਧਿਆਨ ਨਾਲ ਸੁਣ ਭਾਈ! ਪਹਿਲਾਂ ਤਾਂ ਹਿਰਦੇ ਦੀ ਸਚਾਈ ਹੋਣੀ ਜ਼ਰੂਰੀ ਹੈ। ਪਹਿਲਾਂ ਤਾਂ ਤੂੰ ਕਹਿੰਦਾ ਆਉਂਦਾ ਸੀ ਕਿ ਮੈਂ ਚਰਨੀਂ ਪੈ ਜਾਵਾਂ, ਪਰ ਨੇੜੇ ਪਹੁੰਚ ਕੇ ਤੂੰ ਚੇਲਿਆਂ ਤੋਂ ਡਰ ਗਿਆ। ਖਿਆਲ ਆ ਗਿਆ ਕਿ ਮੈਂ ਪੀਰ ਹਾਂ, ਜੇ ਮੈਂ ਗੁਰੂ ਦੇ ਚਰਨੀਂ ਪਿਆ ਤੇ ਮੇਰੇ ਮੁਰੀਦ ਇਤਰਾਜ ਕਰਨਗੇ ਕਿ ਤੁਸੀਂ ਹਿੰਦੂ ਗੁਰੂ ਦੇ ਚਰਨੀ ਪਏ - ਮੋਮਨ ਹੋ ਕੇ, ਇਸ ਲਈ ਸਿਜਦਾ ਨਾ ਕੀਤਾ। ਸੋ ਅੰਦਰ ਸਚਿਆਈ ਨਾ ਰਹੀ। ਉਸ ਥਾਂ ਤੇ ਝੂਠ ਆ ਗਿਆ, ਹਿਰਦੇ ਦੀ ਸਚਿਆਈ ਚਾਹੀਦੀ ਹੈ। ਦੂਸਰਾ ਇਹ ਜਿਹੜਾ ਝੂਠ ਹੈ ਇਹ ਅੰਦਰ ਨਹੀਂ ਹੋਣਾ ਚਾਹੀਦਾ। ਤੀਜਾ ਸਚ ਨਾਲ ਪਿਆਰ ਚਾਹੀਦਾ ਹੈ। ਜਿੰਨਾਂ ਚਿਰ ਸੱਚ ਨਾਲ ਪਿਆਰ ਨਹੀਂ ਪੈਂਦਾ- ਵਾਹਿਗੁਰੂ ਦੇ ਨਾਲ, ਓਨਾ ਚਿਰ ਬਾਹਰ ਬਾਹਰ ਹੀ ਘੁੰਮਦਾ ਫਿਰਦਾ ਹੈ। ਜਦੋਂ ਪਿਆਰ ਪੈ ਜਾਵੇਗਾ, ਫੇਰ ਰਿਸ਼ਤਾ ਤਕੜਾ ਹੋ ਜਾਵੇਗਾ। ਫਿਰ ਮਨ ਦੇ ਅੰਦਰੋਂ ਸੰਸਾ ਦੂਰ ਹੋ ਜਾਵੇਗਾ। ਮਨ ਦੇ ਅੰਦਰ ਆਸਾ ਤੇ ਤ੍ਰਿਸ਼ਨਾ ਨਹੀਂ ਚਾਹੀਦੀਆਂ। ਉਹ ਦੋ ਦਰਵਾਜੇ ਨੇ ਵੱਡੇ -

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥ ਪੰਨਾ - 877***

ਦੋਨੋਂ ਦਰਵਾਜੇ ਬੰਦ ਕਰ ਦਿੱਤੇ ਦੋਸਤ ਨੇ ਆਸਾ ਤੇ ਅੰਦੇਸ਼ਾ ਦੇ। ਮਨ ਦੇ ਅੰਦਰ ਖੇੜਾ ਚਾਹੀਦਾ ਹੈ ਤੇ ਗਿਆਨ ਬੀਜਣਾ ਚਾਹੀਦਾ ਹੈ। ਸੱਚੀ ਸਿਖਿਆ ਦੀ ਪ੍ਰਾਪਤੀ ਚਾਹੀਦੀ ਹੈ ਤੇ ਸਰੀਰ ਨੂੰ ਸਾਧ ਕੇ, ਔਗੁਣਾਂ ਤੋਂ ਬਚਾ ਕੇ, ਇਹਦੇ ਅੰਦਰ ਨਾਮ ਬੀਜਣਾ ਚਾਹੀਦਾ ਹੈ। ਨਿੰਦਿਆ, ਚੁਗਲੀ, ਈਰਖਾ, ਬਖੀਲੀ, ਜਿੰਨੀਆਂ ਵੀ ਫਜ਼ੂਲ ਗੱਲਾਂ ਨੇ, ਇਹਨਾਂ ਨੂੰ ਵਾਹ ਵਾਹ ਕੇ ਕਢ ਦੇ ਭਾਈ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ - 305***

ਬ੍ਰਹਮ ਗਿਆਨ, ਜੋ ਆਪਜੀ ਦੇ ਅੰਦਰ ਆਤਮ ਗਿਆਨ ਹੈ, ਉਸਨੂੰ ਅੰਮ੍ਰਿਤ ਆਖਦੇ ਹਨ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ....................॥***
***ਪੰਨਾ - 644***

ਦੁਨੀਆਂ ਨੂੰ ਤਾਂ ਇਕੱਠੀ ਕਰ ਰਿਹਾ ਹੈ, ਜਿਹੜਾ ਅੰਦਰ ਅੰਮ੍ਰਿਤ ਦਾ ਸਰੋਵਰ ਹੈ, ਉਥੇ ਬਿਰਤੀ ਲਿਜਾਂਦਾ ਹੀ ਨਹੀਂ,


Sri Satguru Jagjit Singh Ji eLibrary NamdhariElibrary@gmail.com

ਉਰੇ ਹੀ ਰਹਿ ਜਾਂਦਾ ਹੈ। ਆਤਮ ਸਮੁੰਦਰ ਦੇ ਅੰਦਰ, ਜਿਹਨੂੰ ਆਤਮ ਤੀਰਥ ਆਖਦੇ ਹਨ, ਜਾ ਕੇ ਇਹਦੇ ਵਿਚ ਨਿਵਾਸ ਕਰਨਾ ਚਾਹੀਦਾ ਹੈ।

***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***

***ਪੰਨਾ – 305***

ਸੋ ਇਸ ਤਰ੍ਹਾਂ ਦੇ ਨਾਲ ਅਨੇਕਾਂ ਰਹਿਤਾਂ ਹਨ ਜਿਹਨਾਂ ਦੇ ਨਾਲ ਧਰਤੀ ਦੀ ਸਾਧਣੀ ਹੁੰਦੀ ਹੈ।

***ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ॥***

***ਪੰਨਾ – 468***

ਇਹ ਕਾਇਆ ਰੂਪੀ ਧਰਤੀ ਹੈ, ਇਸ ਨੂੰ ਸਾਧੋ, ਇਸ ਨੂੰ ਸੋਧ ਕੇ ਮਹਾਰਾਜ ਕਹਿੰਦੇ ਹਨ –

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥***
***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥***

***ਪੰਨਾ – 595***

ਨਾਮ ਦਾ ਬੀਜ ਪਾਉਣਾ ਹੈ ਤੇ ਰਖ ਇਸਦੀ ਕਿਹੜੀ ਹੈ? ਉਹ ਹੈ ਨਿਮਰਤਾ, ਬਾਹਰ ਜਿਹੜੀ ਹੈ ਤੇ ਇਸਦੇ ਉਪਰ ਸੰਤੋਖ ਦਾ ਸੁਹਾਗਾ ਦੇਣਾ ਹੈ।

***ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥***

***ਪੰਨਾ – 595***

ਨੌਂ ਕਿਸਮ ਦੀ ਭਗਤੀ ਕਰਨ ਦੇ ਬਾਅਦ ਇਹ ਭਾਗਠ ਜੰਮ ਪਵੇਗੀ। ਜਿਸ ਕਾਇਆ ਵਿਚ ਨਾਮ ਦੀ ਫਸਲ ਜੰਮ ਪਈ, ਉਹ ਸਰੀਰ ਭਾਗਾਂ ਵਾਲਾ ਹੈ। ਭਾਗਾਂ ਵਾਲਾ ਇਸ ਤਰ੍ਹਾਂ ਹੈ ਕਿ ਆਪ ਵੀ ਤਰ ਜਾਂਦਾ ਹੈ ਤੇ ਨਾਲ ਸਾਰਿਆਂ ਨੂੰ ਤਾਰ ਕੇ ਲੈ ਜਾਂਦਾ ਹੈ। ਕਿਸੇ ਨੂੰ ਡੁਬਣ ਨਹੀਂ ਦਿੰਦਾ।

***ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ॥***

***ਪੰਨਾ – 468***

ਫਿਰ ਕਰਤਾ ਨੂੰ ਮਾਨ ਮਿਲਦਾ ਹੈ। ਸਚੀ ਸਿਖਿਆ ਤਾਂ ਕੇਵਲ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਝੂਠੀ ਵਿਦਿਆ ਦੁਨੀਆਂ ਤੋਂ ਮਿਲਦੀ ਹੈ। ਸਚੀ ਵਿਦਿਆ ਹੈ ਕਿ ਤੂੰ ਜੀਵ ਨਹੀਂ ਹੈਂ।

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***

***ਪੰਨਾ – 441***

ਹਰ ਵਕਤ ਗੁਰੂ ਸਾਹਿਬ ਕਹੀ ਜਾਂਦੇ ਹਨ, ਅਸੀਂ ਪੜ੍ਹ ਪੜ੍ਹ ਕੇ ਹਟ ਜਾਂਦੇ ਹਾਂ, ਅਸੀਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਕਿ ਅਸੀਂ ਜੋਤ ਸਰੂਪ ਹਾਂ, ਆਤਮ ਸਰੂਪ ਹਾਂ। ਭਾਈ ਤੂੰ ਗੁਰੂ ਦੀ ਸੱਚੀ ਸਿਖਿਆ ਲੈ, ਫੇਰ ਤੂੰ ਆਪਣੇ ਜੀਵ ਤੇ ਦਇਆ ਕਰ, ਸੰਸਾਰ ਤੇ ਦਇਆ ਕਰ, ਏਸ ਤਰ੍ਹਾਂ ਦੇ ਨਾਲ ਜਦ ਤੂੰ ਕਰੇਂਗਾ, ਉਸ ਵੇਲੇ ਤੈਨੂੰ ਕਰਮ ਕਰਨੇ ਪੈਣਗੇ, ਪਹਿਲਾਂ ਮਹਾਂਪੁਰਸ਼ਾਂ ਕੋਲੋਂ ਸਰਵਣ ਕਰੇਂਗਾ, ਫੇਰ ਤੂੰ ਉਸ ਨੂੰ ਮੰਨੇਂਗਾ, ਫੇਰ ਇਹਦਾ ਨਿਧਿਆਸਨ ਕਰੇਂਗਾ, ਫੇਰ ਤੂੰ ਆਪਣੇ ਸਰੂਪ ਦਾ ਅਭਿਆਸ ਕਰੇਂਗਾ। ਸੋ ਸਤਿਗੁਰ ਦਾ ਉਪਦੇਸ਼ ਸੁਨਣ ਤੋਂ ਬਾਅਦ ਫੇਰ ਕੀ ਹੋਏਗਾ? ਆਤਮ ਤੀਰਥ ਦਾ ਨਿਵਾਸ ਮਿਲ ਜਾਏਗਾ –

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***

***ਪੰਨਾ – 468***

ਬੁੱਧੂ ਸ਼ਾਹ ਜਦੋਂ ਤੈਨੂੰ ਸਚ ਦੀ ਪ੍ਰਾਪਤੀ ਹੋ ਗਈ, ਉਸ ਵੇਲੇ ਸਾਰੇ ਵਿਕਾਰ ਨਿਕਲ ਜਾਣਗੇ।

***ਧਾਰਨਾ – ਪਾਪ ਕਢੇ ਧੋਇ ਜੀ,***
***ਸਚ ਸਭਨਾ ਹੋਇ ਦਾਰੂ –2, 2.***
***ਸਚ ਸਭਨਾ ਹੋਇ ਦਾਰੂ –2, 2.***
***ਪਾਪ ਕਢੇ ਧੋਇ ਜੀ,............ –2.***

***ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥***
***ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥***

***ਪੰਨਾ – 468***

ਸੋ ਇਸ ਕਰਕੇ ਜਿਹੜੀਆਂ ਤੂੰ ਕੂੜ ਦੀਆਂ ਗੰਢਾਂ ਬੰਨ੍ਹਦਾ ਹੈਂ ਕਿ ਮੈਂ ਬੜੀ ਤਪੱਸਿਆ ਕੀਤੀ, ਮੇਰੇ ਐਨੇ ਚੇਲੇ, ਮੇਰੇ ਐਡਾ ਵੱਡਾ ਆਸ਼ਰਮ, ਮੇਰਾ ਐਡਾ ਵੱਡਾ ਲੰਗਰ ਚਲਦਾ ਹੈ, ਮੈਨੂੰ ਐਨੇ ਲੋਕ ਮੰਨਦੇ ਹਨ, ਮੇਰੇ ਵਿਚ ਵਾਕ ਸਿਧੀ ਹੈ, ਮੇਰੇ ਵਿਚ ਅੰਤਰਯਾਮਤਾ ਹੈ, ਰਿਧੀਆਂ ਸਿਧੀਆਂ ਮੇਰੇ ਪਿਛੇ ਕੰਮ ਕਰਦੀਆਂ ਹਨ; ਬੁਧੂ ਸ਼ਾਹ! ਇਹ ਤਾਂ ਤੂੰ ਕੰਧਾਂ ਬਣਾਈ ਫਿਰਦਾ ਹੈਂ, ਕੂੜ ਦੀਆਂ ਕੰਧਾਂ ਬਣਾ ਰਿਹਾ ਹੈਂ, ਕਿਉਂਕਿ ਸਾਰਾ ਸੰਸਾਰ ਹੀ ਕੂੜ ਹੈ, ਜੋ ਕੁਛ ਵੀ ਨਜ਼ਰ ਆਉਂਦਾ ਹੈ ਜਿਸਦਾ ਨਾਮ ਹੈ, ਜਿਸਦਾ ਰੂਪ ਹੈ, ਸਭ ਕੂੜ ਹੈ। ਸੋ ਕੂੜ ਦਾ ਪੜਦਾ, ਤਾਂ ਉਠਦਾ ਹੈ ਭਾਈ ਜੇ ਸਚ ਨੂੰ ਪਛਾਣ ਲਵੋਂ, ਸਚ ਨੂੰ ਪਛਾਨਣ ਵਾਸਤੇ 13 ਰਹਿਤਾਂ ਹਨ। ਇਹਨਾਂ ਤੇਰਾਂ ਰਹਿਤਾਂ ਤੇ ਪਹਿਰਾ ਦੇਹ ਸੋ –

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***

***ਪੰਨਾ – 468***

ਆਤਮ ਤੀਰਥ ਵਿਚ ਨਿਵਾਸ ਕਰਨ ਵਾਸਤੇ ਸਤਿਗੁਰੂ ਨੂੰ ਪੁਛ ਲੈ, ਆਪੇ ਨਹੀਂ ਹੋਣਾ। ਸਤਿਗੁਰੂ ਤੈਨੂੰ ਪਹਿਲਾਂ ਸਰਵਣ ਕਰਾਏਗਾ, ਤੈਨੂੰ ਸਰਵਣ ਦੀ ਅਵਸਥਾ ਪ੍ਰਾਪਤ ਹੋਏਗੀ।

***ਸੁਣਿਐ ਸਿਧ ਪੀਰ ਸੁਰਿ ਨਾਥ॥***
***ਸੁਣਿਐ ਧਰਤਿ ਧਵਲ ਆਕਾਸ॥***
***ਸੁਣਿਐ ਦੀਪ ਲੋਅ ਪਾਤਾਲ॥***
***ਸੁਣਿਐ ਪੋਹਿ ਨ ਸਕੈ ਕਾਲੁ॥***
***ਨਾਨਕ ਭਗਤਾ ਸਦਾ ਵਿਗਾਸੁ॥***
***ਸੁਣਿਐ ਦੂਖ ਪਾਪ ਕਾ ਨਾਸੁ॥*** ***ਪੰਨਾ – 4***

ਸੁਣਿਐ ਦੀ ਅਵਸਥਾ ਨੂੰ ਜਦੋਂ ਤੂੰ 100% ਸਚ ਮੰਨਣ ਲਗ ਜਾਏਂਗਾ, ਉਸ ਵੇਲੇ ਸਮਝ ਲਈਂ ਕਿ ਮੇਰੇ ਵਿਚ ਸੁਨਣ ਦੀ ਅਵਸਥਾ ਆ ਗਈ ਹੈ। ਅਸੀਂ ਸੋਚਦੇ ਹਾਂ ਕਿ ਮੇਰੇ ਤੇ ਸੁਣਨ ਦੀ ਅਵਸਥਾ ਆ ਗਈ। ਅਸੀਂ ਵੀ ਮੰਨ ਲਿਆ ਸੱਚ,



Sri Satguru Jagjit Singh Ji eLibrary NamdhariElibrary@gmail.com

ਪਰ ਸਾਧ ਸੰਗਤ ਜੀ! ਸਾਡੇ ਅੰਦਰ ਤਾਂ ਸੰਸਾ ਖੜ੍ਹਾ ਹੈ। ਏਥੇ ਤਾਂ ਮੰਨ ਲਵਾਂਗੇ, ਬਾਹਰ ਨਿਕਲਦਿਆਂ ਹੀ ਫੇਰ ਸੰਸਿਆਂ ਵਿਚ ਪੈ ਜਾਵਾਂਗੇ। ਅਸੀਂ ਸਚ ਨਹੀਂ ਮੰਨਦੇ। ਗੁਰੂ ਦੀ ਬਾਣੀ ਨੂੰ ਬਿਲਕੁਲ ਹੀ। ਜੇ ਸਚ ਮੰਨੀਏਂ ਤਾਂ ਬਿਲਕੁਲ ਦੂਜੀ ਹਾਲਤ ਹੋ ਜਾਂਦੀ ਹੈ। ਸੁਣ ਤਾਂ ਲਿਆ ਸਚ, ਪਰ ਹੁਣ ਬਾਹਰ ਦੀ ਅਵਸਥਾ ਰਹਿ ਜਾਂਦੀ ਹੈ ਮੰਨਣ ਦੀ, ਮੰਨਿਆ ਕਿਵੇਂ ਜਾਵੇ? ਮੰਨਣ ਲਈ ਸਾਧਨ ਕਰਨੇ ਪੈਂਦੇ ਹਨ, ਜਿੰਨਾ ਚਿਰ ਇਹ ਸਾਧਨ ਪ੍ਰਾਪਤ ਨਹੀਂ ਹੁੰਦੇ, ਓਨੀ ਦੇਰ ਤੱਕ ਆਦਮੀ ਮੰਨ ਨਹੀਂ ਸਕਦਾ। ਕਿਉਂਕਿ ਇਸਦੇ ਅੰਦਰ ਐਨੀ ਤਾਕਤ ਨਹੀਂ ਹੈ ਕਿ ਗੁਰੂ ਦੀ ਬਾਣੀ ਸੁਣ ਕੇ ਮੰਨ ਲਓ। ਜੇ ਮੰਨ ਲਵੇ ਤਾਂ ਹੁਣੇ ਹੀ ਸਾਰਿਆਂ ਨੂੰ ਬ੍ਰਹਮ ਗਿਆਨ ਹੋ ਜਾਵੇ। ਉਹਦੇ ਵਾਸਤੇ ਸਾਧਨ ਕਰਨਾ ਪੈਂਦਾ ਹੈ, ਵੀਚਾਰ ਕਰਨੀ ਪੈਂਦੀ ਹੈ।

ਚਾਰ ਸਾਧਨ ਤਾਂ ਇਹੀ ਹਨ, ਬਾਕੀ ਸਾਧਨ ਹੈਗੇ ਸਮ ਦਮ - ਇੰਦਰਿਆਂ ਨੂੰ ਰੋਕਣਾ, ਮਨ ਨੂੰ ਰੋਕਣਾ, ਸ਼ਰਧਾ ਵਿਚ ਆਉਣਾ, ਸਮਾਧਾਨ ਕਰਨਾ, ਜਿਹੜੀ ਚੀਜ਼ ਸੁਨਣੀ ਹੈ, ਉਸ ਨੂੰ ਜਾ ਕੇ ਇਕਾਂਤ ਵਿਚ ਬੈਠ ਕੇ ਬਾਰ ਬਾਰ ਵੀਚਾਰ ਕਰਨੀ ਤੇ ਅੰਦਰ ਲੈ ਕੇ ਜਾਣੀ, ਫਿਰ ਉਪਰਾਮ ਰਹਿਣਾ, ਕਿਸੇ ਵਿਸ਼ਿਆਂ ਦੇ ਅੰਦਰ ਨਾ ਫਸਣਾ, ਨਾ ਕਿਸੇ ਬਿਰਤੀਆਂ ਦੇ ਅੰਦਰ ਫਸਣਾ, ਸਾਰਿਆਂ ਤੋਂ ਨਿਰਲੇਪ ਰਹਿਣਾ - ਵੈਰਾਗ ਵਿਚ, ਵਰਤਣ ਵੈਰਾਗ, ਸੰਸਾਰ ਵਿਚ ਰਹਿੰਦਾ ਹੋਇਆ 'ਮੈਂ' ਨਾ ਬਣਕੇ ਰਹਿਣਾ। ਫਿਰ ਉਸ ਤੋਂ ਬਾਅਦ ਉਹਦੇ ਅੰਦਰ 'ਤਤੀਕਸ਼ਾ' ਹੋਣੀ ਚਾਹੀਦੀ ਹੈ - ਦੁਖ ਸੁਖ ਝੱਲਣ ਦੀ ਤਾਕਤ, ਅੰਮ੍ਰਿਤ ਵੇਲੇ ਠੰਡੇ ਪਾਣੀ ਨਾਲ ਇਸ਼ਨਾਨ ਕਰਨਾ। ਜਿਹਨਾਂ ਨੇ ਆਦਤਾਂ ਵਿਗਾੜ ਲਈਆਂ, ਕਿਤੇ ਬਾਹਰ ਚਲੇ ਜਾਉ, ਪਾਣੀ ਮਿਲਦਾ ਹੀ ਨਹੀਂ, ਬੈਠੇ ਰਹਿੰਦੇ ਹਨ। ਪੁਛਿਆ ਬਈ ਇਸ਼ਨਾਨ ਕਰ ਲਿਆ? ਕਹਿੰਦੇ ਗਰਮ ਪਾਣੀ ਹੋ ਗਿਆ? ਘਰਵਾਲੇ ਵੀ ਔਖੇ, ਬੀਬੀਆਂ ਵੀ ਔਖੀਆਂ, ਏਥੇ ਤਾਂ ਭਲਾ ਨਿਭ ਗਈ। ਜੇ ਬਿਜਲੀ ਤੇ ਗਰਮ ਕਰੀ ਜਾਉ ਤੇ ਬਿਲ ਹੀ ਬੜਾ ਆਉਂਦਾ ਹੈ, ਨੂੰਹਾਂ ਹੀ ਕਹਿਣ ਲੱਗ ਜਾਂਦੀਆਂ ਹਨ ਕਿ ਬਾਪੂ ਤਾਂ ਗਰਮ ਪਾਣੀ ਨਾਲ ਹੀ ਨਹਾਂਉਦਾ ਹੈ, ਬੜਾ ਖਰਚਾ ਆਉਣ ਲਗ ਪਿਆ।

ਐਸੀ ਆਦਤ ਪਾਉ ਕਿ ਸਵੇਰੇ ਤੜਕੇ ਉਠੋ ਤੇ ਤਾਜੇ ਪਾਣੀ ਨਾਲ ਇਸ਼ਨਾਨ ਕਰੋ, ਇਸਨੂੰ ਤਤੀਕਸ਼ਾ ਕਹਿੰਦੇ ਹਨ। ਕੰਮ ਤੇ ਜਾਣਾ, ਧੁਪ ਸਹਿ ਲੈਣੀ, ਖੇਚਲ ਸਹਿ ਲੈਣੀ। ਐਵੇਂ ਘੜੀਆਂ ਹੀ ਦੇਖੀ ਜਾਣੀਆਂ, ਇਹ ਤਤੀਕਸ਼ਾ ਨਹੀਂ ਹੋਇਆ ਕਰਦੀ। ਇਸ ਤੋਂ ਬਾਅਦ 'ਬਿਬੇਕ' ਦੀ ਵਿਚਾਰ ਹੋਵੇ। 'ਆਤਮ' ਤੇ 'ਅਨਾਤਮ' ਦੀ ਪਰਖ ਹੋਵੇ ਕਿ ਸਚ ਕਿਹੜੀ ਚੀਜ਼ ਹੈ ਤੇ ਝੂਠ ਕਿਹੜੀ ਚੀਜ਼ ਹੈ। ਇਸ ਤੋਂ ਬਾਅਦ 'ਵੈਰਾਗ' ਹੋਵੇ ਸੰਸਾਰ ਦੇ ਕਿਸੇ ਵਿਸ਼ੇ ਨੂੰ ਮਨ ਵਿਚ ਨਾ ਵਸਾਉ, ਚਾਰ ਪੰਜ ਕਿਸਮ ਦੇ ਵਿਸ਼ੇ ਅਨੰਦ ਹੁੰਦੇ ਹਨ, ਸਾਰੇ ਅਨੰਦ ਤੋਂ ਆਪਣੇ ਆਪਨੂੰ ਨਿਰਲੇਪ ਕਰਕੇ, ਕੇਵਲ ਪਰਮੇਸ਼ਰ ਦੇ ਦਰਸ਼ਨ ਦੀ ਆਸਾ ਹੋਵੇ। ਆਪਣੇ ਅਗਿਆਨ ਨੂੰ ਦਬਾਉਣ ਦਾ ਮਨੋਰਥ ਆਪਣੇ ਚਿਤ ਵਿਚ ਰਖਣਾ, ਬਾਕੀ ਬ੍ਰਹਮ ਨੂੰ ਭੁਲਾਉਣ ਵਾਲੇ ਸੁਖਾਂ ਨੂੰ ਵਿਸ਼ਟਾ ਸਮਝਣਾ, ਇਸ ਨੂੰ ਵੈਰਾਗ ਕਹਿੰਦੇ ਹਨ। ਤੀਜੀ ਹੋਇਆ ਕਰਦੀ ਹੈ 'ਸਮ ਦਮ।' ਚੌਥੀ ਹੋਇਆ ਕਰਦੀ ਹੈ 'ਨਮੋਸ਼ਾ' ਆਦਮੀ ਦੇ ਅੰਦਰ ਹੋਵੇ ਕਿ ਮੈਂ ਪਰਮੇਸ਼ਰ ਨੂੰ ਅਨੁਭਵ ਕਰਕੇ, ਅਗਿਆਨ ਦਾ ਛੌੜ ਕਟ ਕੇ-

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

ਮੈਂ ਇਹ ਪਦਵੀ ਪ੍ਰਾਪਤ ਕਰਨੀ ਹੈ ਕਿ ਮੈਂ ਮੁੜਕੇ ਨਾ ਕਾਲ ਚੱਕਰ ਵਿਚ ਫਸ ਜਾਵਾਂ। ਬ੍ਰਹਮ ਲੋਕ ਵਿਚ ਜਾਵਾਂਗਾ ਤਾਂ ਫਿਰ ਆ ਜਾਵਾਂਗਾ, ਸ਼ਿਵ ਲੋਕ ਵਿਚ ਗਿਆ ਤਾਂ ਵਾਪਸ ਆ ਜਾਵਾਂਗਾ, ਬੈਕੁੰਠ ਵਿਚ ਗਿਆ ਫਿਰ ਖਰਬ ਸਾਲ ਰਹਿ ਕੇ ਆ ਜਾਊਂ। ਇਹ ਕਾਹਦੀਆਂ ਪਦਵੀਆਂ ਹੋਈਆਂ? ਪਦਵੀ ਤਾਂ ਉਹ ਹੈ, ਜਿਥੋਂ ਮੁੜ ਕੇ ਆਉਣਾ ਹੀ ਨਾ ਪਵੇ, ਫਿਰ ਜੰਮਣਾ ਹੀ ਨਾ ਪਵੇ, ਜੇ ਤੀਬਰ ਇਛਾ ਹੋਵੇ ਤਾਂ ਸੁਨਣ ਦਾ ਹੱਕ ਮਿਲਦਾ ਹੈ, ਫੇਰ ਗੁਰੂ ਇਸ ਨੂੰ ਸੁਣਾਉਂਦਾ ਹੈ, ਉਸਦੀ ਗਲ ਸੁਣ ਲੈ-

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਪੰਨਾ - 1365***

ਜੇਕਰ ਕੋਈ ਗਾਹਕ ਹੀ ਨਹੀਂ ਹੈ, ਮੁਲ ਵਾਲਾ ਹੀ ਨਹੀਂ ਹੈ, ਫੇਰ ਕੀ ਰੌਲਾ ਪਾਈ ਜਾਂਦਾ ਹੈ ਨਾਮ ਦਾ ਸਾਰੇ, ਗਿਆਨ ਦੀ ਦਾਤ ਦਾ ਅਧਿਕਾਰੀ ਹੈ ਨਹੀਂ ਕੋਈ।

ਫੇਰ ਦੂਜੀ ਬਾਤ ਹੋਇਆ ਕਰਦੀ ਹੈ ਮੰਨਣ ਦੀ, ਜਿਹੜੀ ਚੀਜ਼ ਮੰਨਣੀ ਹੈ, ਉਸਦਾ ਨਿਧਿਆਸਨ ਕਰਨਾ ਹੈ। ਉਸ ਨੂੰ ਪਕਾਉਣਾ ਹੈ, ਬਾਰ ਬਾਰ ਪਕਾਉਣਾ। ਉਸਦਾ ਤਰੀਕਾ ਮੈਂ ਪਹਿਲਾਂ ਦਸਿਆ ਹੈ, ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ, ਚੌਂਕੜਾ ਮਾਰ ਕੇ, ਜਦੋਂ ਸਾਰਾ ਸੰਸਾਰ ਸੁੱਤਾ ਪਿਆ ਹੁੰਦਾ ਹੈ, ਉਸ ਵੇਲੇ ਆਪਣੇ ਸਵੈ ਸਰੂਪ ਦਾ ਚਿੰਤਨ ਕਰਨਾ, ਆਪਣੀ ਬਿਰਤੀ ਖਿਚਣੀ, ਅਪੱਚੀਕਰਣ ਕਹਿੰਦੇ ਹਨ ਇਸਨੂੰ, ਪੱਚੀ ਪ੍ਰਕਿਰਤੀਆਂ ਤੋਂ ਬਿਰਤੀ ਖਿਚ ਲੈਣੀ, ਫੇਰ ਪੰਜੇ ਕਰਮ ਇੰਦਰਿਆਂ ਤੋਂ ਪੰਜੇ ਗਿਆਨ ਇੰਦਰਿਆਂ ਤੋਂ, ਪੰਜੇ ਪ੍ਰਾਣਾਂ ਤੋਂ, ਮਨ ਤੋਂ ਉਪਰ ਚਲੇ ਜਾਣਾ, ਬੁਧ ਤੋਂ ਉਪਰ ਚਲੇ ਜਾਣਾ, ਫੇਰ ਇਸ ਤੋਂ ਬਾਅਦ ਚਿਤ ਤੋਂ ਲੰਘ ਜਾਣਾ, 'ਅਹੰਭਾਵ' ਵਿਚ ਚਲੇ ਜਾਣਾ, ਫਿਰ ਉਥੇ ਫੈਸਲਾ ਕਰਨਾ ਕਿ ਮੈਂ ਸਰੀਰ ਹਾਂ ਜਾਂ ਜਿੰਨ੍ਹਾਂ ਵਿਚੋਂ ਲੰਘ ਕੇ ਆਇਆ ਹਾਂ, ਉਹ ਹਾਂ, ਜਾਂ ਇਸ ਤੋਂ ਉਪਰ ਹਾਂ, ਉਥੇ ਬੁਧੀ ਖਤਮ ਹੋ ਜਾਂਦੀ ਹੈ ਤੇ ਅਨੁਭਵ ਜਾਗਦਾ ਹੈ, ਅਨੁਭਵ ਦੇ ਨਾਲ ਸਾਖੀ ਚੇਤਨ ਆਤਮਾ ਦਾ ਧਿਆਨ ਧਰਨਾ ਹੈ, ਇਸਨੂੰ ਆਤਮ ਚਿੰਤਨ, ਆਤਮ ਮੰਨਣ ਤੇ ਆਤਮ ਸਥਿਤੀ ਕਹਿੰਦੇ ਹਨ, ਸੋ ਉਹਦੇ ਵਿਚ ਜਿਹੜਾ ਸਾਧਨ ਕਰਦਾ ਹੈ ਉਸ ਨੂੰ ਨਿਧਿਆਸਨ ਕਹਿੰਦੇ ਹਨ, ਨਿਧਿਆਸਨ ਤੋਂ ਬਾਅਦ ਫੇਰ ਪਤਾ ਲਗ ਜਾਂਦਾ ਹੈ ਕਿ ਇਹ ਤਾਂ ਗੱਲ ਹੀ ਹੋਰ ਨਿਕਲੀ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***



Sri Satguru Jagjit Singh Ji eLibrary NamdhariElibrary@gmail.com

ਏਥੇ ਤਾਂ ਸਾਰਾ ਪਸਾਰਾ ਹੀ ਆਤਮਾ ਦਾ ਹੈ, ਏਥੇ ਤਾਂ ਹੋਰ ਕੋਈ ਦੂਜਾ ਹੈ ਹੀ ਨਹੀਂ, ਇਹ ਸਾਰਾ ਮਾਇਆ ਦਾ ਹੀ ਖੇਲ੍ਹ ਹੋ ਰਿਹਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਫੁਰਮਾਇਆ ਕਿ ਬੁਧੂ ਸ਼ਾਹ ਜਦੋਂ ਤੂੰ ਇਸ ਤਰ੍ਹਾਂ ਕਰੇਂਗਾ, ਉਸ ਵੇਲੇ ਜਿਹੜੀ ਕੂੜ ਦੀ ਪਾਲ ਹੈ ਉਹ ਟੁਟ ਜਾਵੇਗੀ। ਬੁਧੂ ਸ਼ਾਹ ਕਹਿਣ ਲੱਗਾ, ਮਹਾਰਾਜ! ਮੈਨੂੰ ਇਕ ਅੱਖਰ ਵਿਚ ਦਸੋ। ਮਹਾਰਾਜ ਕਹਿੰਦੇ, ਇਕ ਅੱਖਰ ਵਿਚ ਤਾਂ ਹੈ ਖੁਲ੍ਹ ਕੇ ਨੱਚ ਲੈ – ਘੁੰਡ ਚੁੱਕ ਕੇ, ਬੁਧੂ ਸ਼ਾਹ ਨੱਚਣ ਲੱਗ ਪਿਆ, ਬੇਸੁਧ ਹੋ ਗਿਆ। ਮਹਾਰਾਜ ਨੇ ਫੇਰ ਦ੍ਰਿਸ਼ਟੀ ਕਰੀ, ਕਹਿੰਦੇ ਲਹਿ ਗਈ ਤੇਰੀ ਕੂੜ ਦੀ ਪਾੜ। ਚੇਲਿਆਂ ਦੀ ਪਰਵਾਹ ਨਾ ਕੀਤੀ, ਦੁਨੀਆਂ ਦੀ ਪਰਵਾਹ ਨਾ ਕੀਤੀ, ਲੋਕ ਲੱਜਾ ਵੀ ਲਾਹ ਦਿੱਤੀ, ਪੀਰ ਦੀ ਲੱਜਾ ਵੀ ਨਾ ਕੀਤੀ ਤੇ ਬ੍ਰਹਮ ਲੱਜਾ ਵਿਚ ਆ ਗਿਆ। ਸੋ ਇਸ ਤਰ੍ਹਾਂ ਦੇ ਨਾਲ ਮੈਂ ਬੇਨਤੀ ਕਰਦਾ ਸੀ–

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***

***ਪੰਨਾ – 1373***

ਸੰਤ ਉਹ ਰਸਤਾ ਦਸਦੇ ਹਨ ਜਿਸ ਰਸਤੇ ਤੇ ਚਲਕੇ ਆਦਮੀ ਪਰਮਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਸੋ ਬੇਣੀ ਭਗਤ ਸੰਤਾਂ ਦੀ ਸੇਵਾ ਕਰਦਾ ਰਹਿੰਦਾ ਤੇ ਬਾਰ ਬਾਰ ਬੇਨਤੀਆਂ ਕਰਦਾ ਰਹਿੰਦਾ ਕਿ ਮੈਨੂੰ ਕੋਈ ਐਸਾ ਮਿਲ ਜਾਵੇ ਜਿਹੜਾ ਪਰਮੇਸ਼ਰ ਨਾਲ ਮਿਲਾ ਦੇਵੇ। ਸੰਸਾਰ ਦੇ ਅੰਦਰ ਤੇ ਕਦੀ ਵੀ ਇਸ ਤਰ੍ਹਾਂ ਨਹੀਂ ਹੋਇਆ ਕਿ ਸੰਸਾਰ ਖਾਲੀ ਹੋ ਜਾਵੇ ਲੇਕਿਨ–

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***

***ਪੰਨਾ – 1411***

***ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥***

***ਪੰਨਾ – 495***

***ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥***

***ਪੰਨਾ – 1427***

ਵਿਰਲਾ ਵਿਰਲਾ ਕੋਈ ਲਭ ਜਾਂਦਾ ਹੈ ਭਾਲਦਿਆਂ ਭਾਲਦਿਆਂ, ਕਿਤੇ ਨਾ ਕਿਤੇ ਖਰਾ ਵੀ ਮਿਲ ਜਾਂਦਾ ਹੈ। ਸੋ ਬੇਣੀ ਨੂੰ ਮਿਲ ਗਿਆ ਤੇ ਉਸ ਨੇ ਦੇਖਿਆ ਕਿ ਇਹ ਬੈਰਾਗੀ ਪੁਰਸ਼ ਹੈ ਤੇ ਭਗਤੀ ਦਾ ਉਪਦੇਸ਼ ਕਰ ਦਿੱਤਾ ਤੇ ਸਮਝਾਇਆ, ਪ੍ਰੇਮੀਆਂ! ਜਿਸ ਪਰਮੇਸ਼ਰ ਨੂੰ ਮਿਲਣਾ ਚਾਹੁੰਦਾ ਹੈਂ, ਉਹ ਦੋ ਤਰੀਕਿਆਂ ਨਾਲ ਮਿਲਦਾ ਹੈ। ਗਲ ਸਮਝ ਲੈ। ਇਕ ਤਾਂ ਮਿਲਦਾ ਹੈ ਗਿਆਨ ਨਾਲ, ਪਰ ਗਿਆਨ ਖਾਰਾ ਪਾਨੀ ਹੈ, ਦੂਜਾ ਹੈ ਭਗਤੀ ਨਾਲ ਜੋ ਕਿ ਮਿਠਾ ਪਾਣੀ ਹੈ। ਮਿੱਠਾ ਪਾਣੀ ਹਜ਼ਮ ਹੋ ਜਾਂਦਾ ਹੈ। ਜੋ ਖਾਰਾ ਪਾਨੀ ਹੈ ਉਹ ਹਜ਼ਮ ਨਹੀਂ ਹੁੰਦਾ, ਪੇਟ ਖਰਾਬ ਕਰ ਦਿੰਦਾ ਹੈ। ਸੋ ਇਕੱਲਾ ਗਿਆਨ ਨਾਸਤਕ ਬਣਾ ਦਿੰਦਾ ਹੈ, ਅਸ਼ਰਧਕ ਬਣਾ ਦਿੰਦਾ ਹੈ, ਵੇਦਾਂਤੀ ਜਿਹਾ ਬਣਾ ਦਿੰਦਾ ਹੈ – ਗੱਲਾਂ ਕਰਨ ਵਾਲਾ। ਜੋ ਭਗਤੀ ਸਹਿਤ ਗਿਆਨ ਹੈ, ਉਹ ਮਿੱਠਾ ਪਾਨੀ ਹੋਇਆ ਕਰਦਾ ਹੈ।

***'ਚਲਦਾ'***

(ਪੰਨਾ 40 ਦੀ ਬਾਕੀ)

ਵਿਖੇ ਆਵਾ–ਜਾਈ ਦਾ ਸਿਲਸਿਲਾ ਸ਼ੁਰੂ ਹੋਇਆ। ਅਤੇ ਇਨ੍ਹਾਂ ਦੇ ਸਮੂਹ ਪ੍ਰਵਾਰ ਨਾਲ ਖਾਸ ਲਗਨ ਹੋਈ ਅਤੇ ਸਹੋਦਰ ਭ੍ਰਾਵਾਂ ਨਾਲੋਂ ਭੀ ਵਧ ਕੇ ਪ੍ਰੇਮ ਪਿਆਰ ਤਕੜਾ ਚਿਰ ਨਿਭਿਆ ਜਿਸ ਦਾ ਬੀਜ ਨਾਸ ਅਜੇ ਤਕ ਨਹੀਂ ਹੋਇਆ, ਭਾਵੇਂ ਭਾਣੇ ਵਿਚਕਾਰ ਹੋਰ ਦੇ ਹੋਰ ਵਰਤ ਗਏ। ਖਾਲਸਾ ਕਾਲਜ ਦੀ ਇਕ ਖੱਟੀ ਜੋ ਖੱਟੀ ਸੀ ਵੀਰ ਆਤਮਾ ਸਿੰਘ ਮੋਗਾ ਦਾ ਆਤਮ ਮਿਲਾਪ ਸੀ। ਅਤੇ ਪੰਚ ਖੰਡ ਦੀ ਖੱਟੀ ਦਾ ਤੱਤ ਸਾਰ ਵੀਰ ਜੋਗਿੰਦਰ ਸਿੰਘ ਜੀ ਦਾ ਪ੍ਰੇਮ ਸਹੋਦਰੀ ਨਾਤਾ ਸੀ। ਦੋਹਾਂ ਵੀਰਾਂ ਦਾ ਸੰਗਮ ਤੇ ਭਾਣੇ ਦੀ ਖਿੱਚ ਆਮ ਤੌਰ ਪਰ ਪਟਿਆਲੇ ਹੋਣ ਕਰਕੇ ਦਾਸ ਅਕਸਰ ਓਥੇ ਹੀ ਖਿੱਚਿਆ ਜਾਂਦਾ ਸੀ। ਪਰ ਫੇਰ ਭੀ ਪੰਚ ਖੰਡ ਦੇ ਅਨੰਦ ਭੁਗਤਣੇ ਬਣੇ ਹੀ ਰਹੇ। ਅਤੇ ਉਥੇ ਦੇ ਹੀ ਇਕ ਸਮਾਗਮ ਵਿਖੇ ਵੀਰ ਭਾ: ਮਲ ਸਿੰਘ ਜੀ ਦੇ ਪ੍ਰੇਮ ਮਿਲਾਵੇ ਹੋਏ ਅਤੇ ਜਿਵੇਂ ਕਿਵੇਂ ਹੋਏ, ਵਰਤੇ ਉਨ੍ਹਾਂ ਦੀ ਹੀ ਰਸਨਾ ਤੋਂ ਪੁਛਣੇ ਭਲੇ ਹੋਣਗੇ। ਭਾ: ਮਲ ਸਿੰਘ ਜੀ ਦੁਆਰਾ ਹੋਰ ਕਈ ਵੀਰਾਂ ਦੇ ਸਤਿਸੰਗ ਮਿਲਾਪ ਹੋ ਗਏ। ਏਧਰ ਵੀਰ! ਖਾਲਸਾ ਭੁਜੰਗੀ ਸਭਾ (ਖਾਲਸਾ ਯੰਗ ਮੈਨਜ਼ ਲੀਗ) ਲੁਧਿਆਣਾ ਦੇ ਸਮਾਗਮਾਂ ਵਿਖੇ ਜਿਵੇਂ ਆਉਣਾ ਜਾਣਾ ਹੋਇਆ, ਉਹ ਤੂੰ ਵੀਰ, ਆਪ ਹੀ ਸਾਰਾ ਕਿੱਸਾ ਜਾਣਦਾ ਹੈਂ ਕਿ ਕੀ ਕੀ ਵਰਤਾਰੇ ਵਰਤੇ।

ਵੀਰ ਜੀ! ਮੇਰੀ ਜ਼ਬਾਨੋਂ ਜਾਂ ਮੇਰੀ ਕਲਮੋਂ ਹੀ ਮੇਰੀ ਜੀਵਨ ਵਿਥਿਆ ਦੇ ਬ੍ਰਿਤਾਂਤ ਵਰਨਣ ਕੀਤੇ ਜਾਣੇ ਨਹੀਂ ਫਬਦੇ ਸੋਂਜਦੇ। ਅਤੇ ਜੇ ਆਪ ਨੇ ਇੰਨ ਬਿੰਨ ਮੇਰੀ ਵਲੋਂ ਹੀ ਵਰਨਣ ਕੀਤਾ ਬ੍ਰਿਤਾਂਤ ਪ੍ਰਕਾਸ਼ਤ ਕਰ ਦਿੱਤਾ ਤਾਂ ਇਸ ਵਿਚ ਅਸਲ ਰਸ ਨਹੀਂ ਰਹੇਗਾ, ਨਾ ਹੀ ਕੁਛ ਅਸਰ ਪਵੇਗਾ। ਆਪ ਦੀ ਇਛਿਆ ਪੂਰਨ ਖਾਤਰ ਤੇ ਆਪ ਦੀ ਆਗਿਆ ਪਾਲਣ ਖਾਤਰ ਤੇ ਆਪ ਦੇ ਕਹੇ ਅਨੁਸਾਰ ਸਰਬ ਸਜਣਾਂ ਦਾ ਹੁਕਮ ਮੰਨਦੇ ਹੋਏ ਏਤਨਾ ਕੁ ਜੋ ਕੁਝ ਭੀ ਲਿਖਿਆ ਹੈ ਸੋ ਨਿਜ ਮਨਸ਼ਾ ਤੋਂ ਉਲਟ ਲਿਖਿਆ ਹੈ ਅਤੇ ਆਪ ਸੱਜਣਾਂ ਦੀ ਪਰਬਲ ਮਨਸ਼ਾ ਦੇ ਪ੍ਰਾਇਣ ਹੋ ਕੇ ਲਿਖਿਆ ਹੈ। ਇਸ ਤੋਂ ਅਗਾਹਾਂ ਜੋ ਕੁਛ ਖਾਸ ਗੋਝ ਕਥਾ ਮੇਰੇ ਪੁਛਣ ਗੋਚਰੀ ਹੋਵੇ ਸੋ ਹੁਕਮ ਕਰ ਘਲਣਾ। ਪਰ ਮੇਰੇ ਪਾਸ ਨਾ ਖੁੱਲਾ ਸਮਾਂ ਹੈ ਤੇ ਨਾ ਸਾਮਾਨ, ਨ ਮਨ ਭਾਉਂਦੀ ਸੁਤੰਤ੍ਰਤਾ ਹੈ, ਇਸ ਕਰਕੇ ਵਿਸਥਾਰ ਪੂਰਬਕ ਕੁਛ ਨਹੀਂ ਲਿਖਿਆ ਜਾ ਸਕਦਾ ਤੇ ਨਾਂ ਇਕ ਮਨ ਇਕ ਚਿਤ ਹੋ ਕੇ ਲਿਖ ਸਕਦਾ ਹਾਂ। ਮੇਰੀ ਖਿਚ "ਗੁਰਮਤਿ ਬਿਬੇਕ" ਪੁਸਤਕ ਦੀ ਪੂਰਨਤਾ ਵਲ ਵਿਸ਼ੇਸ਼ ਹੈ ਕਿ ਜਿਥੋਂ ਤਕ ਛੇਤੀ ਹੋ ਸਕੇ, ਇਸਨੂੰ ਸਿਰੇ ਚਾੜ੍ਹਿਆ ਜਾਵੇ। ਅਤੇ ਆਪ ਆਪਣਾ ਬੋਝ ਭੀ ਮੇਰੇ ਸਿਰ ਤੇ ਹੀ ਸਿਟਿਆ ਚਾਹੁੰਦੇ ਹੋ ਤੇ ਉਹ ਭੀ ਐਸੀ ਦਸ਼ਾ ਵਿਚ ਜਦ ਕਿ ਮੈਂ ਅਸਮਰਥ ਹਾਂ। ਸੁਣਿਆ ਹੈ ਕਿ ਸਾਡੀ ਬਦਲੀ ਇਥੋਂ ਹੋਣ ਵਾਲੀ ਹੈ ਤੇ ਹੋਵੇਗੀ ਭੀ ਪੰਜਾਬ ਦੇ ਨੇੜੇ ਤੇੜੇ ਦੇ ਸੂਬਿਆਂ ਵਿਖੇ। ਐਸਾ ਸੁਣਿਆ ਹੈ ਅਗੇ ਭਾਵੇ ਜਿਵੇਂ ਕਰਤਾਰ ਨੂੰ:

***"ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ਪੰਨਾ – 653***



Sri Satguru Jagjit Singh Ji eLibrary NamdhariElibrary@gmail.com

# ਅਬਿਨਾਸ਼ੀ ਜੋਤ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-25)*

ਸ਼ਾਨ .....................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

ਸਾਧ ਸੰਗਤ ਜੀ! ਆਪ ਦੂਰ ਦਰਾਜ ਤੋਂ ਬਹੁਤ ਤਪੱਸਿਆ ਕਰਦੇ ਹੋਏ ਇਥੇ ਗੁਰੂ ਦਰਬਾਰ ਵਿਚ ਪਹੁੰਚੇ ਹੋ। ਪੂਰਾ ਪੂਰਾ ਫਲ ਤਾਂ ਪ੍ਰਾਪਤ ਹੁੰਦਾ ਹੈ ਜੇ ਮਨ ਵਿਚ ਸ਼ਰਧਾ ਹੋਵੇ, ਹਿਰਦੇ ਦੇ ਅੰਦਰ ਨਿਮਰਤਾ ਹੋਵੇ। ਕੰਨਾਂ ਦੇ ਨਾਲ ਗੁਰੂ ਦੀ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ ਤੇ ਜਦੋਂ ਵਾਰੀ ਆਵੇ ਤਾਂ ਗੱਜ-ਵੱਜ ਕੇ ਸ਼ਬਦ ਦੇ ਅੰਦਰ ਬੋਲੋ। ਫਲ ਕਿੰਨਾ ਹੋਵੇਗਾ-

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਆਹ ਜਿਹੜੇ ਵਿਘਨ ਜਿਹੇ ਮੈਨੂੰ ਦੱਸੀ ਜਾਂਦੇ ਨੇ ਕਿ ਆਹ ਨਹੀਂ ਹੁੰਦਾ, ਓਹ ਨਹੀਂ ਹੁੰਦਾ; ਹਰੀ ਦਾ ਜਸ ਪੂਰੇ ਪ੍ਰੇਮ ਨਾਲ ਕਰ ਲਓ, ਬਿਮਾਰੀ ਵੀ ਖਤਮ, ਵਿਘਨ ਵੀ ਖਤਮ ਕਿਉਂਕਿ ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ। ਉਨ੍ਹਾਂ ਦੇ ਪੁੰਨਾਂ ਦੇ ਨਾਲ ਜਿਹੜੇ ਮਾੜੇ ਮੋਟੇ ਵਿਘਨ ਨੇ ਓਹ ਇਉਂ ਹਟ ਜਾਂਦੇ ਨੇ ਜਿਵੇਂ ਬਹੁਤ ਪਾਣੀ ਆ ਜਾਵੇ ਦਰਿਆ ਦੇ ਅੰਦਰ, ਸਭ ਕੁਝ ਰੋੜ੍ਹ ਕੇ ਲੈ ਜਾਂਦਾ ਹੈ। ਸੋ ਇਸ ਕਰਕੇ ਸ਼ਬਦ ਦੇ ਅੰਦਰ ਸਾਰੇ ਪ੍ਰੇਮੀ ਬੋਲਿਆ ਕਰੋ।

***ਧਾਰਨਾ - ਮੇਰਾ ਸੁੰਦਰ ਸੁਆਮੀ ਜੀ,***
***ਪਿਆਰਿਓ ਮੈਂ ਚਰਨਾਂ ਦੀ ਧੂੜੀ -2, 2.***
***ਮੈਂ ਚਰਨਾਂ ਦੀ ਧੂੜੀ ਪਿਆਰੇ -2, 2.***
***ਮੇਰਾ ਸੁੰਦਰ ਸੁਆਮੀ ਜੀ, ........... -2.***

***ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ॥***
***ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ॥***
***ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ॥***
***ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ॥***
***ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ॥***
***ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ॥***
***ਪੰਨਾ - 784***

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਤਿਨ ਕੀ ਕਥਾ ਨਿਰਾਰੀ ਰੇ -4, 2.***
***ਹਰਿ ਕੇ ਸੇਵਕ ਜੋ ਹਰਿ ਭਾਏ,......... -2.***

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥***
***ਪੰਨਾ - 855***

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ।

ਕਾਰੋਬਾਰ ਸੰਕੋਚਦੇ ਹੋਏ ਆਪ ਦੂਰ ਦਰਾਜ - ਫਰੀਦਕੋਟ ਤੋਂ, ਸਤਲੁਜ ਦੇ ਕੰਢੇ ਤੋਂ, ਮਾਛੀਵਾੜਾ, ਅੰਬਾਲਾ, ਯੂ.ਪੀ. ਤੋਂ ਏਸ ਪਵਿੱਤਰ ਸਥਾਨ ਦੇ ਉਤੇ ਜਿਥੇ ਹਰ ਵਕਤ ਭਜਨ ਹੁੰਦਾ ਹੈ, ਲਗਾਤਾਰ ਅਖੰਡ ਜਾਪ ਹੋ ਰਹੇ ਨੇ - ਵਾਹਿਗੁਰੂ ਮੰਤ੍ਰ, ਮੂਲ ਮੰਤਰ, ਜਪੁਜੀ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅਖੰਡ ਪਾਠ। ਸੋ ਸਾਰੇ ਦੁੱਖਾਂ ਤੇ ਕਲੇਸ਼ਾਂ ਨੂੰ ਦੂਰ ਕਰਨ ਵਾਲੇ ਪਵਿੱਤਰ ਥਾਂ ਦੇ ਉਤੇ ਆਪ ਪਹੁੰਚੇ ਹੋ। ਥੋੜ੍ਹਾ ਸਮਾਂ ਜੋ ਆਪਾਂ ਨੂੰ ਮਿਲਿਆ ਹੈ ਉਸ ਨੂੰ ਮਨ ਚਿਤ ਲਾ ਕੇ, ਇਕਾਗਰ ਹੋ ਕੇ ਸਰਵਣ ਕਰਿਓ, ਬਹੁਤ ਵੱਡੀ ਸਾਨੂੰ ਸੇਧ ਮਿਲ ਜਾਏਗੀ ਸਿੱਖੀ ਕਮਾਉਣ ਦੀ।

ਸੋ ਕੋਈ ਦੋ ਮਹੀਨੇ ਪਹਿਲਾਂ 6 ਮਈ ਤੋਂ ਇਕ ਵਿਚਾਰ ਸ਼ੁਰੂ ਹੋਈ ਸੀ। ਉਹ ਸੀ ਕਿ ਗੁਰੂ ਅੰਗਦ ਸਾਹਿਬ ਮਹਾਰਾਜ, ਜਿਨ੍ਹਾਂ ਦਾ ਨਾਂ ਪਹਿਲਾਂ ਭਾਈ ਲਹਿਣਾ ਸੀ। ਆਪ ਆਏ ਤਾਂ ਧੁਰੋਂ ਪੂਰੇ ਸੀ ਪਰ ਸਿੱਖੀ ਕਮਾਉਣ ਵਾਸਤੇ ਥੋੜ੍ਹਾ ਪੜਦਾ ਧਾਰਨ ਕੀਤਾ ਹੋਇਆ ਸੀ। ਸੋ ਆਪ ਜੀ ਦੀ ਕਥਾ ਆਪ ਸਭ ਸਰਵਣ ਕਰ ਰਹੇ ਹੋ। ਸੋ ਜਿਨ੍ਹਾਂ ਨੇ ਪਹਿਲਾਂ ਨਹੀਂ ਸੁਣਿਆ, ਉਨ੍ਹਾਂ ਨੂੰ ਸੰਖੇਪ ਦੇ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਗੁਰੂ ਅੰਗਦ ਸਾਹਿਬ ਮਹਾਰਾਜ ਜੀ, ਜਿਨ੍ਹਾਂ ਦਾ ਨਾਮ ਭਾਈ ਲਹਿਣਾ ਸੀ, ਆਪ ਦੇਵੀ ਦੇ ਉਪਾਸ਼ਕ ਸਨ। ਆਪ ਨੂੰ ਪੂਰਾ ਸਤਿਗੁਰੂ ਨਹੀਂ ਸੀ ਮਿਲਿਆ। ਜਦੋਂ ਪੂਰੇ ਸਤਿਗੁਰੂ ਦੀ ਦੱਸ ਪਈ, ਤੇ ਆ ਕੇ ਇਕ ਵਾਰੀ ਹੀ ਦਰਸ਼ਨ ਕੀਤੇ ਤਾਂ ਆਪਣਾ ਸਾਰਾ ਕੁਝ ਗੁਰੂ ਦੇ ਚਰਨਾਂ ਤੇ ਅਰਪਣ ਕਰ ਦਿੱਤਾ, ਕੁਝ ਵੀ ਬਾਕੀ ਨਾ ਰੱਖਿਆ, ਉਨ੍ਹਾਂ ਦੇ ਹੀ ਹੋ ਗਏ।

ਸੋ ਉਥੇ ਰਹਿ ਕੇ ਆਪ ਸੇਵਾ ਕਰਦੇ ਨੇ, ਕਿੰਨੇ ਸਾਲ ਲੰਘ ਗਏ ਸੇਵਾ ਕਰਦਿਆਂ ਨੂੰ। ਗੁਰੂ ਨਾਨਕ ਪਾਤਿਸ਼ਾਹ ਜੀ ਦੀ ਬਿਰਤੀ ਉਨ੍ਹਾਂ ਦਿਨਾਂ ਦੇ ਅੰਦਰ ਐਸੀ ਹੈ ਜਿਸ ਨੂੰ ਦੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਮਹਾਰਾਜ ਜੀ ਨੇ ਐਨਾ ਤਪ ਕਰਿਆ। ਆਪ ਸਾਰਾ ਦਿਨ, ਸਾਰੀ ਰਾਤ ਰਾਵੀ ਦੇ ਕੰਢੇ ਘੁੰਮਦੇ ਰਹਿੰਦੇ ਨੇ, ਬੈਠਦੇ ਨਹੀਂ, ਆਰਾਮ ਨਹੀਂ ਕਰਦੇ, ਸੌਂਦੇ ਨਹੀਂ ਕਿਉਂਕਿ ਸੌਣਾਂ ਸਾਡੇ ਹਿੱਸੇ ਵਿਚ ਹੀ ਆਇਆ ਹੋਇਆ ਹੈ। ਮਹਾਂਪੁਰਸ਼ਾਂ ਦੇ ਹਿੱਸੇ ਵਿਚ ਸੌਣਾਂ ਨਹੀਂ ਹੁੰਦਾ, ਉਹ ਤਾਂ



Sri Satguru Jagjit Singh Ji eLibrary NamdhariElibrary@gmail.com

ਸਦਾ ਹੀ ਜਾਗਦੇ ਨੇ। ਸੰਸਾਰ ਸੌਂਦਾ ਹੈ, ਗੁਰਮੁਖ ਹਮੇਸ਼ਾ ਹੀ ਜਾਗਦੇ ਨੇ। ਮਨਮੁਖ ਸੁੱਤੇ ਪਏ ਨੇ, ਜਾਗਦੇ ਵੀ ਸੁੱਤੇ ਪਏ ਨੇ, ਸੁੱਤੇ ਹੋਏ ਵੀ ਸੁੱਤੇ ਹੀ ਪਏ ਨੇ।

ਸੋ ਮਹਾਰਾਜ ਜੀ ਦੇ ਨਾਲ ਹੀ ਭਾਈ ਲਹਿਣਾ ਜੀ ਰਹਿੰਦੇ ਸਨ। ਬਹੁਤ ਘਾਲ ਕਮਾਈ ਕੀਤੀ ਮਹਾਰਾਜ ਜੀ ਨੇ-

***ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।***
***ਭਾਈ ਗੁਰਦਾਸ ਜੀ ਦੀ ਵਾਰ 1/24***

ਐਸੀ ਤਪੱਸਿਆ ਅਖੀਰ ਵਿਚ ਵੀ ਸ਼ੁਰੂ ਕਰ ਦਿੱਤੀ। ਉਹ ਇਸ ਕਰਕੇ ਕਰੀ ਕਿ ਸਾਨੂੰ ਪਤਾ ਲੱਗ ਜਾਵੇ ਕਿ ਸਿੱਖੀ ਕਮਾਉਣੀ ਐਵੇਂ ਆਰਾਮ ਤਲਬਾਂ ਦਾ ਕੰਮ ਨਹੀਂ ਹੈ, ਇਸ ਦੇ ਵਿਚ ਸਾਧਨਾ, ਘਾਲਣਾ, ਤਿਆਗ, ਆਪਣਾ ਆਪਾ ਕੁਰਬਾਨ ਕਰਨਾ ਪੈਂਦਾ ਹੈ। ਉਹ ਸਬਕ ਦੇਣ ਵਾਸਤੇ ਆਪ ਸਾਰੀ ਸਾਰੀ ਰਾਤ, ਅੰਮ੍ਰਿਤ ਵੇਲੇ ਤੋਂ ਲੈ ਕੇ ਪਹਿਰ ਰਾਤ ਪੋਹ ਮਾਘ ਦੀ ਠੰਢ ਦੇ ਅੰਦਰ ਆਪ ਪਾਣੀ ਵਿਚ ਖੜ੍ਹੇ ਰਹਿੰਦੇ ਸੀ - ਰਾਵੀ ਦੇ ਵਿਚ। ਭਾਈ ਲਹਿਣਾ ਜੀ ਬਾਹਰ ਬੈਠੇ ਰਹਿੰਦੇ ਸਨ। ਸੋ ਏਸ ਤਰ੍ਹਾਂ ਦੀ ਘਾਲਣਾ ਘਾਲਦੇ-ਘਾਲਦੇ ਗੁਰਸਿਖੀ ਐਨੀ ਤਕੜੀ ਹੋ ਗਈ, ਐਨੀ ਜਬਰਦਸਤ ਹੋ ਗਈ ਕਿ ਸਾਰੇ ਹੀ ਲਗਦੇ ਸੀ ਕਿ ਬੜੇ ਪਹੁੰਚੇ ਹੋਏ ਨੇ, ਕੋਈ ਵੀ ਘੱਟ ਨਹੀਂ- ਨਾ ਭਾਈ ਮਨਮੁਖ ਜੀ, ਨਾ ਬਾਬਾ ਬੁੱਢਾ ਜੀ, ਨਾ ਭਾਈ ਭਗੀਰਥ ਜੀ, ਨਾ ਭਾਈ ਸਾਧਾਰਨ ਜੀ, ਨਾ ਭਾਈ ਕਮਲੀਆ ਜੀ, ਨਾ ਭਾਈ ਦੁਨੀ ਚੰਦ; ਸਭ ਇਕ ਤੋਂ ਇਕ ਚੜ੍ਹਦੇ ਸੀ। ਜਦੋਂ ਵੱਡੇ ਬੱਚੇ ਵੱਡੀਆਂ ਜਮਾਤਾਂ ਵਿਚ ਚਲੇ ਜਾਣ ਤਾਂ ਪੇਪਰ ਬੜਾ ਔਖਾ ਹੁੰਦਾ ਹੈ। ਛੋਟੀਆਂ ਜਮਾਤਾਂ ਵਿਚ ਤਾਂ ਬਹੁਤ ਸੁਖਾਲਾ ਹੁੰਦਾ ਹੈ।

ਸੋ ਗੁਰੂ ਨਾਨਕ ਪਾਤਿਸ਼ਾਹ ਨੇ ਧਰਮ ਦਾ ਪੰਥ ਚਲਾਉਣ ਵਾਸਤੇ, ਇਹ ਦੇਖਣ ਵਾਸਤੇ ਕਿ ਪੂਰਾ ਕੌਣ ਹੈ ਭਾਵੇਂ ਆਪ ਜਾਣਦੇ ਸੀ, ਪਹਿਲੇ ਦਿਨ ਹੀ ਕਹਿ ਦਿੱਤਾ ਸੀ ਕਿ ਅੱਛਾ ਭਾਈ! ਤੂੰ ਲਹਿਣਾ ਤੇ ਅਸੀਂ ਤੇਰਾ ਦੇਣਾ। ਸੋ ਸਿੱਖੀ ਸਿਰੇ ਤੇ ਪਹੁੰਚ ਗਈ। ਇਕ ਨੂੰ ਛਾਂਟਣਾ ਸੀ ਜਿਸ ਦੇ ਅੰਦਰ ਗੁਰੂ ਮਹਾਰਾਜ ਆਪਣੀ ਜੋਤ ਟਿਕਾ ਸਕਣ। ਮਾੜੇ-ਮੋਟੇ ਸਰੀਰ ਵਿਚ ਗੁਰੂ ਮਹਾਰਾਜ ਜੀ ਦੀ ਜੋਤ ਨਹੀਂ ਸੀ ਟਿਕਣੀ। ਜੋ ਜੀਵ 'ਜੀਵ' ਕੋਟੀ ਤੋਂ ਉਚਾ ਉਠਿਆ 'ਈਸ਼ਵਰ ਕੋਟੀ' ਵਿਚ ਪਹੁੰਚਿਆ, ਉਸ ਦੇ ਵਿਚ ਇਹ ਸੱਤਾ ਨਹੀਂ ਹੁੰਦੀ ਕਿ 'ਈਸ਼ਵਰ ਕੋਟੀ' ਦੀ ਜੋਤ ਆਪਣੇ ਵਿਚ ਸਮਾਅ ਲਏ। ਸੋ ਭਾਈ ਲਹਿਣਾ ਜੀ ਧੁਰ ਦਰਗਾਹ ਤੋਂ ਥਾਪੇ ਹੋਏ 'ਈਸ਼ਵਰ ਕੋਟੀ' ਦੇ ਜਿਸ ਤਰ੍ਹਾਂ ਗੁਰੂ ਨਾਨਕ ਮਹਾਰਾਜ ਜੀ ਸਨ, ਠੀਕ ਉਸੇ ਤਰ੍ਹਾਂ ਆਪ ਸਨ ਪਰ ਅਜੇ ਪੜਦਾ ਪਿਆ ਹੋਇਆ ਸੀ। ਗੁਰੂ ਨਾਨਕ ਸਾਹਿਬ ਨੂੰ ਪਤਾ ਸੀ ਕਿ ਜੇ ਸਾਡੀ ਜੋਤ ਟਿਕਣੀ ਹੈ ਤਾਂ ਇਨ੍ਹਾਂ ਵਿਚ ਹੀ ਟਿਕਣੀ ਹੈ, ਹੋਰ ਕਿਸੇ ਵਿਚ ਨਹੀਂ ਟਿਕਣੀ। ਸੋ ਇਸ ਵਾਸਤੇ ਆਪ ਨੇ ਇਮਤਿਹਾਨ ਲੈਣਾ ਸ਼ੁਰੂ ਕਰ ਦਿੱਤਾ। ਸਕੂਲਾਂ ਵਿਚ ਵੀ ਇਮਤਿਹਾਨ ਹੁੰਦੇ ਨੇ, ਰੂਹਾਨੀ ਜਗਤ ਵਿਚ ਵੀ ਇਮਤਿਹਾਨ ਹੁੰਦੇ ਨੇ। ਜੋ ਸਿਆਣਾ ਗ੍ਰਹਿਸਥੀ ਹੈ ਉਹ ਵੀ ਬੱਚਿਆਂ ਦਾ ਇਮਤਿਹਾਨ ਲੈਂਦਾ ਹੈ ਕਿ ਕਿਹੜਾ ਕਾਬਲ ਹੈ ਤੇ ਕਿਹੜਾ ਨਹੀਂ ਕਾਬਲ।

ਸੋ ਆਪ ਜੀ ਨੇ ਹੁਕਮ ਦੇ ਦਿੱਤਾ ਕਿ ਲੰਗਰ ਇਕ ਵਕਤ ਵਰਤਾਇਆ ਜਾਵੇ। ਵੀਹ ਹਜ਼ਾਰ ਗੁਰਸਿੱਖ ਸੰਗਤ ਗੁਰੂ ਨਾਨਕ ਪਾਤਿਸ਼ਾਹ ਪਾਸ ਡੇਰਾ ਬਾਬਾ ਨਾਨਕ ਰਹਿੰਦੀ ਸੀ। ਉਸ ਵੇਲੇ ਲੰਗਰ ਇਕ ਵਕਤ ਕਰ ਦਿੱਤਾ। ਜਿਨ੍ਹਾਂ ਨੂੰ ਦੋ- ਤਿੰਨ ਵੇਲੇ ਖਾਣ ਦੀ ਆਦਤ ਸੀ, ਕੇਵਲ ਰੋਟੀਆਂ ਵਾਸਤੇ ਇਕੱਠੇ ਹੋਏ ਸੀ ਉਹ ਜਾਣੇ ਸ਼ੁਰੂ ਹੋ ਗਏ। ਕਿਸੇ ਨੂੰ ਕੋਈ ਕੰਮ ਹੋ ਗਿਆ, ਕਿਸੇ ਨੂੰ ਕੋਈ ਹੋ ਗਿਆ, ਖਿਸਕਣ ਲੱਗ ਗਏ। ਥੋੜ੍ਹੇ ਰਹਿ ਗਏ, ਗਿਣਤੀ ਘਟ ਗਈ ਕਿਉਂਕਿ ਮਹਾਂਪੁਰਸ਼ ਗਿਣਤੀ ਨੂੰ ਪਸੰਦ ਨਹੀਂ ਕਰਦੇ। Quality (ਗੁਣ, ਖੂਬੀ) ਨੂੰ ਪਸੰਦ ਕਰਦੇ ਨੇ, quantity (ਬਹੁਲਤਾ, ਗਿਣਤੀ) ਨੂੰ ਨਹੀਂ ਕਰਦੇ। ਗਿਣਤੀਆਂ ਨੂੰ ਨਹੀਂ ਦੇਖਦੇ ਕਿ ਕਿੰਨੇ ਨੇ, ਉਹ ਇਹ ਦੇਖਦੇ ਨੇ ਕਿ ਇਨ੍ਹਾਂ ਵਿਚੋਂ ਕਿੰਨੇ ਉੱਚੇ ਨੇ, ਕਿੰਨੇ ਨੇ ਜਿਨ੍ਹਾਂ ਨੇ ਮਾਇਆ ਦੇ ਚੱਕਰ ਨੂੰ ਪਾਰ ਕਰ ਲਿਆ। ਸੋ ਥੋੜ੍ਹੇ ਰਹਿ ਗਏ। ਗੁਰੂ ਮਹਾਰਾਜ ਜੀ ਨੇ ਹੁਕਮ ਕਰ ਦਿੱਤਾ ਕਿ ਇਕ ਦਿਨ ਛੱਡ ਕੇ ਲੰਗਰ ਹੋਇਆ ਕਰੇਗਾ। ਹੋਰ ਤੁਰ ਗਏ, ਫੇਰ ਹੁਕਮ ਕਰ ਦਿੱਤਾ ਕਿ ਦੋ ਦਿਨ ਛੱਡ ਕੇ ਲੰਗਰ ਹੋਇਆ ਕਰੇਗਾ। ਬਹੁਤ ਥੋੜ੍ਹੇ ਰਹਿ ਗਏ, ਸੈਂਕੜਿਆਂ ਦੀ ਤਾਦਾਦ ਵਿਚ ਰਹਿ ਗਏ। ਉਸ ਵੇਲੇ ਗੁਰੂ ਪਾਤਿਸ਼ਾਹ ਨੇ ਹੁਕਮ ਦਿੱਤਾ ਕਿ ਲੰਗਰ ਰੋਜ਼ ਹੋਏਗਾ, ਦੋ ਵੇਲੇ ਹੋਏਗਾ, ਖੇਤੀ ਕਰੋ ਤਕੜੇ ਹੋ ਕੇ। ਬੇਅੰਤ ਹਲ ਬਣਾ ਲਏ ਕਿਉਂਕਿ ਡੇਰਾ ਬਾਬਾ ਨਾਨਕ ਦਾ ਸਾਰਾ ਹੀ ਚੱਕ ਹਜ਼ਾਰਾਂ ਏਕੜ ਦਾ ਜੋਤ ਥੱਲੇ ਲੈ ਆਂਦਾ, ਫਸਲਾਂ ਬੀਜ ਦਿੱਤੀਆਂ, ਕਣਕ ਬੀਜ ਦਿੱਤੀ। ਬਹੁਤ ਮਿਹਨਤ ਨਾਲ ਵਧ- ਚੜ੍ਹ ਕੇ ਆਪਣੇ-ਆਪਣੇ ਖੇਤਾਂ ਦੀ ਖੇਤੀ ਕਰ ਰਹੇ ਨੇ। ਬੜੀ ਕਣਕ ਉਗਾਈ। ਜਦੋਂ ਕਣਕ ਹੋਈ, ਉਦੋਂ ਮਹਾਰਾਜ ਜੀ ਨੇ ਇਹ ਦੇਖਣਾ ਚਾਹਿਆ ਕਿ ਇਨ੍ਹਾਂ ਵਿਚ ਹੁਕਮ ਮੰਨਣ ਦੀ ਕਿੰਨੀ-ਕੁ ਸ਼ਕਤੀ ਆ ਗਈ। ਕਹਿੰਦੇ ਕਿ ਮਹਾਰਾਜ! ਕੀ ਕਰੀਏ ਇਸ ਨੂੰ? ਮਹਾਰਾਜ ਜੀ ਕਹਿੰਦੇ ਕਿ ਇਕੱਠੀ ਕਰਕੇ ਇਕ ਥਾਂ ਗਰੇ (ਢੇਰ) ਲਾ ਦਿਓ। ਗਰੇ ਲੱਗ ਗਏ ਤੇ ਪੁਛਿਆ, ਪਾਤਿਸ਼ਾਹ! ਗਾਹ ਪਾਈਏ, ਖਲਿਆਣ ਪਾਈਏ? ਕਹਿੰਦੇ, "ਨਾਂਹ! ਇਨ੍ਹਾਂ ਸਾਰਿਆਂ ਨੂੰ ਅੱਗ ਲਾ ਦਿਓ। ਕੋਈ ਗਰਾ ਨਹੀਂ ਛਡਣਾ, ਸਭ ਨੂੰ ਅੱਗ ਲਾ ਦਿਓ।" ਸਾਰੇ ਹੈਰਾਨ ਹੋ ਗਏ ਕਿ ਬੜੀ ਮਿਹਨਤ ਨਾਲ ਅਸੀਂ ਕਣਕ ਉਗਾਈ ਹੈ, ਹਜ਼ਾਰਾਂ ਏਕੜਾਂ ਦੇ ਅੰਦਰ ਕਣਕ ਬੀਜੀ ਹੈ, ਦਿਨ ਰਾਤ ਲਾ ਕੇ ਗੁਡਾਈਆਂ ਕਰੀਆਂ ਨੇ, ਪਾਣੀ ਦਿੱਤੇ ਨੇ, ਕਟਾਈ ਕਰੀ ਹੈ। ਆਸ ਇਹ ਰੱਖਦੇ ਸੀ ਕਿ ਮੇਰੇ ਖੇਤ ਦੀ ਕਣਕ ਵੱਧ ਹੋਵੇ ਤੇ ਗੁਰੂ ਮਹਾਰਾਜ ਕਹਿਣ, ਵਾਹ ਭਾਈ ਵਾਹ! ਸ਼ਾਬਾਸ਼!! ਤੇ ਇਹ ਕੀ ਹੁਕਮ ਕਰ ਦਿੱਤਾ ਮਹਾਰਾਜ ਜੀ ਨੇ ਕਿ ਕਣਕ ਨੂੰ ਅੱਗ ਲਾ ਦਿਓ। ਕਈ ਪਿੱਛੇ ਨੂੰ ਹੱਥ ਕਰਕੇ ਖੜ੍ਹ ਗਏ, ਥੋੜ੍ਹ ਬੰਦੇ ਨਿਕਲੇ ਉਨ੍ਹਾਂ ਨੇ ਉਸੇ ਵੇਲੇ ਅੱਗ ਲਾ ਦਿੱਤੀ। ਮਹਾਰਾਜ ਜੀ ਨੇ ਦੇਖ ਲਿਆ ਕਿ ਹੁਕਮ ਮੰਨਣ ਵਿਚ ਕੁਝ ਨਿੱਤਰ ਸਕਦੇ ਨੇ, ਤਿਆਗ ਹੈ ਇਨ੍ਹਾਂ ਦੇ ਅੰਦਰ ਪਰ ਅਜੇ ਇਮਤਿਹਾਨ ਖਤਮ ਨਹੀਂ ਹੋਇਆ।


Sri Satguru Jagjit Singh Ji eLibrary NamdhariElibrary@gmail.com

ਥੋੜ੍ਹੇ ਦਿਨਾਂ ਤੋਂ ਬਾਅਦ ਆਪ ਨੇ ਐਸੀ ਕਿਰਿਆ ਕਰੀ ਕਿ ਇਕ ਝੁੱਗੀ ਵਿਚ ਰਹਿਣਾ ਸ਼ੁਰੂ ਕਰ ਦਿੱਤਾ, ਰੋੜਾਂ ਦੀ ਵਿਛਾਈ ਕਰ ਲਈ, ਕਿਸੇ ਨੂੰ ਨੇੜੇ ਨਹੀਂ ਆਉਣ ਦਿੰਦੇ, ਜੇ ਕੋਈ ਨੇੜੇ ਆਉਂਦਾ ਹੈ ਤੇ ਮੱਥਾ ਟੇਕਦਾ ਹੈ ਤਾਂ ਮੋਢਿਆਂ ਤੋਂ ਫੜ ਕੇ ਪਿੱਛੇ ਧੱਕਾ ਮਾਰਦੇ ਨੇ ਤੇ ਕਹਿੰਦੇ, "ਓਏ ਭਲਿਆ! ਗੁਰੂ ਗੁਰੂ ਜਪ, ਮੇਰੇ ਕੋਲ ਕੀ ਕਰਨ ਆਇਆ ਹੈਂ? ਚੱਲ ਏਥੋਂ।" ਸਾਰੇ ਹੈਰਾਨ ਨੇ ਕਿ ਮਹਾਰਾਜ ਜੀ ਦਾ ਰਵੱਈਆ ਇਕ ਦਮ ਬਦਲ ਗਿਆ। ਪਹਿਲਾਂ ਕਣਕ ਨੂੰ ਅੱਗ ਲਵਾ ਦਿੱਤੀ, ਹੁਣ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਅਖੀਰ ਨੌਬਤ ਇਥੋਂ ਤਕ ਆ ਗਈ ਕਿ ਗੁਰੂ ਮਹਾਰਾਜ ਜੀ ਨੇ ਇਕ ਕੁਤਕਾ ਜਿਸ ਨੂੰ ਘੋਟਣਾ ਕਹਿੰਦੇ ਨੇ, ਹੱਥਾਂ ਵਲੋਂ ਜਿਧਰੋਂ ਫੜੀਦਾ ਹੈ ਉਧਰੋਂ ਪਤਲਾ ਹੁੰਦਾ ਹੈ ਤੇ ਦੂਜਾ ਪਾਸਾ ਭਾਰੀ ਹੁੰਦਾ ਹੈ, ਉਹ ਲੈ ਲਿਆ ਕੁਤਕਾ। ਹੁਣ ਜਿਹੜਾ ਵੀ ਸਿੱਖ ਮੱਥਾ ਟੇਕਣ ਵਾਸਤੇ ਆਉਂਦਾ ਹੈ ਤੇ ਜਦੋਂ ਮੱਥਾ ਟੇਕਦਾ ਹੈ ਤਾਂ ਪਿੱਠ ਵਿਚ ਪੂਰੇ ਜੋਰ ਨਾਲ ਮਾਰਦੇ ਨੇ। ਸਭ ਹੈਰਾਨ ਹੁੰਦੇ ਨੇ ਕਿ ਆਹ ਮਹਾਰਾਜ ਜੀ ਨੇ ਕੀ ਕੰਮ ਸ਼ੁਰੂ ਕਰ ਲਿਆ। ਉਸ ਵੇਲੇ ਕਾਫੀ ਸਿੱਖ ਡੋਲਣੇ ਸ਼ੁਰੂ ਹੋ ਗਏ ਕਿ ਮਹਾਰਾਜ ਦਿਨ ਰਾਤ ਜਾਗਦੇ ਰਹੇ ਨੇ, ਤੁਰਦੇ ਰਹੇ ਨੇ ਇਸ ਕਰਕੇ ਮਹਾਰਾਜ ਜੀ ਦੇ ਦਿਮਾਗ ਵਿਚ ਕੁਝ ਫਰਕ ਪੈ ਗਿਆ। ਸ੍ਰੀ ਚੰਦ ਨਾਲ ਗੱਲ ਕਰਦੇ ਨੇ, ਬਾਬਾ ਲਖਮੀ ਦਾਸ ਨਾਲ ਕਰਦੇ ਨੇ, ਮਾਤਾ ਜੀ ਨਾਲ ਗੱਲ ਕਰਦੇ ਨੇ ਕਿ ਮਹਾਰਾਜ ਜੀ ਨੂੰ ਕੀ ਹੋ ਗਿਆ? ਕਹਿੰਦੇ ਕੋਈ ਪਤਾ ਨਹੀਂ ਲਗਦਾ ਉਮਰ ਵੱਡੀ ਹੋ ਗਈ ਹੈ, ਸ਼ਾਇਦ ਦਿਮਾਗ ਵਿਚ ਕੁਝ ਫਰਕ ਪੈ ਗਿਆ ਹੋਵੇ ਪਰ ਗੁਰੂ ਪਾਤਿਸ਼ਾਹ ਦੀ ਰੂਪ ਰੇਖਾ ਨੂੰ ਦੇਖ ਕੇ ਕੋਈ ਕੁਝ ਕਹਿ ਨਹੀਂ ਰਿਹਾ। ਡਰ ਆ ਰਿਹਾ ਹੈ ਕਿਉਂਕਿ ਪੂਰੇ ਜਲਾਲ ਵਿਚ ਆ ਗਏ। ਦੋ ਵਸਤਾਂ ਹੁੰਦੀਆਂ ਨੇ ਮਹਾਂਪੁਰਸ਼ਾਂ ਕੋਲ - ਇਕ ਜਮਾਲ ਹੁੰਦਾ ਹੈ ਇਕ ਜਲਾਲ ਹੁੰਦਾ ਹੈ। ਜਮਾਲ ਹੁੰਦਾ ਹੈ ਖੇੜਾ, ਜਲਾਲ ਹੁੰਦਾ ਹੈ ਪੂਰਾ ਰੋਅਬ। ਇਹ ਦੋਵੇਂ ਚੀਜ਼ਾਂ ਨਹੀਂ ਝੱਲੀਆਂ ਜਾਂਦੀਆਂ। ਜਦੋਂ ਜਲਾਲ ਦੇਖਦੇ ਨੇ ਤਾਂ ਕੋਈ ਸਾਹਮਣੇ ਨਹੀਂ ਆਉਂਦਾ, ਨੇਤਰਾਂ ਨਾਲ ਨੇਤਰ ਨਹੀਂ ਮਿਲਾ ਸਕਦਾ, ਕੋਈ ਬਚਨ ਨਹੀਂ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਇਹ ਖੇਲ੍ਹ ਮਹਾਰਾਜ ਜੀ ਨੇ ਕਰ ਲਈ। ਇਹ ਬਹੁਤ ਔਖੀ ਹੈ ਸਾਧ ਸੰਗਤ ਜੀ! ਅਸੀਂ ਤਾਂ ਕਹਾਣੀਆਂ ਕਰ ਸਕਦੇ ਹਾਂ ਪਰ ਜਰਾ-ਕੁ ਸਾਡੇ ਤੇ ਪੈ ਜਾਵੇ ਕਸਵੱਟੀ, ਅਸੀਂ ਤਾਂ ਮਾਮੂਲੀ ਜਿਹੀ ਕਸਵੱਟੀ ਨਹੀਂ ਸਹਿ ਸਕਦੇ। ਕੀ ਹੈ? ਅੰਮ੍ਰਿਤ ਛਕ ਲਿਆ, ਸ਼ਰਾਬ ਦੀ ਬੋਤਲ ਪਈ ਹੈ ਉਸ ਨੂੰ ਦੇਖ ਕੇ ਹੀ ਡੋਲ ਜਾਂਦਾ ਹੈ, ਵੱਡੀਆਂ ਕਸਵੱਟੀਆਂ ਕੀ ਸਹਿਣੀਆਂ ਨੇ, ਤਰੱਕੀ ਕੀ ਹੋਣੀ ਹੈ? ਪਹਿਲੀ ਜਮਾਤ ਵਿਚੋਂ ਹੀ ਫੇਲ੍ਹ ਹੋ ਕੇ ਸਕੂਲ ਹੀ ਛੱਡ ਦਿੰਦਾ ਹੈ। ਸਾਡਾ ਹਾਲ ਇਹ ਹੈ। ਅਸੀਂ ਅੱਜ ਗੱਲ ਕਰਨ ਲੱਗੇ ਹਾਂ ਡਾਕਟ੍ਰੇਟ Ph.d. ਦੀ, ਜਿਸ ਦੀ ਪੜ੍ਹਾਈ ਸਿਰੇ ਤੇ ਪਹੁੰਚੀ ਹੁੰਦੀ ਹੈ। ਸੋ ਸਮਝਣ ਦਾ ਯਤਨ ਕਰਿਓ ਤੇ ਮਹਾਰਾਜ ਜੀ ਕਿਰਪਾ ਕਰਨ, ਕਿਤੇ ਸਾਨੂੰ ਵੀ ਇਥੇ ਤੱਕ ਪਹੁੰਚਣਾ ਨਸੀਬ ਹੋ ਜਾਵੇ।

ਸੋ ਉਸ ਵੇਲੇ ਬਹੁਤ ਸਾਰੇ ਸਿੱਖ ਡੋਲਣ ਲੱਗ ਗਏ। ਆਪਸ ਵਿਚ ਗੱਲਾਂ ਕਰਦੇ ਨੇ ਬੈਠ ਕੇ ਕਿ ਮਹਾਰਾਜ ਜੀ ਨੂੰ ਕੀ ਹੋ ਗਿਆ? ਜਿਸ ਤਰ੍ਹਾਂ ਹਨ੍ਹੇਰੀ ਆਈ ਤੇ ਦਰਖਤ ਡੋਲਦੇ ਨੇ, ਇੰਜ ਹਿਰਦੇ ਡੋਲਣੇ ਸ਼ੁਰੂ ਹੋ ਗਏ। ਅੰਦਰਲੀ ਗੱਲ ਕਹਿੰਦੇ ਨੇ, ਅੰਦਰ ਸਾਰਿਆਂ ਦੇ ਸਮਾਈ ਹੋਈ ਹੈ, ਥੋੜ੍ਹਿਆਂ ਨੂੰ ਛੱਡ ਕੇ, ਕਿ ਮਹਾਰਾਜ ਜੀ ਦੇ ਦਿਮਾਗ ਵਿਚ ਕੋਈ ਫਰਕ ਪੈ ਗਿਆ ਹੈ।

ਇਸੇ ਤਰ੍ਹਾਂ ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ ਜੀ ਨੇ ਜਦੋਂ ਪ੍ਰੀਖਿਆ ਲਈ, ਆਪ ਜੀ ਸਿਰੀ ਸਾਹਿਬ ਲੈ ਕੇ ਖੜ੍ਹੇ ਹੋ ਗਏ ਤਖਤ ਉਤੇ ਤੇ ਸੀਸ ਦੀ ਮੰਗ ਕਰੀ। ਉਸ ਵੇਲੇ ਘਬਰਾ ਗਏ ਸਿਆਣੇ ਬੰਦੇ ਕਿਉਂਕਿ ਸਿਆਣਪ ਤੇ ਭਰੋਸੇ ਵਿਚ ਜ਼ਮੀਨ ਤੇ ਅਸਮਾਨ ਦਾ ਫਰਕ ਹੈ। ਸਿਆਣਪ ਦੇਖਦੀ ਹੈ ਕਾਰਨ, ਉਹ ਪਰਖ ਰੱਖਦੀ ਹੈ। ਜਿਹੜਾ ਭਰੋਸਾ ਹੈ ਇਹ ਨਹੀਂ ਦੇਖਦਾ, ਇਹ ਤਾਂ ਅੰਨ੍ਹੇ ਵਾਹ ਚਲਦਾ ਹੈ ਕਿ ਜਿਥੇ ਤੇਰੀ ਮਰਜ਼ੀ ਹੈ ਸੁੱਟ, ਖੂਹ ਵਿਚ ਸੁੱਟ ਦੇ, ਮਾਰ ਦੇ, ਰੱਖ ਲੈ ਪਰ ਮੈਂ ਤੈਥੋਂ ਪਿਛੇ ਨਹੀਂ ਹਟਣਾ। ਜਿਹੜੀ ਅਕਲ ਹੁੰਦੀ ਹੈ ਇਹ ਪੈਰ ਪੈਰ ਤੇ ਤੁਲਨਾ ਕਰਦੀ ਹੈ, ਅਕਲ ਵਾਲਾ ਫੇਲ੍ਹ ਹੋ ਜਾਇਆ ਕਰਦਾ ਹੈ, ਦਿਲ ਵਾਲਾ ਪਾਸ ਹੋ ਜਾਇਆ ਕਰਦਾ ਹੈ। ਅਕਲ ਰੂਹਾਨੀ ਕੰਮ ਵਿਚ ਬਹੁਤਾ ਸਾਥ ਨਹੀਂ ਦਿੰਦੀ, ਥੋੜ੍ਹਾ ਚਿਰ ਹੀ ਰਹਿੰਦੀ ਹੈ।

***ਗਿਆਨੀ ਸਾਨੂੰ ਹੋੜਦਾ ਤੇ, ਵਹਿਮੀ ਢੋਲਾ ਆਖਦਾ ਏ।***
***"ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।"***
***ਡਾ. ਭਾਈ ਵੀਰ ਸਿੰਘ ਜੀ***

ਤੇ ਜਵਾਬ ਦਿੰਦੇ ਨੇ -

***"ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,***
***'ਵਲਵਲੇ ਦੇ ਦੇਸ਼ ਸਾਡੀਆਂ ਲੱਗ ਗਈਆਂ ਯਾਰੀਆਂ।"***
***ਡਾ. ਭਾਈ ਵੀਰ ਸਿੰਘ***

ਅਸੀਂ ਤਾਂ ਪਿਆਰ ਦੇ ਦੇਸ ਵਿਚ ਪਹੁੰਚ ਗਏ। ਹੁਣ ਸਾਡੇ ਕੋਲ ਕਾਰਨ ਨਹੀਂ ਹੈ, ਕਿਉਂ, ਕਿਥੇ, ਕੀ, ਕਿਵੇਂ ਨਹੀਂ ਹੈ ਸਾਡੇ ਕੋਲ। ਚਾਰ 'ਕੱਕੇ' ਹੁੰਦੇ ਨੇ ਇਹ 'ਚਾਰੇ ਕੱਕੇ' ਨਹੀਂ ਹਨ ਸਾਡੇ ਕੋਲ।

ਸੋ ਉਸ ਵੇਲੇ ਜਿਹੜੇ ਪੂਰੇ ਨੇ ਉਹ ਹੈਰਾਨ ਹੁੰਦੇ ਨੇ ਕਿ ਕੀ ਕਿਰਿਆ ਮਹਾਰਾਜ ਜੀ ਦੀ ਹੈ ਪਰ ਜਿਵੇਂ ਦਰਖਤ ਡੋਲਦੇ ਨੇ ਇਉਂ ਡੋਲਣ ਲੱਗ ਗਏ ਮਨ, ਸ਼ੱਕ ਪੈ ਗਿਆ ਕਿ ਮਹਾਰਾਜ ਜੀ ਦਾ ਦਿਮਾਗ ਖਰਾਬ ਹੋ ਗਿਆ ਹੈ।

ਗੁਰੂ ਦਸਵੇਂ ਪਾਤਿਸ਼ਾਹ ਨੇ ਜਦੋਂ ਸਿਰੀ ਸਾਹਿਬ ਖਿੱਚੀ ਤਾਂ ਉਸ ਵੇਲੇ ਮਸੰਦ ਡੋਲ ਗਏ। ਮਾਤਾ ਜੀ ਕੋਲ ਗਏ, ਕਹਿੰਦੇ, ਮਾਤਾ ਜੀ! ਸਾਹਿਬਜ਼ਾਦਾ ਜੀ ਨੂੰ ਕੀ ਹੋ ਗਿਆ, ਗੁਰੂ ਮਹਾਰਾਜ ਜੀ ਨੂੰ। ਉਨ੍ਹਾਂ ਨੇ ਤਾਂ ਸਿੱਖਾਂ ਨੂੰ ਵੱਢਣਾ ਹੀ ਸ਼ੁਰੂ ਕਰ ਦਿੱਤਾ। ਤੁਸੀਂ ਜਾ ਕੇ ਦਖਲ ਦੇਵੋ, ਸਮਝਾਓ, ਇਹ ਕੀ ਕਰਨ ਲੱਗ ਗਏ। ਇਸ ਤਰ੍ਹਾਂ ਤਾਂ ਸਾਰੇ ਸਿੱਖ ਦੌੜ ਜਾਣਗੇ। ਡੋਲ ਜਾਂਦਾ ਹੈ ਉਹ ਬੰਦਾ ਜਿਹੜਾ ਪੂਜਾ ਦਾ ਧਾਨ ਖਾਂਦਾ ਹੈ ਕਿਉਂਕਿ ਉਸ ਦੇ ਵਿਚ ਸ਼ਰਧਾ ਭਰੋਸਾ ਨਹੀਂ ਹੋਇਆ ਕਰਦਾ। ਬਾਕੀ ਜਿਹੜੇ ਸਿੱਖ ਆਉਂਦੇ ਨੇ ਗੁਰੂ ਕੋਲ



Sri Satguru Jagjit Singh Ji eLibrary NamdhariElibrary@gmail.com

ਕਿ ਮੇਰਾ ਆਹ ਹੋ ਜਾਵੇ, ਮੇਰਾ ਓਹ ਹੋ ਜਾਵੇ, ਮੇਰੀ ਬਿਮਾਰੀ ਹਟ ਜਾਵੇ, ਮੇਰਾ ਫਲਾਣਾ ਕੰਮ ਹੋ ਜਾਵੇ, ਉਹ ਤਾਂ ਪਹਿਲਾਂ ਹੀ ਡੋਲੇ-ਡੁਲਾਏ ਹੁੰਦੇ ਨੇ। ਹੋ ਗਿਆ ਤਾਂ ਠੀਕ ਹੈ, ਫੇਰ ਵੀ ਨਹੀਂ ਮੰਨਣਾ। ਜੇ ਨਾ ਹੋਇਆ ਫੇਰ ਤਾਂ ਛੁੱਟੀਆਂ ਨੇ ਪਹਿਲਾਂ ਹੀ। ਸੋ ਇਹ ਬਹੁਤ ਔਖੀ ਹੈ ਸਾਧ ਸੰਗਤ ਜੀ! ਐਸਾ ਫੁਰਮਾਨ ਕਰਦੇ ਨੇ-

***ਧਾਰਨਾ - ਮਾਇਆ ਇਹ ਸਤਿਗੁਰ ਦੀ,***
***ਸਹਿਣੀ ਹੈ ਬਹੁਤੀ ਔਖੀ -2, 2.***
***ਸਹਿਣੀ ਹੈ ਬਹੁਤੀ ਔਖੀ -2, 2.***
***ਮਾਇਆ ਇਹ ਸਤਿਗੁਰ ਦੀ,......... -2.***

ਗੁਰੂ ਦੀ ਮਾਇਆ, ਵਾਹਿਗੁਰੂ ਵਲੋਂ ਪਾਈ ਹੋਈ ਮਾਇਆ, ਮੁਰਸ਼ਦ ਵਲੋਂ ਪਾਈ ਹੋਈ ਮਾਇਆ, ਸੰਤਾਂ ਵਲੋਂ ਪਾਈ ਹੋਈ ਮਾਇਆ ਕੋਈ ਵਿਰਲਾ ਹੈ ਜਿਹੜਾ ਸਹਿ ਜਾਂਦਾ ਹੈ, ਕੱਚਾ ਤਾਂ ਸਹਿ ਹੀ ਨਹੀਂ ਸਕਦਾ, ਪੱਕਾ ਵੀ ਡੋਲ ਜਾਂਦਾ ਹੈ ਕਿਉਂਕਿ ਧੁਰ ਤੋਂ ਆਈ ਹੈ -

***ਧੁਰ ਕੀ ਭੇਜੀ ਆਈ ਆਮਰਿ॥ ਪੰਨਾ - 371***

ਜਿਹੜੀ ਜਿੱਤੀ ਨਾ ਜਾਵੇ ਕਿਸੇ ਤੋਂ, ਉਹ ਮਾਇਆ ਹੈ-ਧੁਰ ਤੋਂ ਆਈ ਹੋਈ।

***ਨਉਖੰਡ ਜੀਤੇ ਸਭਿ ਥਾਨ ਥਨੰਤਰ॥ ਪੰਨਾ - 371***

ਸਾਰੀਆਂ ਸ੍ਰਿਸ਼ਟੀਆਂ, ਸਾਰੇ ਆਕਾਸ਼, ਸਾਰੇ ਪਾਤਾਲ ਏਸ ਮਾਇਆ ਨੇ ਜਿੱਤ ਲਏ।

***ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ॥***
***ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ॥ ਪੰਨਾ - 371***

ਸੋ ਮਾਇਆ ਬੜੀ ਔਖੀ ਹੈ ਸਾਰੇ ਵੱਡੇ ਵੱਡੇ ਵਿਚਾਰਵਾਨ ਗੁਰੂ ਨਾਨਕ ਪਾਤਿਸ਼ਾਹ ਨਾਲ ਜਿਹੜੇ ਰਹੇ, ਸਾਰੀਆਂ ਗੱਲਾਂ ਪ੍ਰਤੱਖ ਦੇਖ ਕੇ ਇਹ ਮੰਨ ਕੇ ਕਿ ਗੁਰੂ ਨਾਨਕ ਸਾਹਿਬ ਗੋਬਿੰਦ ਰੂਪ ਹੈ ਫੇਰ ਡੋਲ ਰਹੇ ਨੇ। ਜਿਵੇਂ ਦਰਖਤਾਂ ਦੇ ਪੱਤੇ ਹਨ੍ਹੇਰੀ ਦੇ ਨਾਲ ਝੜਦੇ ਨੇ ਇਸ ਤਰ੍ਹਾਂ ਵਿਸ਼ਵਾਸ ਦੇ ਪੱਤੇ ਝੜ ਰਹੇ ਨੇ। ਕਹਿੰਦੇ ਕੀ ਪਤਾ ਹੈ, ਦਿਮਾਗ ਹੀ ਖਰਾਬ ਹੋ ਗਿਆ ਹੋਵੇ। ਇਹ ਗੱਲਾਂ ਅਜੇ ਸੋਚ ਹੀ ਰਹੇ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਫੇਰ ਆ ਗਏ।

ਧਰਮਸ਼ਾਲਾ ਵਿਚ ਹੀ ਆ ਗਏ, ਕੁਤਕਾ ਹੱਥ ਵਿਚ ਹੈ। ਸੂਰੀਆਂ ਅੱਗੇ ਲਾਈਆਂ ਹੋਈਆਂ ਨੇ, ਦੋ ਤਿੰਨ ਕੁੱਤੇ ਨਾਲ ਲਏ ਹੋਏ ਨੇ ਤੇ ਸ਼ਿਕਾਰੀਆਂ ਵਾਲੇ ਮੈਲੇ ਕੱਪੜੇ ਪਾਏ ਹੋਏ ਨੇ, ਹੱਥ ਵਿਚ ਛੁਰਾ ਲਿਆ ਹੋਇਆ ਹੈ, ਨੇਤਰ ਜਲਾਲ ਵਿਚ ਲਾਲ ਹੋਏ ਪਏ ਨੇ, ਅੱਖ ਝਮਕਦੇ ਨਹੀਂ, ਜਿਸ ਦੇ ਵੱਲ ਦੇਖਦੇ ਨੇ ਨੱਠ ਕੇ ਪੈਂਦੇ ਨੇ। ਸਭ ਡਰ ਗਏ ਕਿ ਇਹ ਕੀ ਹੋ ਗਿਆ। ਸੋ ਇਸ ਤਰ੍ਹਾਂ ਅੱਗੇ ਹੀ ਅੱਗੇ ਜਾਂਦੇ ਨੇ। ਜਿਧਰ ਨੂੰ ਮਹਾਰਾਜ ਜੀ ਜਾਂਦੇ ਨੇ, ਨੇੜੇ ਨਹੀਂ ਕੋਈ ਹੁੰਦਾ, ਦੂਰ ਨੂੰ ਹੋ ਜਾਂਦੇ ਨੇ। ਧਰਮਸ਼ਾਲਾ ਤੋਂ ਸਾਰੇ ਹੀ ਸਿੱਖ ਭੱਜ ਗਏ, ਖਾਲੀ ਕਰ ਦਿੱਤੀ ਧਰਮਸ਼ਾਲਾ। ਉਸ ਤੋਂ ਬਾਅਦ ਮਹਾਰਾਜ ਜੀ ਜੰਗਲ ਵੱਲ ਨੂੰ ਚੱਲ ਪਏ, ਉਸੇ ਤਰ੍ਹਾਂ ਦੇ ਨਾਲ ਕੁੱਤੇ ਨਾਲ ਲਏ ਹੋਏ ਤੇ ਏਸ ਤਰ੍ਹਾਂ ਦੇ ਨਾਲ ਪੜ੍ਹਦੇ ਜਾਂਦੇ ਨੇ -

***ਧਾਰਨਾ - ਧਾਣਕ ਰੂਪ ਰਹਾ ਕਰਤਾਰ -2, 2.***
***ਧਾਣਕ ਰੂਪ ਰਹਾ ਕਰਤਾਰ -2, 4.***

ਪੜ੍ਹਦੇ ਹੋਏ ਜਾ ਰਹੇ ਨੇ, ਕੋਈ ਨੇੜੇ ਨਹੀਂ ਜਾ ਰਿਹਾ। ਗੁਰੂ ਅੰਗਦ ਪਾਤਿਸ਼ਾਹ ਇਕੱਲੇ ਹੀ ਪਿਛੇ ਪਿਛੇ ਜਾ ਰਹੇ ਨੇ। ਸੰਗਤ ਫੇਰ ਧਰਮਸ਼ਾਲਾ ਵਿਚ ਇਕੱਠੀ ਹੋ ਗਈ।

***ਏਕੁ ਸੁਆਨੁ ਦੁਇ ਸੁਆਨੀ ਨਾਲਿ॥***
***ਭਲਕੇ ਭਉਕਹਿ ਸਦਾ ਬਇਆਲਿ॥***
***ਕੂੜੁ ਛੁਰਾ ਮੁਠਾ ਮੁਰਦਾਰੁ॥***
***ਧਾਣਕ ਰੂਪਿ ਰਹਾ ਕਰਤਾਰ॥ ਪੰਨਾ - 24***

ਸੋ ਭਾਈ ਲਹਿਣਾ ਜੀ ਪਿਛੇ-ਪਿਛੇ ਜਾ ਰਹੇ ਨੇ। ਗੁਰੂ ਨਾਨਕ ਸਾਹਿਬ ਨੇ ਫੇਰ ਮੁੜ ਕੇ ਦੇਖਿਆ ਕਿ ਹੋਰ ਤਾਂ ਦੂਰ ਨੇ, ਜਿਹੜੇ ਆ ਵੀ ਰਹੇ ਨੇ ਕਾਫੀ ਫਾਸਲੇ ਤੇ ਨੇ ਤੇ ਇਹ ਸਾਡੇ ਬਹੁਤ ਨੇੜੇ ਆ ਰਿਹਾ ਹੈ। ਨੇੜੇ ਆਉਂਦੇ ਨੇ ਉਥੇ ਹੀ ਖੜ੍ਹ ਜਾਂਦੇ ਨੇ, ਕੁਤਕਾ ਮਾਰਦੇ ਨੇ ਤੇ ਉਹ ਚੁਪ ਕਰਕੇ ਸਹਿ ਲੈਂਦੇ ਨੇ।

ਮਹਾਰਾਜ ਜੀ ਕਹਿੰਦੇ, "ਤੂੰ ਕਿਉਂ ਨਹੀਂ ਜਾਂਦਾ ਜਦੋਂ ਸਾਰੇ ਚਲੇ ਗਏ?"

ਭਾਈ ਲਹਿਣਾ ਜੀ ਕਹਿੰਦੇ, "ਸੱਚੇ ਪਾਤਿਸ਼ਾਹ! ਮੈਂ ਕਿਥੇ ਜਾਵਾਂ? ਮੈਨੂੰ ਦੱਸ ਦਿਓ।"

ਮਹਾਰਾਜ ਜੀ ਕਹਿੰਦੇ, "ਜਿਥੇ ਉਹ ਬੈਠੇ ਨੇ ਉਥੇ ਜਾਹ! ਹੁਕਮ ਮੰਨ ਸਾਡਾ, ਫੌਰਨ ਜਾਹ। ਪਿੱਛੇ ਮੁੜ ਕੇ ਨਾ ਦੇਖੀ।"

ਕਹਿੰਦੇ, "ਪਾਤਿਸ਼ਾਹ! ਇਕ ਬੇਨਤੀ ਹੈ।"

ਮਹਾਰਾਜ ਜੀ ਕਹਿੰਦੇ, "ਕੀ ਹੈ?"

ਭਾਈ ਲਹਿਣਾ ਕਹਿੰਦੇ, "ਮੈਥੋਂ ਰਹਿ ਨਹੀਂ ਹੋਣਾ।"

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ - 708***

ਪਾਤਿਸ਼ਾਹ! ਕਿਥੇ ਜਾਵਾਂ, ਮੈਨੂੰ ਕੋਈ ਟਿਕਾਣਾ ਨਹੀਂ ਹੈ, ਕੋਈ ਥਾਂ ਨਹੀਂ ਹੈ - ਤੇਰੇ ਚਰਨਾਂ ਤੋਂ ਬਗੈਰ। ਮੈਨੂੰ ਹੋਰ ਕੋਈ ਜੀਵਨ ਨਹੀਂ ਹੈ ਤੇਰੇ ਦਰਸ਼ਨ ਤੋਂ ਬਗੈਰ। ਸੋ ਪਾਤਿਸ਼ਾਹ! ਮੈਂ ਕਿਥੇ ਜਾਵਾਂ?"

ਮਹਾਰਾਜ ਜੀ ਕਹਿੰਦੇ, "ਜਾਂਦਾ ਹੈਂ ਜਾਂ ਨਹੀਂ ਜਾਂਦਾ?" ਕੁਤਕਾ ਲੈ ਕੇ ਆਉਂਦੇ ਨੇ। ਕਹਿੰਦੇ, "ਜਾਹ ਉਥੇ ਜਿਥੇ ਸੰਗਤ ਬੈਠੀ ਹੈ। ਪਿਛੇ ਮੁੜ ਕੇ ਨਾ ਦੇਖੀਂ, ਭੱਜਿਆ ਹੀ ਜਾਹ।"

ਹੁਕਮ ਦੀ ਤਾਮੀਲ ਕਰ ਲਈ, ਪੂਰੇ ਜੋਰ ਨਾਲ ਨੱਠੇ ਆਉਂਦੇ ਨੇ ਤੇ ਧਰਮਸ਼ਾਲਾ ਅੰਦਰ ਬੈਠੇ ਗੁਰਸਿੱਖ ਦੇਖ ਰਹੇ ਨੇ



Sri Satguru Jagjit Singh Ji eLibrary NamdhariElibrary@gmail.com

ਕਿ ਭਾਈ ਲਹਿਣਾ ਜੀ ਵੀ ਨੱਠੇ ਆਉਂਦੇ ਨੇ, ਪਤਾ ਨਹੀਂ ਕੀ ਬਣ ਗਿਆ। ਸੋ ਆਪ ਧਰਮਸ਼ਾਲਾ ਦੇ ਅੰਦਰ ਆ ਗਏ। ਸਾਰੇ ਪੁਛਦੇ ਨੇ ਕਿ ਭਾਈ ਲਹਿਣਾ! ਕੀ ਬਣਿਆ ਤੁਹਾਡੇ ਨਾਲ, ਤੁਹਾਨੂੰ ਐਨਾ ਪਸੀਨਾ ਆਇਆ ਹੋਇਆ ਹੈ, ਸਾਹੋ ਸਾਹ ਹੋਏ ਪਏ ਹੋ, ਦੱਸੋ ਤਾਂ ਸਹੀ, ਸੁੱਖ ਵੀ ਹੈ? ਕਹਿੰਦੇ ਬੈਠੋ ਗੱਲ ਕਰਦੇ ਹਾਂ। ਸਾਰੇ ਬੈਠ ਗਏ। ਕਹਿੰਦੇ ਦੱਸੋ ਕੀ ਹੋਇਆ? ਆਪਾਂ ਕੀ ਕਰੀਏ? ਤੁਸੀਂ ਗੁਰੂ ਮਹਾਰਾਜ ਜੀ ਦੇ ਬਹੁਤੇ ਨਿਕਟਵਰਤੀ ਹੋ ਸਾਰਿਆਂ ਨਾਲੋਂ ਤੇ ਤੁਸੀਂ ਨੇੜੇ ਰਹੇ ਹੋ, ਤੁਸੀਂ ਦੱਸੋ ਤੁਹਾਡੇ ਨਾਲ ਕੀ ਵਰਤੀ?

ਕਹਿਣ ਲੱਗੇ, "ਕੁਝ ਵੀ ਨਹੀਂ ਵਰਤੀ। ਕਿਉਂ ਡੋਲਦੇ ਹੋ ਗੁਰਸਿਖੋ! ਡੋਲਣ ਵਾਲਾ ਥਾਂ ਨਹੀਂ ਹੈ। ਗੁਰੂ ਦੇ ਕੋਲ ਥਾਪੜਾ ਵੀ ਹੁੰਦਾ ਹੈ ਤੇ ਕੁਤਕਾ ਵੀ ਹੁੰਦਾ ਹੈ। ਜੋ ਰਸ ਥਾਪੜੇ ਵਿਚੋਂ ਮਾਣਦੇ ਹੋ ਉਹ ਅੱਜ ਕੁਤਕੇ ਵਿਚੋਂ ਮਾਣੋ। ਜਿਹੜਾ ਇਹ ਸਰੂਪ ਧਾਣਕ ਦਾ ਧਾਰਿਆ ਹੈ – ਸ਼ਿਕਾਰੀਆਂ ਦਾ, ਇਹ ਵੀ ਉਸੇ ਦਾ ਸਰੂਪ ਹੈ ਜਿਸ ਦੇ ਅੱਗੇ ਆਪਾਂ ਪਹਿਲਾਂ ਨਮਸ਼ਕਾਰਾਂ ਕਰਦੇ ਸੀਚ ਡੋਲੋ ਨਾ।"

ਏਸ ਤਰ੍ਹਾਂ ਨਾਲ ਧਰਵਾਸ ਦਿੰਦੇ ਨੇ, ਨਿਹਚਾ ਬੰਧਵਾਉਂਦੇ ਨੇ।

***ਧਾਰਨਾ – ਜੇ ਗੁਰ ਝਿੜਕੇ ਤਾ ਮੀਠਾ ਲਾਗੈ,***
***ਬਖਸ਼ੇ ਗੁਰ ਵਡਿਆਈ –2, 2.***

***ਜੇ ਗੁਰੁ ਝਿੜਕੇ ਤਾ ਮੀਠਾ ਲਾਗੈ....॥ ਪੰਨਾ – 758***

ਜਿਸ ਨੇ ਝਿੜਕ ਮਿੱਠੀ ਲਾ ਲਈ, ਉਹ ਪਾਸ ਕਰ ਗਿਆ, ਨੰਬਰ ਲੈ ਲਏ। ਜਿਹੜਾ ਨੰਬਰ ਹੀ ਨੰਬਰ ਚਾਹੁੰਦਾ ਹੈ, ਪ੍ਰਸੰਸਾ ਹੀ ਪ੍ਰਸੰਸਾ ਚਾਹੁੰਦਾ ਹੈ ਕਿ ਮੈਨੂੰ ਏਸ ਤਰ੍ਹਾਂ ਕਰਨ ਕਿ ਤੂੰ ਤਾਂ ਬੜੀ ਸੇਵਾ ਕਰਦਾ ਹੈਂ, ਤੂੰ ਪ੍ਰੇਮੀਆ! ਬਹੁਤ ਵਧੀਆ ਹੈਂ, ਤੇਰਾ ਗਲਾ ਬਹੁਤ ਵਧੀਆ ਹੈ, ਤੂੰ ਕੀਰਤਨ ਬੜਾ ਵਧੀਆ ਕਰਦਾ ਹੈਂ, ਤੂੰ ਕਥਾ ਬੜੀ ਵਧੀਆ ਕਰਦਾ ਹੈਂ। ਤੂੰ ਤਾਂ ਸੰਗਤਾਂ ਦੀ ਸੇਵਾ ਬਹੁਤ ਵਧੀਆ ਕਰਦਾ ਹੈ। ਸੋ ਇਹ ਵਡਿਆਈ ਹੈ ਤੇ ਵਡਿਆਈ ਮਿੱਠੀ ਲਗਦੀ ਹੈ। ਜਦੋਂ ਗੁਰੂ ਝਿੜਕਦਾ ਹੈ ਫੇਰ ਥਾਂ ਛੱਡ ਜਾਂਦਾ ਹੈ, ਨੱਠਦਾ ਹੈ। ਮੁਰਸ਼ਦ-ਏ-ਕਾਮਲ ਦੀ ਸੇਵਾ ਏਸ ਤਰ੍ਹਾਂ ਨਹੀਂ ਹੋਇਆ ਕਰਦੀ।

***ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ...........॥***
***ਪੰਨਾ – 757***

ਜੇ ਕੋਲ ਬਠਾ ਲਏਂਗਾ ਤਾਂ ਮੈਂ ਗੁਸਤਾਖ ਨਹੀਂ ਹੁੰਦਾ ਕਿ ਸ਼ਰਧਾ ਛੱਡ ਕੇ ਬਰਾਬਰ ਦਾ ਬਣ ਜਾਵਾਂਗਾ, ਇਹ ਵੀ ਤੇਰੀ ਮਿਹਰ ਹੈ ਪਾਤਿਸ਼ਾਹ! ਕਿ ਤੂੰ ਨੇੜੇ ਰੱਖਦਾ ਹੈਂ ਮੈਨੂੰ। ਕੀ ਪਤਾ ਹੈ ਤੂੰ ਕਿਹੜੇ ਵੇਲੇ ਕਹਿ ਦੇਵੇਂ ਕਿ ਦੂਰ ਹੋ ਜਾ ਤੇ ਮੇਰੇ ਕੋਲ ਨਾ ਆਇਆ ਕਰ।

***ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ***
***ਜੇ ਮਾਰਿ ਕਢਹਿ ਭੀ ਧਿਆਈ॥ ਪੰਨਾ – 757***

ਜੇ ਡੰਡੇ ਮਾਰ ਕੇ ਮੈਨੂੰ ਕੱਢ ਵੀ ਦੇਵੇਂ, ਫੇਰ ਵੀ ਮੈਂ ਤੈਨੂੰ ਧਿਆਵਾਂਗਾ। ਫੇਰ ਇਹ ਨਹੀਂ ਕਿ ਮੈਂ ਉਥੇ ਜਾਣਾ ਨਹੀਂ ਕਿ ਉਹ ਤਾਂ ਜੀ ਘੂਰਦੇ ਬਹੁਤ ਨੇ, ਝਿੜਕਾਂ ਬਹੁਤ ਮਾਰਦੇ ਨੇ।

***ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ...........॥***
***ਪੰਨਾ – 757***

ਜੇ ਲੋਕ ਮੈਨੂੰ ਕਹਿੰਦੇ ਨੇ ਕਿ ਤੂੰ ਚੰਗੇ ਥਾਂ ਜਾਂਦਾ ਹੈਂ ਤਾਂ ਤੇਰੀ ਹੀ ਉਪਮਾ ਹੈ; ਜੇ ਮੇਰੀ ਨਿੰਦਿਆ ਕਰਦੇ ਨੇ ਕਿ ਉਥੇ ਕਿਉਂ ਜਾਂਦਾ ਹੈਂ? ਉਥੇ ਕੀ ਹੈ? ਫੇਰ ਵੀ ਮਹਾਰਾਜ ਮੈਂ ਛੱਡ ਕੇ ਨਹੀਂ ਜਾਂਦਾ –

***........... ਜੇ ਨਿੰਦੈ ਤ ਛੋਡਿ ਨ ਜਾਈ॥***
***ਪੰਨਾ – 757***

ਸਾਧ ਸੰਗਤ ਜੀ! ਓਹੀ ਗੁਰੂ ਨਾਨਕ ਪਾਤਿਸ਼ਾਹ ਹੈ ਦੀਨ-ਦੁਨੀ ਦਾ ਮਾਲਕ –

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।।***
***ਪੰਨਾ – 1395***

ਤੇ ਅੱਜ ਤੁਹਾਡੇ ਨਿਹਚੇ ਹਿਲਦੇ ਜਾਂਦੇ ਨੇ। ਨਿਰੰਕਾਰ ਦੇ ਵਿਚ ਵੀ ਕਦੇ ਕੋਈ ਦੋਸ਼ ਆਉਂਦਾ ਹੈ? ਉਹ ਤਾਂ ਪੂਰਨ ਨੇ, ਇਹ ਤਾਂ ਸਾਂਗ ਵਰਤਿਆ ਹੈ। ਮੈਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਦਾ ਹਾਂ, ਧਿਆਨ ਨਾਲ ਸਰਵਣ ਕਰਿਓ।

ਕਹਿੰਦੇ, "ਸਾਰੇ ਮਹਾਂਪੁਰਸ਼, ਵਾਹਿਗੁਰੂ ਆਪ ਸਾਂਗ ਵਰਤਾ ਕੇ ਪ੍ਰੀਖਿਆ ਪਾਉਂਦੇ ਨੇ। ਜਦੋਂ ਤੱਕ ਰੂਹਾਨੀ ਪ੍ਰੀਖਿਆ ਨਹੀਂ ਹੁੰਦੀ, ਓਨੀ ਦੇਰ ਤੱਕ ਇਹ ਨਿਹਚਾ ਹੀ ਨਹੀਂ ਹੁੰਦਾ ਕਿ ਇਹ ਪਾਸ ਹੈ ਜਾਂ ਫੇਲ੍ਹ ਹੈ।"

ਜਦੋਂ ਆਪੇ ਹੀ ਘਰ ਪੜ੍ਹੀ ਜਾਓ ਤਾਂ ਕੋਈ ਪਤਾ ਨਹੀਂ ਲਗਦਾ ਕਿ ਪਾਸ ਹੈ ਜਾਂ ਫੇਲ੍ਹ। ਪਤਾ ਤਾਂ ਉਦੋਂ ਲੱਗਣਾ ਹੈ ਜਦੋਂ ਪੇਪਰ ਪੈਣਾ ਹੈ।

ਭਾਈ ਲਹਿਣਾ ਜੀ ਸੰਗਤ ਨੂੰ ਸਮਝਾਉਂਦੇ ਹੋਏ ਕਹਿੰਦੇ ਨੇ ਕਿ ਆਦਿ ਜੁਗਾਦਿ ਤੋਂ ਪ੍ਰੀਖਿਆ ਹੁੰਦੀ ਆਈ ਹੈ। ਧਿਆਨ ਦਿਓ, ਤ੍ਰੇਤਾ ਯੁਗ ਦੇ ਅੰਦਰ ਇਕ ਰਾਜਾ ਹੋਇਆ ਹੈ ਜਿਸ ਦਾ ਨਾਂ ਹਰੀ ਚੰਦ ਸੀ। ਇਹ ਹਰੀ ਚੰਦ ਸੱਤਵਾਦੀ ਸੀ, ਕਦੇ ਝੂਠ ਨਹੀਂ ਸੀ ਬੋਲਦਾ, ਕੁਝ ਹੋ ਜਾਵੇ। ਜੋ ਮੂੰਹ ਵਿਚੋਂ ਬਚਨ ਕਹਿ ਦਿੱਤਾ, ਚਾਹੇ ਜਾਨ ਚਲੀ ਜਾਵੇ ਪਰ ਬਚਨ ਨਹੀਂ ਸੀ ਜਾਣ ਦਿੰਦਾ। ਦਾਨੀ ਬਹੁਤ ਸੀ, ਇਨਸਾਫ ਕਰਦਾ ਸੀ। ਸੋ ਜਦੋਂ ਮਾਤ ਲੋਕ ਵਿਚ ਇਸ ਦਾ ਤਪ ਵਧਿਆ, ਇੰਦਰ ਦਾ ਜੋ ਰਾਜ ਹੈ ਇਹ ਪੰਜਵੇਂ-ਛੇਵੇਂ ਸਵਰਗ ਵਿਚ ਹੈ। ਪਹਿਲਾ ਗੰਧਰਵ ਲੋਕ ਹੈ, ਫੇਰ 'ਦੇਵ ਗੰਧਰਵ' ਹੁੰਦਾ ਹੈ, ਫੇਰ 'ਪਿੱਤਰ ਲੋਕ' ਹੁੰਦਾ ਹੈ, ਫੇਰ 'ਸਵਰਗ ਲੋਕ' ਹੁੰਦਾ ਹੈ। ਉਸ ਤੋਂ ਬਾਅਦ 'ਇੰਦਰ ਲੋਕ' ਹੁੰਦਾ ਹੈ ਪੰਜਵੇਂ ਥਾਂ ਤੇ। ਇਥੇ ਬਹੁਤ ਹੀ ਸੁਖ ਨੇ। ਆਪਣੇ ਸੰਸਾਰ ਨਾਲੋਂ ਦਸ ਅਰਬ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ ਵਿਚ ਹੈ। ਜੇ ਸੌ ਯੱਗ ਪੂਰੇ ਨਿਰਵਿਘਨ ਹੋ ਜਾਣ ਤਾਂ 'ਇੰਦਰ' ਪਦਵੀ ਵਾਸਤੇ ਉਮੀਦਵਾਰ ਹੋ ਜਾਇਆ ਕਰਦਾ ਹੈ। ਪੂਰੇ ਕੋਈ-ਕੋਈ ਕਰਦਾ ਹੈ, ਇਨ੍ਹਾਂ ਵਿਚ ਵਿਘਨ ਪੈ ਜਾਇਆ ਕਰਦਾ ਹੈ। ਮੁੜ ਕੇ ਇਕ ਦੋ ਤੋਂ ਫੇਰ ਸ਼ੁਰੂ ਕਰਨਾ ਪੈਂਦਾ ਹੈ ਜਿਵੇਂ ਚਿਲਾ ਕੱਟੀਦਾ ਹੈ। ਉਨਤਾਲੀ ਦਿਨ ਪਾਠ ਕਰ ਲਿਆ, ਚਾਲੀ ਦਿਨ ਕਰ ਲਿਆ, ਜੇ ਇਕਤਾਲੀਵੇਂ ਦਿਨ



Sri Satguru Jagjit Singh Ji eLibrary NamdhariElibrary@gmail.com

ਨਹੀਂ ਹੋਇਆ, ਮੁੜ ਕੇ ਫੇਰ ਇਕ ਤੋਂ ਸ਼ੁਰੂ ਕਰੋ, ਨਹੀਂ ਤਾਂ ਹੋਇਆ ਨਹੀਂ ਕਰਦਾ, ਟੁੱਟ ਜਾਇਆ ਕਰਦਾ ਹੈ। ਇਸੇ ਤਰ੍ਹਾਂ ਇੰਦਰ ਪਦਵੀ ਹੈ।

ਜਦੋਂ ਇੰਦਰ ਨੂੰ ਪਤਾ ਲੱਗਿਆ ਕਿ ਹਰੀ ਚੰਦ ਦਾ ਪ੍ਰਤਾਪ ਐਨਾ ਵਧ ਰਿਹਾ ਹੈ ਕਿ ਉਸ ਦਾ ਸੇਕ ਮੇਰੇ ਤੱਕ ਪਹੁੰਚਣ ਲੱਗ ਗਿਆ। ਉਸ ਵੇਲੇ ਬੜੀ ਚਿੰਤਾ ਹੋਈ ਉਸ ਦੇ ਮਨ ਵਿਚ।

ਇਕ ਦਿਨ ਹਰੀ ਚੰਦ ਕੋਲ ਵਿਸ਼ਵਾਮਿੱਤਰ ਆ ਗਿਆ ਤੇ ਉਸ ਨੂੰ ਕੁਝ ਈਰਖਾ ਹੋ ਗਈ ਕਿਉਂਕਿ ਜੋ ਹਰੀ ਚੰਦ ਸੀ ਉਹ ਵਸ਼ਿਸ਼ਟ ਜੀ ਦਾ ਸੇਵਕ ਸੀ। ਇਸ ਦਾ ਜੋ ਪਿਤਾ ਜੀ ਤ੍ਰਿਸ਼ੰਕੂ, ਉਹ ਸੀ ਵਿਸ਼ਵਾਮਿੱਤਰ ਦਾ ਸੇਵਕ। ਉਸ ਨੇ ਕਿਹਾ, ਪਿਤਾ ਤਾਂ ਮੈਨੂੰ ਮੰਨਦਾ ਹੈ ਤੇ ਚਲਿਆ ਗਿਆ ਵਸ਼ਿਸ਼ਟ ਜੀ ਕੋਲ। ਆਪਸ ਵਿਚ ਈਰਖਾ ਸਾਧੂ ਸੰਤਾਂ ਨੂੰ ਵੀ ਹੋ ਜਾਇਆ ਕਰਦੀ ਹੈ, ਕੋਈ ਇਕ ਅੱਧਾ ਹੀ ਬਰੀ ਹੁੰਦਾ ਹੈ ਸੰਸਾਰ ਵਿਚ ਜਿਹੜਾ ਇਨ੍ਹਾਂ ਗੱਲਾਂ ਤੋਂ ਉਪਰ ਹੋਵੇ, ਨਹੀਂ ਤਾਂ ਸੰਸਾਰ ਇਨ੍ਹਾਂ ਗੱਲਾਂ ਵਿਚ ਫਸਿਆ ਪਿਆ ਹੈ ਕਿਉਂਕਿ ਮਾਇਆ ਖਹਿੜਾ ਨਹੀਂ ਛੱਡਦੀ। ਮਾਇਆ ਦੇ ਹੱਥ ਬਹੁਤ ਲੰਮੇ ਨੇ, ਇਹ ਦੂਰ ਤੱਕ ਜਾਂਦੀ ਹੈ। ਅਕਾਸ਼ ਲੋਕ ਤੱਕ ਮਾਇਆ ਜਾਂਦੀ ਹੈ, ਅਕਾਸ਼ ਕਹਿੰਦੇ ਨੇ ਸਵਰਗਾਂ ਨੂੰ। 'ਵਿਸ਼ਨੂੰ ਲੋਕ' ਤੱਕ ਪਹੁੰਚਦੀ ਹੈ ਜਿਸ ਨੂੰ 'ਬੈਕੁੰਠ ਧਾਮ' ਕਹਿੰਦੇ ਨੇ। ਉਸ ਦੇ ਉਪਰਲੇ ਪਾਸੇ ਜਿਥੋਂ 'ਸੱਚ ਖੰਡ' ਸ਼ੁਰੂ ਹੁੰਦਾ ਹੈ ਉਥੇ ਮਾਇਆ ਦਾ ਵੱਸ ਨਹੀਂ ਚਲਦਾ, ਨਾ ਕਾਲ ਦਾ ਵਸ ਚਲਦਾ ਹੈ।

ਸੋ ਇਸ ਤਰ੍ਹਾਂ ਵਿਸ਼ਵਾਮਿੱਤਰ ਦੇ ਮਨ ਵਿਚ ਈਰਖਾ ਹੈ। ਇੰਦਰ ਨੂੰ ਜਦੋਂ ਮਿਲਿਆ ਤਾਂ ਉਥੇ ਹਰੀ ਚੰਦ ਦੀ ਗੱਲ ਚੱਲੀ। ਕਹਿਣ ਲੱਗੇ ਕਿ ਮਹਾਰਾਜ! ਐਸੀ ਬਾਤ ਸੁਣੀ ਹੈ ਕਿ ਹਰੀ ਚੰਦ ਸਤਿਵਾਦੀ ਹੈ ਤੇ ਵਿਸ਼ਵਾਮਿਤਰ ਨੇ ਵੀ ਕਿਹਾ ਕਿ ਹਾਂ! ਸਤਿਵਾਦੀ ਹੈ। ਉਹ ਕਹਿੰਦਾ, ਹੋ ਹੀ ਨਹੀਂ ਸਕਦਾ ਕਿ ਮਨੁੱਖ ਹੋ ਕੇ ਫੇਰ ਸਤਿਵਾਦੀ ਹੋਵੇ। ਮੈਂ ਨਹੀਂ ਮੰਨਦਾ ਏਸ ਗੱਲ ਨੂੰ, ਇਹ ਗੱਲ ਹੋ ਨਹੀਂ ਸਕਦੀ। ਸਤਿਵਾਦੀ ਓਨਾ ਚਿਰ ਹੀ ਹੈ ਜਿੰਨਾ ਚਿਰ ਪ੍ਰੀਖਿਆ ਨਹੀਂ ਹੋਈ। ਜੇ ਪ੍ਰੀਖਿਆ 'ਚ ਪੈ ਜਾਵੇ ਫੇਰ ਸਤਿਵਾਦੀ ਨਹੀਂ ਰਹਿੰਦਾ। ਦੋਹਾਂ ਨੇ ਸਲਾਹ ਕਰ ਲਈ ਕਿ ਚਲੋ ਪ੍ਰੀਖਿਆ ਲੈਂਦੇ ਹਾਂ ਓਸ ਦੀ।

ਹਰੀ ਚੰਦ ਦਾਨ ਕਰਦਾ ਸੀ ਹਰ ਰੋਜ਼। ਸੋ ਵਿਸ਼ਵਾਮਿਤਰ ਬ੍ਰਾਹਮਣ ਬਣ ਕੇ ਸਭ ਤੋਂ ਪਹਿਲਾਂ ਆ ਗਿਆ। ਆ ਕੇ ਦਰਵਾਜ਼ੇ ਤੇ ਖੜ੍ਹਾ ਹੋ ਗਿਆ। ਹਰੀ ਚੰਦ ਬਾਹਰ ਆਇਆ, ਚਰਨਾਂ ਤੇ ਨਮਸ਼ਕਾਰ ਕੀਤੀ ਤੇ ਕਿਹਾ, "ਬ੍ਰਾਹਮਣ ਦੇਵਤਾ! ਕਿਸ ਤਰ੍ਹਾਂ ਨਾਲ ਆਏ ਹੋ।" ਬੜੀ ਸੇਵਾ ਕੀਤੀ, ਚਰਨ ਧੋਤੇ, ਚਰਨਾਮ੍ਰਿਤ ਲਿਆ। ਉਸ ਤੋਂ ਬਾਅਦ ਫੇਰ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਦਸੋ, ਕੀ ਹੁਕਮ ਹੈ ਆਪ ਦਾ।

ਕਹਿੰਦਾ, "ਰਾਜਨ! ਹੁਕਮ ਤਾਂ ਕੋਈ ਨਹੀਂ ਹੈ, ਬਸ ਸਾਡਾ ਜੀਅ ਕਰਦਾ ਹੈ ਕਿ ਚਾਰ ਕੁ ਮਹੀਨੇ ਤੇਰੀ ਗੱਦੀ ਤੇ ਬੈਠ ਕੇ ਦੇਖ ਲਈਏ ਕਿਉਂਕਿ ਕਈ ਵਾਰੀ ਸਾਡੇ ਮਨ ਵਿਚ ਫੁਰਨਾ ਆ ਜਾਂਦਾ ਹੈ ਕਿ ਰਾਜੇ ਪਤਾ ਨਹੀਂ ਕਿਵੇਂ ਰਾਜ ਕਰਦੇ ਨੇ। ਕਿੰਨਾ-ਕੁ ਸੁਖ ਹੁੰਦਾ ਹੈ। ਤੇ ਸਾਨੂੰ ਚਾਰ ਮਹੀਨੇ ਵਾਸਤੇ ਰਾਜ ਦੇ ਦੇ।"

ਉਹ ਕਹਿੰਦਾ, "ਠੀਕ ਹੈ ਮਹਾਰਾਜ! ਰਾਜ ਦਿੱਤਾ ਤੁਹਾਨੂੰ। ਜਿੰਨਾ ਚਿਰ ਤੁਹਾਡਾ ਜੀਅ ਕਰਦਾ ਹੈ ਰਾਜ ਕਰੋ। ਜਦੋਂ ਤੁਹਾਡਾ ਜੀਅ ਭਰ ਗਿਆ ਤਾਂ ਦੇ ਦਿਓ, ਨਹੀਂ ਭਰਿਆ ਤਾਂ ਨਾ ਦਿਓ। ਤੁਹਾਡੀ ਮਰਜੀ ਹੈ।" ਹੁਣ ਬਚਨ ਕਰ ਦਿੱਤਾ। ਰਾਜ ਲੈ ਲਿਆ, ਕਹਿੰਦੇ, "ਰਾਜਨ! ਤੈਨੂੰ ਪਤਾ ਹੈ ਜਿਹੜਾ ਦਾਨ ਦਿੰਦਾ ਹੈ, ਨਾਲ ਦੱਛਣਾ ਵੀ ਦਿਆ ਕਰਦਾ ਹੈ?"

ਕਹਿੰਦਾ, "ਹਾਂ ਮਹਾਰਾਜ! ਮੈਨੂੰ ਪਤਾ ਹੈ।"

ਕਹਿੰਦਾ, "ਫੇਰ ਦਛਣਾ ਇਕ ਹਜ਼ਾਰ ਮੋਹਰ ਦੇਹ।"

ਉਸੇ ਵਕਤ ਖਜ਼ਾਨਚੀ ਨੂੰ ਹੁਕਮ ਕਰ ਦਿੱਤਾ ਕਿ ਇਕ ਹਜ਼ਾਰ ਮੋਹਰ ਦੱਛਣਾ ਦੀ ਦੇ ਦਿਓ। ਉਸੇ ਵੇਲੇ ਉਹ ਬ੍ਰਾਹਮਣ ਨਾਰਾਜ਼ ਹੋ ਗਿਆ।

ਕਹਿਣ ਲੱਗਿਆ, ਤੂੰ ਤਾਂ ਬੜਾ ਮੂਰਖ ਬਾਦਸ਼ਾਹ ਹੈਂ, ਤੇਰੇ ਬਾਰੇ ਤਾਂ ਸੁਣਿਆ ਸੀ ਕਿ ਤੂੰ ਸਤਿਵਾਦੀ ਹੈਂ ਪਰ ਤੂੰ ਤਾਂ ਝੂਠ ਵਾਦੀ ਹੈਂ। ਤੂੰ ਮੈਨੂੰ ਰਾਜ ਦਿੱਤਾ ਹੈ ਜਾਂ ਨਹੀਂ?"

ਕਹਿੰਦਾ, "ਹਾਂ ਮਹਾਰਾਜ! ਦਿੱਤਾ ਹੈ।"

ਕਹਿੰਦਾ, "ਫੇਰ ਤੇਰਾ ਹੁਣ ਕੀ ਰਹਿ ਗਿਆ? ਕੀ ਇਹ ਖਜ਼ਾਨੇ ਤੇਰੇ ਨੇ, ਕੱਪੜੇ ਤੇਰੇ ਨੇ? ਜਿਸ ਕੱਪੜੇ ਵਿਚ ਖੜ੍ਹਾ ਹੈਂ ਇਹੀ ਤੇਰਾ ਹੈ ਤੇ ਹੁਣ ਤੂੰ ਮੈਨੂੰ ਦੱਛਣਾ ਦੇਹ - ਇਕ ਹਜ਼ਾਰ ਮੋਹਰ, ਤੇ ਨਹੀਂ ਤਾਂ ਤੂੰ ਝੂਠਾ ਹੈਂ ਤੇ ਮੈਂ ਤੇਰੀ ਨਿੰਦਿਆ ਕਰਾਂਗਾ ਕਿ ਇਹ ਬਿਲਕੁਲ ਢੌਂਗ ਹੈ, ਸਤਿਵਾਦੀ ਨਹੀਂ ਹੈ।"

ਉਸ ਵੇਲੇ ਹਰੀ ਚੰਦ ਕਹਿੰਦਾ, "ਮਹਾਰਾਜ! ਤੁਸੀਂ ਨਰਾਜ਼ ਨਾ ਹੋਵੋ, ਮੈਥੋਂ ਭੁੱਲ ਹੋ ਗਈ, ਇਸ ਕਰਕੇ ਮੇਰੇ ਮੂੰਹ ਵਿਚੋਂ ਇਹ ਬਚਨ ਨਿਕਲ ਗਿਆ, ਸੋ ਮੈਨੂੰ ਤੁਸੀਂ ਮਾਫ ਕਰੋ। ਮੈਂ ਇਕ ਮਹੀਨੇ ਦੇ ਅੰਦਰ ਅੰਦਰ ਤੁਹਾਨੂੰ ਦੱਛਣਾ ਦੇ ਦਿਆਂਗਾ।"

ਕਹਿੰਦੇ, "ਦੇਖ! ਕਿਸੇ ਤੋਂ ਮੰਗਣਾ ਨਹੀਂ, ਕਿਸੇ ਤੋਂ ਮਦਦ ਨਹੀਂ ਲੈਣੀ ਆਪਣੇ ਰਾਜ ਵਿਚ ਕਿਉਂਕਿ ਇਹ ਰਾਜ ਸਾਰਾ ਹੁਣ ਮੇਰੇ ਕੋਲ ਆ ਗਿਆ ਤੇ ਤੂੰ ਐਨੀ ਦੇਰ ਦੇ ਅੰਦਰ ਅੰਦਰ ਏਸ ਰਾਜ ਤੋਂ ਬਾਹਰ ਹੋ ਜਾ।"

ਉਸ ਵੇਲੇ ਹਰੀ ਚੰਦ ਨੇ ਰਾਣੀ ਨੂੰ ਤੇ ਰਾਜਕੁਮਾਰ ਨੂੰ ਨਾਲ ਲਿਆ ਤੇ ਤੁਰਿਆ ਜਾਂਦਾ ਹੈ ਕਾਸ਼ੀ ਵੱਲ ਨੂੰ। ਰਸਤੇ ਵਿਚ ਕੋਈ ਰੋਟੀ ਪਾਣੀ ਨਹੀਂ ਦਿੰਦਾ ਕਿਉਂਕਿ ਵਿਸ਼ਵਾਮਿੱਤਰ ਦਾ ਹੁਕਮ ਹੈ ਕਿ ਕੁਝ ਨਹੀਂ ਦੇਣਾ। ਸੋ ਕਿਤੋਂ ਪ੍ਰਸ਼ਾਦਾ ਨਹੀਂ ਛਕਦਾ, ਕਿਤੇ ਪਾਣੀ ਪੀਣ ਨੂੰ ਨਹੀਂ ਮਿਲਦਾ। ਭੁੱਖੇ-ਪਿਆਸੇ ਤਿੰਨੇ ਜਣੇ ਤੁਰੇ ਜਾ ਰਹੇ ਨੇ, ਤੁਰਦੇ-ਤੁਰਦੇ ਪੈਰਾਂ ਵਿਚ ਛਾਲੇ ਪੈ ਗਏ। ਕਿੰਨੇ ਦਿਨ ਭੁੱਖੇ ਤੁਰੇ ਜਾਂਦਿਆਂ ਨੂੰ ਹੋ ਗਏ ਕਿਉਂਕਿ ਰਾਜ ਖੁਸ ਜਾਣ ਕਰਕੇ ਸਾਰੇ ਹੱਕ ਜਾਂਦੇ ਰਹੇ। ਚਲਦੇ-ਚਲਦੇ ਅਗਲੇ ਰਾਜ ਵਿਚ ਚਲੇ ਗਏ। ਤੁਰਦੇ-ਤੁਰਦੇ ਜੰਗਲ ਵਿਚ



Sri Satguru Jagjit Singh Ji eLibrary NamdhariElibrary@gmail.com

ਕੋਈ ਫਲ ਵਗੈਰਾ ਮਿਲ ਗਿਆ ਤਾਂ ਖਾ ਲਿਆ, ਕੁਝ ਪੱਤੇ ਖਾ ਲਏ ਤੇ ਕਾਸ਼ੀ ਵਿਚ ਪਹੁੰਚ ਜਾਂਦੇ ਨੇ। ਉਥੇ ਪਹੁੰਚੇ ਤਾਂ ਇਹ ਫੇਰ ਮਿਲ ਗਿਆ। ਕਹਿੰਦਾ, "ਕਿੰਨੇ ਦਿਨ ਲੰਘ ਗਏ? ਪੰਦਰਾਂ ਦਿਨ ਲੰਘ ਚੁੱਕੇ ਨੇ, ਸਿਰਫ ਪੰਦਰਾਂ ਦਿਨ ਰਹਿੰਦੇ ਨੇ ਮੇਰੀ ਦੱਛਣਾ ਦੇ, ਤੇ ਨਹੀਂ ਮੈਂ ਤੇਰੀ ਨਿੰਦਾ ਕਰਾਂਗਾ, ਤੇਰਾ ਦਾਨ ਤੈਨੂੰ ਮੋੜ ਦਿਆਂਗਾ ਤੇ ਤੈਨੂੰ ਦੋਸ਼ ਲੱਗੇਗਾ।"

ਉਸ ਵੇਲੇ ਹਰੀ ਚੰਦ ਕਹਿਣ ਲੱਗਿਆ, "ਮਹਾਰਾਜ! ਤੁਸੀਂ ਕ੍ਰੋਧ ਨਾ ਕਰੋ, ਬਹੁਤ ਜਲਦੀ ਮੈਂ ਤੁਹਾਡੀ ਦੱਛਣਾ ਦੇ ਦਿਆਂਗਾ।"

ਐਨਾ ਕਹਿ ਕੇ ਤਿੰਨੇ ਜਣੇ ਅੱਗੇ ਤੁਰ ਪਏ, ਗਲੀ-ਗਲੀ ਤੁਰੇ ਜਾਂਦੇ ਨੇ, ਹੋਕਾ ਦਿੰਦੇ ਨੇ ਕਿ ਅਸੀਂ ਤਿੰਨੇ ਵਿਕਾਊ ਹਾਂ ਕੋਈ ਲੈ ਲਓ ਸਾਨੂੰ, ਮੁੱਲ ਲੈ ਲਓ ਸਾਨੂੰ। ਲੋਕ ਹੈਰਾਨ ਹੁੰਦੇ ਨੇ ਕਿ ਕਿਸੇ ਦੇਸ਼ ਦਾ ਰਾਜਾ ਲਗਦਾ ਹੈ, ਚਿਹਰਾ-ਮੋਹਰਾ ਕੀ ਸੋਹਣਾ ਹੈ ਤੇ ਉਹ ਰਾਣੀ ਲਗਦੀ ਹੈ, ਉਹ ਰਾਜ ਕੁਮਾਰ ਲਗਦਾ ਹੈ। ਕੀ ਬਿਪਤਾ ਪੈ ਗਈ ਇਨ੍ਹਾਂ ਨੂੰ ਜਿਹੜੇ ਆਪਣੇ ਆਪ ਨੂੰ ਇਸ ਤਰ੍ਹਾਂ ਵੇਚ ਰਹੇ ਨੇ? ਸਾਰਾ ਦਿਨ ਗਲੀਆਂ ਵਿਚ ਘੁੰਮਦੇ ਰਹੇ, ਕੋਈ ਗਾਹਕ ਨਾ ਆਇਆ। ਰਾਤ ਹੋ ਗਈ ਧਰਤੀ ਤੇ ਥਾਂ ਸਾਫ ਕਰਿਆ ਤੇ ਉਥੇ ਪੈ ਗਏ। ਰਾਣੀ ਬੈਠੀ ਹੈ, ਨੀਂਦ ਨਹੀਂ ਆਉਂਦੀ।

ਕਹਿੰਦੀ, "ਮਹਾਰਾਜ! ਕੀ ਬਣੇਗਾ?"

ਕਹਿੰਦਾ, "ਕੀ ਬਣਨਾ ਹੈ, ਡੋਲੋ ਨਾ, ਆਪਣੀ ਪ੍ਰੀਖਿਆ ਹੋ ਰਹੀ ਹੈ ਤੇ ਗੱਲ ਓਹੀ ਹੁੰਦੀ ਹੈ ਜਿਹੜੀ ਪ੍ਰਮੇਸ਼ਰ ਨੂੰ ਭਾਉਂਦੀ ਹੈ।"

***ਧਾਰਨਾ - ਓਹੀਓ ਗੱਲ ਚੰਗੀ ਹੈ,***
***ਭਾਉਂਦੀ ਜੋ ਤੈਨੂੰ ਮਾਲਕਾ -2, 2.***
***ਭਾਉਂਦੀ ਜੋ ਤੈਨੂੰ ਮਾਲਕਾ -2, 2.***
***ਓਹੀਓ ਗੱਲ ਚੰਗੀ ਹੈ,................ -2.***

ਜ਼ਿੰਦਗੀ ਦੇ ਅੰਦਰ ਬੇਅੰਤ ਘਟਨਾਵਾਂ ਵਾਪਰਦੀਆਂ ਨੇ ਪਰ ਕੋਈ ਵਿਰਲਾ-ਵਿਰਲਾ ਹੈ ਜਿਸਦੇ ਮਨ ਵਿਚ ਇਹ ਹੋਵੇ ਕਿ ਓਹੀ ਗੱਲ ਚੰਗੀ ਹੈ ਜਿਹੜੀ ਮਾਲਕ ਨੂੰ ਭਾਉਂਦੀ ਹੈ, ਉਹ ਮੇਰੇ ਹਿਤ ਦੀ ਹੀ ਗੱਲ ਹੋ ਰਹੀ ਹੈ।

***ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥***
***ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ॥***
***ਪੰਨਾ - 432***

ਥਲਾਂ ਦੇ ਉਪਰੋਂ ਦਰਿਆ ਵਹਿੰਦੇ ਨੇ, ਕਮਲ ਦਾ ਫੁਲ ਆਕਾਸ਼ ਵਿਚ ਖਿੜ ਸਕਦਾ ਹੈ।

***ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥***
***ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥***
***ਪੰਨਾ - 762***

ਸੋ ਮਹਾਰਾਜ ਜੀ ਕਹਿੰਦੇ -

***ਜੋ ਤੁਧੁ ਭਾਵੈ ਸਾਈ ਭਲੀ ਕਾਰ॥***
***ਤੂ ਸਦਾ ਸਲਾਮਤਿ ਨਿਰੰਕਾਰ॥ ਪੰਨਾ - 5***

ਕਹਿਣ ਲੱਗੇ, "ਇਹ ਗੱਲ ਚੰਗੀ ਹੀ ਹੈ, ਡੋਲਣਾ ਨਹੀਂ ਚਾਹੀਦਾ ਸਾਨੂੰ।"

ਗੁਰੂ ਗ੍ਰੰਥ ਸਾਹਿਬ ਵਿਚ ਏਸ ਰਾਜੇ ਦਾ ਜ਼ਿਕਰ ਆਇਆ ਹੈ, ਬੜੇ ਪਿਆਰ ਨਾਲ ਲਿਖਿਆ ਹੈ -

***ਤਿਨਿ ਹਰੀਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥***
***ਪੰਨਾ - 1344***

ਕਹਿੰਦੇ, ਐਨੇ ਪੁੰਨ ਕਰੇ ਕਿ ਕਾਗਜ਼ਾਂ ਤੇ ਲਿਖੇ ਨਹੀਂ ਜਾਂਦੇ, ਕੀਮਤ ਨਹੀਂ ਪੈਂਦੀ। ਬਹੁਤ ਮਹਿਮਾ ਵਧ ਗਈ -

***ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥***
***ਪੰਨਾ - 1344***

ਜੇ ਇਸ ਦੇ ਵਿਚ ਔਗੁਣ ਹੁੰਦੇ ਤਾਂ ਪੁੰਨ ਕਿਉਂ ਕਰਦਾ ਉਹ ਕਿਉਂ ਜਾ ਕੇ ਵਿਕਦਾ? ਏਸ ਤਰ੍ਹਾਂ ਪੜ੍ਹੋ ਪਿਆਰ ਨਾਲ-

***ਧਾਰਨਾ - ਹਰੀ ਚੰਦ ਦੇ ਪੁੰਨਾਂ ਦੀ ਮਹਿਮਾ ਬਹੁਤੀ,***
***ਪੁੰਨ ਕਰਦਾ ਆਪ ਵਿਕਿਆ -2, 2.***
***ਮੇਰੇ ਪਿਆਰੇ, ਪੁੰਨ ਕਰਦਾ ਆਪ ਵਿਕਿਆ -2, 2.***
***ਹਰੀ ਚੰਦ ਦੇ ਪੁੰਨਾਂ ਦੀ ਮਹਿਮਾ ਬਹੁਤੀ -2.***

***ਤਿਨਿ ਹਰੀਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥***
***ਪੰਨਾ - 1344***

ਬੜੇ ਵੱਡੇ ਰਾਜ ਦਾ ਮਾਲਕ ਸੀ -

ਐਨੇ ਪੁੰਨ ਕਰੇ, ਜੇ ਕਾਗਜ਼ਾਂ ਤੇ ਲਿਖੀਏ ਤਾਂ ਕਹਿੰਦੇ ਕੀਮਤ ਨਹੀਂ ਪੈਂਦੀ -

***ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥***
***ਪੰਨਾ - 1344***

ਕਿਉਂ ਜਾ ਕੇ ਮੰਡੀ ਵਿਚ ਵਿਕਦਾ ਕਿਉਂਕਿ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥ ਪੰਨਾ - 952***

ਜਿਹੜਾ ਸਰੀਰ ਨੂੰ ਹੀ ਪੁੰਨ ਦਾਨ ਤੇ ਲਾ ਦੇਵੇ ਉਹ ਅਸਲੀ ਗ੍ਰਹਿਸਥੀ ਹੋਇਆ ਕਰਦਾ ਹੈ। ਸੋ ਆਪ ਬੋਲੀ ਦਿੰਦੇ ਫਿਰਦੇ ਨੇ, ਕੋਈ ਨਹੀਂ ਲੈ ਰਿਹਾ। ਮੰਡੀ ਵਿਚ ਚਲੇ ਗਏ। ਉਥੇ ਫੱਟਾ ਹੁੰਦਾ ਹੈ। ਪਿਛਲੇ ਜ਼ਮਾਨੇ ਵਿਚ ਰਿਵਾਜ਼ ਸੀ, ਜਦੋਂ ਗੁਲਾਮ ਬਣਾ ਕੇ ਵੇਚਿਆ ਕਰਦੇ ਸੀ ਤਾਂ ਫੱਟੇ ਤੇ ਖੜ੍ਹਾ ਕਰਕੇ ਬੋਲੀ ਲਾਉਂਦੇ ਸਨ। ਇਕ ਢੋਲ ਵਾਲਾ ਢੋਲ ਵਜਾਈ ਜਾਂਦਾ ਸੀ ਤੇ ਬੇਅੰਤ ਭੀੜ ਇਕੱਠੀ ਹੋ ਜਾਂਦੀ ਸੀ ਕਿ ਅੱਜ ਬਜ਼ਾਰ ਲੱਗਿਆ ਹੋਇਆ ਹੈ ਬੰਦੇ ਵਿਕਣ ਦਾ। ਗੁਰੂ ਨਾਨਕ ਪਾਤਿਸ਼ਾਹ ਵੀ ਵਿਕੇ ਸੀ ਜਾ ਕੇ, ਯੂ.ਪੀ. ਦੇ ਅੰਦਰ ਜਿਥੇ ਕੁ ਸਾਡੇ ਫਾਰਮ ਨੇ, ਉਥੇ ਕੁ ਵਿਕੇ ਨੇ। ਗੁਰਦੁਆਰਾ ਬਣ ਗਿਆ ਉਸ ਥਾਂ ਤੇ ਬਹੁਤ ਵੱਡਾ ਅੱਜ ਕੱਲ੍ਹ। ਸੋ ਫੱਟੇ ਤੇ ਖੜ੍ਹੇ ਕਰ ਦਿੱਤਾ - ਘਰ ਵਾਲੀ ਨੂੰ ਤੇ ਬੱਚੇ ਨੂੰ। ਆਪ ਬੋਲੀ ਦੇ ਰਿਹਾ ਹੈ ਕਿ ਕੋਈ ਬੰਦਾ ਖਰੀਦਾਰ ਹੋਵੇ ਤਾਂ 500 ਮੋਹਰ ਵਿਚ ਵਿਕਦੇ ਨੇ। ਉਸ ਵੇਲੇ ਇਕ ਪੰਡਤ ਆਇਆ, ਉਸ ਨੇ



Sri Satguru Jagjit Singh Ji eLibrary NamdhariElibrary@gmail.com

ਵਿਚਾਰਿਆ, ਨਾਲ ਉਸ ਦੇ ਬਹੁਤ ਸਾਰੇ ਸ਼ਗਿਰਦ ਨੇ। ਕਹਿੰਦਾ, ਕੋਈ ਬਿਪਤਾ ਦਾ ਮਾਰਿਆ ਹੋਇਆ ਹੈ ਪਰ ਚਿਹਨ ਚੱਕਰ ਤੋਂ ਲਗਦਾ ਹੈ ਕਿ ਕੋਈ ਵੱਡਾ ਆਦਮੀ ਹੈ, ਕੋਈ ਘਾਟਾ ਪੈ ਗਿਆ ਜਾਂ ਕੋਈ ਬਾਤ ਹੋ ਗਈ।

ਉਸ ਨੇ ਪੁਛਿਆ, "ਪ੍ਰੇਮੀਓਂ! ਕਿਉਂ ਵਿਕਦੇ ਹੋ ਤੁਸੀਂ? ਤੁਹਾਨੂੰ ਕੋਈ ਖਾਸ ਤਕਲੀਫ ਹੈ?"

ਕਹਿੰਦੇ, "ਹਾਂ! ਅਸੀਂ ਕੁਝ ਕਰਜ਼ਾ ਦੇਣਾ ਹੈ ਕਿਸੇ ਦਾ, 500 ਮੋਹਰ ਇਨ੍ਹਾਂ ਦੀ ਲਗਦੀ ਹੈ।"

ਸੋ ਉਸ ਵੇਲੇ ਉਸ ਪੰਡਤ ਨੇ 500 ਮੋਹਰ ਦੇ ਕੇ ਰਾਣੀ ਤੇ ਬੱਚਾ ਖਰੀਦ ਲਿਆ।

ਰਾਣੀ ਕਹਿਣ ਲੱਗੀ, "ਬ੍ਰਾਹਮਣ ਦੇਵਤਾ! ਮੇਰੀ ਇਕ ਬੇਨਤੀ ਜ਼ਰੂਰ ਪਰਵਾਨ ਕਰ ਲਿਓ। ਇਕ ਤਾਂ ਮੈਂ ਪਰਾਏ ਮਰਦ ਦਾ ਜੂਠਾ ਨਹੀਂ ਖਾਣਾ ਤੇ ਦੂਸਰਾ ਇਹ ਹੈ ਕਿ ਕਿਸੇ ਮਰਦ ਦੀ ਸੇਵਾ ਨਹੀਂ ਕਰਨੀ। ਮੈਂ ਪਤੀ ਬ੍ਰਤਾ ਇਸਤਰੀ ਹਾਂ। ਵਖਤ ਪੈ ਗਿਆ ਸਾਡੇ ਤੇ, ਵਿਕਣਾ ਪੈ ਗਿਆ ਸਾਨੂੰ।"

ਓਧਰੋਂ ਵਿਸ਼ਵਾਮਿੱਤਰ ਆ ਗਿਆ ਤੇ ਕਹਿੰਦਾ, ਦੱਛਣਾ ਦੇਹ ਮੇਰੀ।

ਕਹਿੰਦੇ, "ਆਹ 500 ਤਾਂ ਤਿਆਰ ਹੈ ਬਾਕੀ ਫੇਰ ਲੈ ਜਾਇਓ।"

ਕਹਿੰਦਾ, "ਤੂੰ ਦੇਰ ਲਾਉਂਦਾ ਹੈਂ, ਝੂਠਾ ਹੈਂ, ਤੂੰ ਸਤਿਵਾਦੀ ਨਹੀਂ ਹੈਂ।"

ਬਹੁਤ ਤਾੜਨਾ ਕਰੀ। ਦੋਹੇ ਹੱਥ ਜੋੜੀ ਖੜ੍ਹੇ ਨੇ ਕਿ ਮੈਨੂੰ ਮੋਹਲਤ ਦਿਓ, ਥੋੜ੍ਹੇ ਦਿਨ ਹੋਰ ਰਹਿੰਦੇ ਨੇ। ਦਸਾਂ ਦਿਨਾਂ ਦੇ ਅੰਦਰ-ਅੰਦਰ ਜਰੂਰ ਤੁਹਾਡੀ ਦੱਛਣਾ ਮਿਲ ਜਾਏਗੀ। ਦਿਨ ਲੰਘਦੇ ਜਾਂਦੇ ਨੇ, ਇਹ ਰੁਕਾਵਟ ਪਾ ਰਹੇ ਨੇ। ਐਸੀ ਮਾਇਆ ਪਾਉਂਦੇ ਕਿ ਦੁਨੀਆਂ ਆਉਂਦੀ ਹੈ ਪਰ ਕੋਈ ਖਰੀਦਦਾ ਨਹੀਂ। ਹਰੀ ਚੰਦ ਆਪੇ ਹੀ ਖੜ੍ਹਾ ਹੋ ਕੇ ਬੋਲੀ ਦਿੰਦਾ ਹੈ ਕਿ ਮੈਂ ਵਿਕਾਊ ਹਾਂ, ਕੋਈ ਮੈਨੂੰ ਲੈ ਜਾਓ, ਮੈਨੂੰ ਲੈ ਜਾਓ। ਅਖੀਰ ਇਕ ਚੰਡਾਲ ਆਇਆ ਜਿਸ ਦੇ ਪਾਸ ਬਹੁਤ ਸਾਰੇ ਸੂਰ ਸੀ ਤੇ ਨਾਲ ਸਮਸ਼ਾਨ ਭੂਮੀ ਦਾ ਵੀ ਚੌਕੀਦਾਰ ਸੀ, ਨਾਲ ਤੀਸਰਾ ਕੰਮ ਇਹ ਸੀ ਕਿ ਜਿਸ ਨੂੰ ਮੌਤ ਦੰਡ ਮਿਲਦਾ ਤਾਂ ਉਸ ਦਾ ਸਿਰ ਉਤਾਰਨਾ, ਕਤਲ ਕਰਨਾ ਵੀ ਉਸ ਦਾ ਹੀ ਕੰਮ ਹੁੰਦਾ ਸੀ।

ਉਹ ਕਹਿੰਦਾ, "ਓ ਮਨੁੱਖ! ਕਿੰਨੇ ਪੈਸੇ ਵਿਚ ਵਿਕਦਾ ਹੈਂ?"

ਕਹਿੰਦਾ, "ਪੰਜ ਸੌ ਮੋਹਰ ਵਿਚ।"

ਕਹਿੰਦਾ, "ਠੀਕ ਹੈ।" ਵਿਸ਼ਵਾਮਿੱਤਰ ਆ ਗਿਆ ਪੰਜ ਸੌ ਮੋਹਰ ਫੜਾਈ ਤੇ ਕਹਿੰਦੇ ਲੈ। ਵਿਸ਼ਵਾਮਿੱਤਰ ਇੰਦਰ ਨੂੰ ਮਿਲਿਆ, ਕਹਿੰਦਾ, "ਅਜੇ ਤੱਕ ਤਾਂ ਡੋਲਿਆ ਨਹੀਂ।"

ਉਹ ਕਹਿੰਦਾ, "ਹੋਰ ਕਸਵੱਟੀ ਲਾਓ ਅਜੇ।"

ਵਿਉਂਤ ਬਣਾ ਲਈ, ਥੋੜ੍ਹੇ ਦਿਨ ਲੰਘੇ। ਇਹ ਆਪਣੀ ਡਿਊਟੀ ਦਿੰਦਾ ਹੈ। ਸਾਰਾ ਦਿਨ ਸੂਰ ਚਾਰਦਾ ਹੈ ਫੇਰ ਰਾਤ ਨੂੰ ਜਾ ਕੇ ਸ਼ਮਸਾਨ ਭੂਮੀ ਪਹਿਰਾ ਦਿੰਦਾ ਹੈ ਤੇ ਟੈਕਸ ਲਏ ਬਗੈਰ ਕਿਸੇ ਦਾ ਸਸਕਾਰ ਨਹੀਂ ਹੋਣ ਦਿੰਦਾ ਤੇ ਏਧਰ ਐਸੀ ਕਸਵੱਟੀ ਲੱਗੀ ਕਿ ਇੰਦਰ ਤੱਛਕ ਨਾਗ ਦਾ ਰੂਪ ਧਾਰ ਕੇ ਆ ਗਿਆ। ਇਕ ਬੱਚਾ ਬਾਗ ਵਿਚ ਖੇਡਦਾ ਹੈ ਤੇ ਜਦੋਂ ਦਰਖਤ ਦੇ ਕੋਲ ਆਇਆ ਤਾਂ ਉਸ ਦੇ ਡੰਗ ਮਾਰਿਆ, ਉਥੇ ਹੀ ਸੁੱਟ ਦਿੱਤਾ। ਰਾਣੀ ਨੂੰ ਪਤਾ ਲੱਗਿਆ ਕਿ ਤੇਰਾ ਪੁੱਤਰ ਤਾਂ ਬਾਗ ਵਿਚ ਮਰਿਆ ਪਿਆ ਹੈ। ਉਹ ਛੁੱਟੀ ਲੈਂਦੀ ਹੈ ਤੇ ਓਧਰ ਪੰਡਤ ਦੀ ਘਰਵਾਲੀ ਬਹੁਤ ਸਖਤ ਹੈ। ਉਹ ਕਹਿੰਦੀ ਦੇਖ, ਇਸ ਮਰੇ ਹੋਏ ਨੂੰ ਮੇਰੇ ਘਰ ਨਾ ਲਿਆਈਂ, ਐਥੋਂ ਬਾਹਰ ਹੀ ਨਿਕਲ ਜਾਹ। ਪਤਾ ਨਹੀਂ ਤੂੰ ਕਿੱਡੀ ਬਦ-ਕਿਸਮਤ ਹੈਂ, ਮੇਰਾ ਘਰ ਵੀ ਖਰਾਬ ਕਰ ਦਿੱਤਾ, ਮੇਰੇ ਬਾਗ ਵਿਚ ਮੁਰਦਾ! ਮੇਰਾ ਤਾਂ ਬਾਗ ਭ੍ਰਿਸ਼ਟਿਆ ਗਿਆ। ਛੇਤੀ ਨਿਕਲ ਜਾਹ, ਮੇਰੇ ਘਰ ਵਿਚੋਂ।

ਸੋ ਉਸ ਵੇਲੇ ਇਹ ਵਿਚਾਰੀ ਪੁੱਤਰ ਦੀ ਲਾਸ਼ ਨੂੰ ਚੁੱਕੀ ਲਈ ਜਾਂਦੀ ਹੈ। ਇਸ ਨੂੰ ਕੋਈ ਪਤਾ ਨਹੀਂ ਕਿ ਮੇਰਾ ਪਤੀ ਕਿਥੇ ਹੈ? ਕਿਥੇ ਵਿਕਿਆ ਹੈ? ਕੋਈ ਸੰਪਰਕ ਨਹੀਂ ਹੈ ਆਪਸ ਵਿਚ। ਇਸ ਵੇਲੇ ਸੰਸਾਰ ਵਿਚ ਪ੍ਰਮੇਸ਼ਰ ਤੋਂ ਬਗੈਰ ਇਸ ਦਾ ਹੋਰ ਕੋਈ ਹੈ ਨਹੀਂ। ਅੱਖਾਂ ਵਿਚੋਂ ਜਲ ਜਾ ਰਿਹਾ ਹੈ, ਪੁੱਤਰ ਦਾ ਪਿਆਰ ਹੈ। ਸੋਚਦੀ ਹੈ ਕਿ ਮੈਂ ਕਿਵੇਂ ਸਸਕਾਰ ਕਰਾਂਗੀ। ਚਲਦੀ-ਚਲਦੀ ਸ਼ਮਸ਼ਾਨ ਭੂਮੀ ਵਿਚ ਪਹੁੰਚੀ। ਹੈਰਾਨ ਹੋ ਗਈ ਕਿ ਇਹ ਤਾਂ ਮੇਰਾ ਪਤੀ ਇਥੇ ਹੀ ਪਹਿਰੇ ਤੇ ਲੱਗਿਆ ਹੋਇਆ ਹੈ। ਉਥੇ ਇਕ ਚਿਖਾ ਜਲਦੀ ਹੈ ਤੇ ਇਸ ਨੇ ਖਿਆਲ ਕਰਿਆ ਕਿ ਜਲਦੀ ਚਿਖਾ ਵਿਚ ਹੀ ਮੈਂ ਸਸਕਾਰ ਕਰ ਦੇਵਾਂ। ਜਦੋਂ ਸਸਕਾਰ ਕਰਨ ਲੱਗੀ, ਉਸ ਵੇਲੇ ਉਸ ਨੇ ਕੜਕ ਕੇ ਕਿਹਾ, "ਕੌਣ ਹੈਂ ਤੂੰ ਜੋ ਇਥੇ ਆ ਕੇ ਬਗੈਰ ਟੈਕਸ ਦਿੱਤੇ ਸੰਸਕਾਰ ਕਰ ਰਹੀ ਹੈਂ?" ਨੇੜੇ ਗਿਆ।

ਉਹ ਕਹਿਣ ਲੱਗੀ, "ਮੈਂ ਤੇਰੀ ਰਾਣੀ ਹਾਂ, ਇਹ ਤੇਰਾ ਪੁੱਤਰ ਹੈ।"

ਉਹ ਕਹਿੰਦਾ, "ਠੀਕ ਹੈ ਮੇਰਾ ਪੁੱਤਰ ਹੈ ਪਰ ਮੈਂ ਇਸ ਵੇਲੇ ਡਿਊਟੀ ਤੇ ਹਾਂ, ਮੇਰਾ ਧਰਮ ਹੈ ਕਿ ਨੌਂਕਰੀ ਇਮਾਨਦਾਰੀ ਨਾਲ ਕਰਾਂ।"

ਅਸੀਂ ਸੁਣ ਤਾਂ ਲੈਂਦੇ ਹਾਂ ਪਰ ਅਸੀਂ ਤਾਂ ਰਿਸ਼ਵਤਾਂ ਹੀ ਬਹੁਤ ਖਾਂਦੇ ਹਾਂ। ਨੌਂਕਰੀ ਤਾਂ ਨਹੀਂ ਕਰਦੇ, ਕੁਤਾਹੀ ਕਰਦੇ ਹਾਂ। ਮਾਲਕ ਪੈਸੇ ਦਿੰਦਾ ਹੈ ਪੂਰੇ ਪਰ ਫੇਰ ਵੀ ਨਹੀਂ ਕੰਮ ਕਰਨਾ। ਇਹ ਵਫਾਦਾਰੀ ਨਹੀਂ ਹੈ।

ਸੋ ਉਹ ਸਮੇਂ ਨਹੀਂ ਸੀ ਐਸੇ, ਉਸ ਵੇਲੇ ਨੌਂਕਰੀ ਦਾ ਵੀ ਧਰਮ ਹੋਇਆ ਕਰਦਾ ਸੀ। ਉਹ ਕਹਿੰਦਾ, "ਮੇਰਾ ਧਰਮ ਹੈ। ਜੇ ਮੈਂ ਕੁਤਾਹੀ ਕਰਾਂਗਾ ਤਾਂ ਮੇਰਾ ਧਰਮ ਜਾਂਦਾ ਰਹੇਗਾ।"

ਉਹ ਕਹਿੰਦੀ, "ਤੇਰਾ ਪੁੱਤਰ ਹੈ।"

ਕਹਿੰਦਾ, "ਠੀਕ ਹੈ ਮੇਰਾ ਪੁੱਤਰ ਹੈ ਪਰ ਐਸ ਵੇਲੇ ਮੈਂ



Sri Satguru Jagjit Singh Ji eLibrary NamdhariElibrary@gmail.com

ਤੇਰਾ ਪਤੀ ਨਹੀਂ ਹਾਂ, ਮੈਂ ਇਸ ਥਾਂ ਦਾ ਰਾਖਾ ਹਾਂ। ਮੈਂ ਆਪਣੀ ਡਿਊਟੀ ਦੇਣੀ ਹੈ। ਜਾਹ! ਕਿਤੋਂ ਪੈਸੇ ਲੈ ਕੇ ਆ, ਤਾਂ ਮੈਂ ਸਸਕਾਰ ਕਰਨ ਦੇਵਾਂਗਾ।"

ਸ਼ਾਮ ਹੋ ਗਈ, ਹੌਲੀ-ਹੌਲੀ ਰਾਤ ਹੋ ਗਈ, ਕਿਤੋਂ ਪੈਸਾ ਨਹੀਂ ਮਿਲਦਾ, ਕੱਫਣ ਨਹੀਂ ਮਿਲਦਾ। ਅੱਧੀ ਸਾੜ੍ਹੀ ਪਾੜ ਕੇ ਉਤੇ ਦੇ ਦਿੱਤੀ। ਬੱਚਾ ਅੱਗੇ ਪਿਆ ਹੈ, ਰੋਈ ਜਾ ਰਹੀ ਹੈ, ਰੋਂਦੀ-ਰੋਂਦੀ ਦੇ ਹੰਝੂ ਸੁੱਕ ਗਏ। ਹੁਣ ਚੁੱਪ ਕਰੀ ਹੋਈ ਪੱਥਰ ਬਣੀ ਬੈਠੀ ਹੈ। ਐਨੇ ਨੂੰ ਕੁਝ ਚੋਰ ਕੋਲੋਂ ਦੀ ਲੰਘੇ ਡਾਕਾ ਮਾਰਨ ਵਾਲੇ। ਉਹ ਕਹਿਣ ਲੱਗੇ ਕਿ ਆਹ ਸ਼ਮਸ਼ਾਨ ਦੀ ਦੇਵੀ ਬੈਠੀ ਹੈ। ਚਲੋ ਇਸ ਦੇ ਗਲ ਵਿਚ ਵੀ ਇਕ ਹਾਰ ਪਾ ਚਲੀਏ। ਰਾਜੇ ਦੀ ਚੋਰੀ ਕਰੀ ਸੀ ਤੇ ਰਾਣੀ ਦਾ ਹਾਰ ਉਸ ਦੇ ਗਲ ਵਿਚ ਪਾ ਗਏ। ਉਹ ਤੁਰ ਗਏ, ਇਸ ਨੂੰ ਕੋਈ ਪਤਾ ਨਹੀਂ। ਏਧਰੋਂ ਸਿਪਾਹੀ ਲਭਦੇ ਹੋਏ ਆ ਗਏ। ਅੱਗੇ ਆ ਕੇ ਦੇਖਿਆ ਕਿ ਇਸ ਦੇ ਗਲ ਵਿਚ ਹਾਰ ਪਿਆ ਹੋਇਆ ਹੈ। ਉਨ੍ਹਾਂ ਨੇ ਫੜ ਲਈ। ਉਹ ਬਥੇਰਾ ਦਸਦੀ ਹੈ ਕਿ ਮੇਰਾ ਤਾਂ ਪੁੱਤਰ ਮਰਿਆ ਪਿਆ ਹੈ, ਮੈਨੂੰ ਤਾਂ ਕੋਈ ਪਤਾ ਨਹੀਂ ਕੌਣ ਹਾਰ ਮੇਰੇ ਗੱਲ ਵਿਚ ਪਾ ਗਿਆ, ਮੈਨੂੰ ਤਾਂ ਹੁਣ ਪਤਾ ਲੱਗਿਐ।

ਕਹਿੰਦੇ, "ਨਹੀਂ ਨਹੀਂ, ਤੂੰ ਚੋਰਾਂ ਨਾਲ ਰਲੀ ਹੋਈ ਹੈਂ। ਦੱਸ ਕਿਥੇ ਨੇ?" ਰਾਜੇ ਕੋਲ ਫੜ ਕੇ ਲੈ ਜਾਂਦੇ ਨੇ। ਰਾਜੇ ਨੇ ਕੋਈ ਗੱਲ ਨਹੀਂ ਸੁਣੀ।

ਕਹਿੰਦਾ, "ਇਸ ਨੂੰ ਹੁਣੇ ਕਤਲ ਕਰ ਦਿਓ।"

ਸ਼ਮਸ਼ਾਨ ਭੂਮੀ ਵਿਚ ਫੇਰ ਲੈ ਆਉਂਦੇ ਨੇ। ਹਰੀ ਚੰਦ ਦੀ ਡਿਊਟੀ ਲੱਗ ਗਈ ਕਤਲ ਕਰਨ ਦੀ। ਪਤਾ ਲੱਗ ਗਿਆ ਕਿ ਮੈਂ ਆਪਣੀ ਰਾਣੀ ਦਾ ਸਿਰ ਵੱਢਣਾ ਹੈ। ਇਕ ਪਾਸੇ ਡਿਊਟੀ ਹੈ, ਇਕ ਪਾਸੇ ਪਿਆਰ ਹੈ। ਇਕ ਪਾਸੇ 'ਸਤਿ' ਹੈ, ਇਕ ਪਾਸੇ ਮੋਹ ਹੈ। ਬਹੁਤ ਵੱਡੀ ਕਸਵੱਟੀ ਹੈ ਸਾਧ ਸੰਗਤ ਜੀ!

***ਧਾਰਨਾ - ਲੱਗ ਗਈ ਕਸਵੱਟੀ ਓ,***
***ਸਹਿਣੀ ਹੈ ਬਹੁਤੀ ਔਖੀ -2, 2.***
***ਲੱਗ ਗਈ ਕਸਵੱਟੀ ਓ,........... -2.***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥***
***ਪੰਨਾ - 1366***

ਇਕ ਪਾਸੇ ਰਾਜਕੁਮਾਰ ਜਿਸ ਨੂੰ ਲਾਡ ਨਾਲ ਪਾਲਿਆ, ਜਿਸ ਨੂੰ ਦੇਖ-ਦੇਖ ਕੇ ਜੀਊਂਦਾ ਸੀ, ਇਕ ਸਕਿੰਟ ਵਾਸਤੇ ਅੱਖਾਂ ਤੋਂ ਓਹਲੇ ਕਰਨ ਲਈ ਤਿਆਰ ਨਹੀਂ ਸੀ, ਅੱਜ ਕੋਲ ਮਰਿਆ ਪਿਆ ਹੈ, ਸਸਕਾਰ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ। ਇਕ ਪਾਸੇ ਰਾਣੀ ਹੈ ਜੋ ਪਤੀਬ੍ਰਤਾ ਇਸਤਰੀ ਹੈ, ਐਨਾ ਪਿਆਰ ਸੀ ਕਿ ਕੋਈ ਦੁਫੇੜ ਨਹੀਂ ਸੀ ਪਾ ਸਕਦਾ, ਅੱਜ ਉਸ ਦੀ ਗਰਦਨ ਵੱਢਣੀ ਹੈ। ਰਾਜਾ ਆ ਗਿਆ, ਹੋਰ ਲੋਕ ਵੀ ਸਭ ਆ ਗਏ। ਹਰੀ ਚੰਦ ਦਾ ਮਾਲਕ ਸੀ ਜੋ ਕਾਲੂ, ਉਹ ਕਿਤੇ ਬਾਹਰ ਗਿਆ ਹੋਇਆ ਹੈ ਤੇ ਇਹ ਡਿਊਟੀ ਇਸ ਦੇ ਜ਼ੁੰਮੇ ਹੀ ਆ ਗਈ। ਉਸੇ ਤਰ੍ਹਾਂ ਮੈਲੇ ਕੱਪੜਿਆਂ ਵਿਚ ਰਾਣੀ ਨੂੰ ਫੜ ਕੇ ਲੈ ਆਏ। ਉਸ ਨੂੰ ਹੁਣ ਇਕ ਘੜੀ ਵਿਚ ਤੂੰ ਕਤਲ ਕਰ ਦੇਣਾ ਹੈ।

ਉਹ ਕਹਿੰਦਾ, "ਮਹਾਰਾਣੀ! ਮੈਂ ਇਸ ਵੇਲੇ ਤੇਰਾ ਪਤੀ ਨਹੀਂ ਹਾਂ। ਮੈਂ ਆਪਣੇ ਮਾਲਕ ਦਾ ਗੁਲਾਮ ਹਾਂ ਤੇ 'ਸਤਿ' ਦਾ ਸਵਾਲ ਹੈ। 'ਸਤਿ' ਤੇ ਚਾਹੇ ਸਾਰਿਆਂ ਦੀ ਜਾਨ ਚਲੀ ਜਾਏ ਤਾਂ ਵੀ ਸਤਿ ਕਾਇਮ ਰਹਿਣਾ ਚਾਹੀਦਾ ਹੈ, ਝੂਠ ਨਹੀਂ ਆਉਣਾ ਚਾਹੀਦਾ, ਦਿਖਾਵਾ ਨਹੀਂ ਆਉਣਾ ਚਾਹੀਦਾ।"

ਉਸ ਵੇਲੇ ਰਾਣੀ ਨੂੰ ਲਕੜੀ ਤੇ ਗਰਦਨ ਰੱਖਣ ਲਈ ਕਿਹਾ। ਉਹ ਝੁਕ ਗਈ ਤੇ ਗਰਦਨ ਰੱਖ ਲਈ ਤੇ ਹਰੀਚੰਦ ਨੇ ਪੂਰੇ ਜ਼ੋਰ ਨਾਲ ਮਾਰਨ ਵਾਸਤੇ ਤਲਵਾਰ ਓਲਾਰੀ ਜਦੋਂ ਤਲਵਾਰ ਕੰਨ ਕੋਲੋਂ ਦੀ ਲੰਘ ਕੇ ਹੇਠਾਂ ਨੂੰ ਆਉਣ ਲੱਗੀ ਤਾਂ ਹੈਰਾਨ ਰਹਿ ਗਿਆ ਕਿ ਕਿਸੇ ਜਬਰਦਸਤ ਹੱਥ ਨੇ ਪਿਛੋਂ ਤਲਵਾਰ ਫੜ ਲਈ, ਚਾਨਣਾ ਹੋ ਗਿਆ, ਸੰਖ ਵੱਜਣੇ ਸ਼ੁਰੂ ਹੋ ਗਏ, ਧੁਨਾਂ ਵੱਜਣ ਲੱਗ ਗਈਆਂ, ਜੈ-ਜੈਕਾਰ ਹੋਣ ਲੱਗ ਗਈ, ਫੁੱਲਾਂ ਦੀ ਵਰਖਾ ਹੋਣ ਲੱਗ ਗਈ। ਕੀ ਦੇਖਿਆ, ਭਗਵਾਨ ਦਰਸ਼ਨ ਦੇ ਰਹੇ ਨੇ। ਰਾਜੇ ਨੂੰ ਵੀ ਪਤਾ ਲੱਗਿਆ ਕਿ ਇਹ ਤਾਂ ਹਰੀਚੰਦ ਰਾਜਾ ਹੈ। ਹੈਰਾਨ ਹੋਇਆ ਕਿ ਹੈਂ! ਮੇਰੇ ਰਾਜ ਵਿਚ ਆ ਕੇ ਚੰਡਾਲ ਦੇ ਵਿਕਿਆ? ਉਸੇ ਵੇਲੇ ਇੰਦਰ ਤੇ ਵਿਸ਼ਵਾਮਿੱਤਰ ਆ ਗਏ, ਪਛਤਾਏ ਕਿ ਰਾਜਨ! ਅਸੀਂ ਤੈਨੂੰ ਬਹੁਤ ਤੰਗ ਕਰਿਆ, ਸਾਨੂੰ ਤੂੰ ਮਾਫ ਕਰ।

ਸੋ ਗੁਰੂ ਅੰਗਦ ਸਾਹਿਬ ਕਹਿਣ ਲੱਗੇ, "ਸਾਧ ਸੰਗਤ ਜੀ! ਤੁਸੀਂ ਅੱਜ ਹੀ ਗੁਰੂ ਨਾਨਕ ਪਾਤਿਸ਼ਾਹ ਤੋਂ ਦੂਰ ਹੋ ਗਏ, ਐਨੀ-ਕੁ ਗੱਲ ਦੇਖ ਕੇ ਹੀ? ਤੁਸੀਂ ਤਕੜੇ ਹੋਵੋ, ਪੁਰਾਣੇ ਬਜੁਰਗਾਂ ਦੇ ਇਤਿਹਾਸ ਯਾਦ ਕਰੋ। ਇਹ ਬਾਜੀ ਤਾਂ ਸਿਰ ਧੜ ਦੀ ਹੁੰਦੀ ਹੈ। ਗੁਰੂ ਦਾ ਪਿਆਰ ਅਸਾਨ ਨਹੀਂ ਹੋਇਆ ਕਰਦਾ, ਇਸ ਦੇ ਵਿਚ ਸਭ ਕੁਝ ਕੁਰਬਾਨ ਕਰਨਾ ਪੈਂਦਾ ਹੈ।"

'ਚਲਦਾ'


## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 7, 14, 21, 28, ਜੁਲਾਈ।

**ਸੰਗਰਾਂਦ** - 16 ਜੁਲਾਈ, ਦਿਨ ਮੰਗਲਵਾਰ।

**ਪੂਰਨਮਾਸ਼ੀ** - 24 ਜੁਲਾਈ, ਦਿਨ ਬੁੱਧਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।




Sri Satguru Jagjit Singh Ji eLibrary NamdhariElibrary@gmail.com

### ਮਹਾਂਪੁਰਸ਼ਾਂ ਦੀ ਪਿਆਰੀ ਮਿੱਠੀ ਯਾਦ ਵਿਚ
## 12ਵਾਂ ਸਾਲਾਨਾ ਗੁਰਮਤਿ ਸਮਾਗਮ-ਮਿਤੀ 30 ਅਕਤੂਬਰ ਤੋਂ 2 ਨਵੰਬਰ 2002
### 15 ਅਗਸਤ 2002 ਨੂੰ ਹੋਣ ਵਾਲੀ ਪਹਿਲੀ ਮੀਟਿੰਗ ਲਈ ਸੱਦਾ

ਸੰਸਾਰੀ ਮਨੁੱਖ ਚਾਹੇ ਰਾਜੇ ਮਹਾਰਾਜੇ ਵੀ ਹੋਣ, ਉਨ੍ਹਾਂ ਦੇ ਜਾਣ ਤੋਂ ਬਾਅਦ ਜਿਉਂ ਜਿਉਂ ਸਮਾਂ ਲੰਘਦਾ ਹੈ ਤਿਉਂ ਤਿਉਂ ਉਨ੍ਹਾਂ ਦੀ ਯਾਦ ਘਟਦੀ ਤੇ ਮਿਟਦੀ ਜਾਂਦੀ ਹੈ ਪਰ ਪ੍ਰਭੂ ਪਿਆਰੇ ਮਹਾਂਪੁਰਸ਼ਾਂ ਦੇ ਪੰਚ ਭੂਤਕ ਸਰੀਰ ਤਿਆਗਣ ਤੋਂ ਬਾਅਦ ਵੀ ਸਮਾਂ ਜਿਉਂ ਜਿਉਂ ਉਸ ਦਿਨ ਨੂੰ ਪਿਛੇ ਧਕਦਾ ਹੈ, ਤਿਉਂ ਤਿਉਂ ਯਾਦ ਵਧੇਰੇ ਤੀਬਰ ਹੁੰਦੀ ਜਾਂਦੀ ਹੈ। ਪਿਆਰੇ ਤੋਂ ਬਿਨਾਂ ਇਹ ਸੰਸਾਰ ਸਾਰਾ ਉਜਾੜ ਉਜਾੜ ਲਗਦਾ ਹੈ। ਕਦੀ ਚੁੱਪ ਹੀ ਚੁੱਪ, ਕਦੀ ਨੇਤਰਾਂ 'ਚੋਂ ਹੰਝੂ ਆਪ ਮੁਹਾਰੇ ਕਿਰਦੇ ਹਨ। ਆਪਣੇ ਪਿਆਰੇ ਨਾਲ ਗੁਜ਼ਰੇ ਸਮੇਂ ਦੇ ਦ੍ਰਿਸ਼ ਤੁਫਾਨ ਬਣ ਬਣ ਦਿਲ ਸਮੁੰਦਰ ਨੂੰ ਉਛਾਲਦੇ ਹਨ। ਹੁਣ ਤਾਂ ਐਸੀ ਅਵਸਥਾ ਬਣ ਜਾਂਦੀ ਹੈ ਜਿਵੇਂ ਗੁਰਬਾਣੀ ਦਾ ਫੁਰਮਾਨ ਹੈ -

***ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥***
***ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥*** ***ਪੰਨਾ - 558***

31 ਅਕਤੂਬਰ 2002 ਨੂੰ ਆਪਣੇ ਪਿਆਰੇ ਮਹਾਂਪੁਰਸ਼ਾਂ ਦੀਆਂ ਮਿੱਠੀਆਂ ਯਾਦਾਂ ਪਹਿਲੀ ਬਰਸੀ ਮਨਾਉਣ ਦਾ ਦਿਵਸ ਨੇੜੇ ਆ ਰਿਹਾ ਹੈ। ਪ੍ਰਭੂ ਪਿਆਰੀਆਂ ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਮਹਾਂਪੁਰਸ਼ਾਂ ਦੀ ਪਿਆਰੀ ਯਾਦ ਮਨਾਉਣ ਵਾਸਤੇ 12ਵੇਂ ਮਹਾਨ ਗੁਰਮਤਿ ਸਮਾਗਮਾਂ ਦੀ ਸਫਲਤਾ ਹਿਤ ਪਹਿਲੀ ਮੀਟਿੰਗ 15 ਅਗਸਤ 2002 ਨੂੰ ਰਤਵਾੜਾ ਸਾਹਿਬ ਵਿਖੇ ਸਵੇਰੇ 11 ਵਜੇ ਤੋਂ 2 ਵਜੇ ਤਕ ਹੋਵੇਗੀ। ਸਰਬੱਤ ਸੰਗਤਾਂ ਨੂੰ ਇਸ ਮੀਟਿੰਗ ਵਿਚ ਪਹੁੰਚਣ ਵਾਸਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ। ਭਾਵੇਂ ਪਹਿਲਾਂ ਵੀ ਹਰ ਸਾਲ ਸੰਗਤਾਂ ਦਾ ਮੀਟਿੰਗਾਂ ਵਿਚ ਭਰਪੂਰ ਹੁੰਗਾਰਾ ਮਿਲਦਾ ਰਿਹਾ ਹੈ ਪਰ ਹੁਣ ਤਾਂ ਆਪ ਜੀ ਦੇ ਸਹਿਯੋਗ ਦੀ ਲੋੜ ਅੱਗੇ ਨਾਲੋਂ ਵੀ ਬਹੁਤ ਹੀ ਜ਼ਿਆਦਾ ਹੈ ਕਿਉਂਕਿ ਮਹਾਂਪੁਰਸ਼ਾਂ ਦੇ ਸਰੀਰ ਦੇ ਹੁੰਦਿਆਂ ਸਾਨੂੰ ਕਿਸੇ ਨੂੰ ਵੀ ਕੋਈ ਫਿਕਰ ਨਹੀਂ ਸੀ ਹੁੰਦਾ।

(ਇਥੋਂ ਕੱਟ ਕੇ ਭੇਜੋ ਜੀ)

## Annual/Life Membership Form - Atam Marg

### ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name........................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address........................................................

........................................................

........................................................

PINCODE.......................Telephone..............

ਮੈਂ ..................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ.............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ................................



Sri Satguru Jagjit Singh Ji eLibrary NamdhariElibrary@gmail.com

ਪਹਾੜ ਜਿੱਡਾ ਕੰਮ ਸਾਨੂੰ ਰਾਈ ਬਰਾਬਰ ਨਜ਼ਰ ਆਉਂਦਾ ਸੀ ਪਰ ਹੁਣ ਰਾਈ ਦਾ ਦਾਣਾ ਵੀ ਪਹਾੜ ਜਿੱਡਾ ਲਗਦਾ ਹੈ। ਅਸੀਂ ਸਮੂੰਹ ਸੇਵਾਦਾਰ ਸੰਗਤ ਦੇ ਸਹਾਰੇ ਨਾਲ ਹੀ ਚਲ ਸਕਦੇ ਹਾਂ। ਮਹਾਂਪੁਰਸ਼ ਜਨਮ ਮਰਣ ਤੋਂ ਰਹਿਤ ਹੁੰਦੇ ਹਨ, ਉਹ ਸਦੀਵਤਾ ਵਿਚ ਜੀਉਂਦੇ ਹਨ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਪੰਨਾ – 749***

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ ਪੰਨਾ – 273***

ਉਨ੍ਹਾਂ ਦੀ ਯਾਦ ਮਨਾਉਣ ਵਿਚ ਸਾਡਾ ਹੀ ਭਲਾ ਹੈ। ਉਨ੍ਹਾਂ ਦੇ ਬਚਨਾਂ ਨੂੰ ਦ੍ਰਿੜ੍ਹ ਕਰੀਏ। ਆਖਰੀ ਬਚਨਾਂ ਵਿਚ ਆਪ ਜੀ ਨੇ ਕਿਹਾ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਤੋਂ ਵੱਡਾ ਗੁਰੂ ਹੋਰ ਕੋਈ ਨਹੀਂ, ਤੁਸਾਂ ਗੁਰਬਾਣੀ ਦਾ ਲੜ ਨਹੀਂ ਛੱਡਣਾ। ਐਸੇ ਬਚਨ ਹੀ ਸਾਡੇ ਜੀਵਨ ਦਾ ਸਹਾਰਾ ਹਨ। ਰਤਵਾੜਾ ਸਾਹਿਬ ਦੇ ਸਲਾਨਾ ਸਮਾਗਮ ਮਹਾਂਪੁਰਖਾਂ ਦੀ ਯਾਦ ਵਿਚ ਚਾਰ ਦਿਨ ਲਈ 30 ਅਕਤੂਬਰ 2002 ਤੋਂ 2 ਨਵੰਬਰ 2002 ਤਕ ਰੱਖਣ ਦਾ ਵੀਚਾਰ ਹੋਇਆ ਹੈ ਜਿਸ ਦਾ ਸਾਰਾ ਵੇਰਵਾ 15 ਅਗਸਤ ਦੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਅਸੀਂ ਸਾਰੇ ਸੇਵਾਦਾਰ ਆਉਣ ਵਾਲੀਆਂ ਸੰਗਤਾਂ ਦੇ ਰਸਤਿਆਂ ਉਤੇ ਆਪਣੇ ਨੈਣ ਵਿਛਾ ਕੇ ਆਪ ਜੀ ਦੀ ਉਡੀਕ ਕਰਾਂਗੇ। ਜੋ ਪ੍ਰੇਮੀ ਕਿਸੇ ਕਾਰਨ ਇਸ ਮੀਟਿੰਗ ਵਿਚ ਨਹੀਂ ਪਹੁੰਚ ਸਕਦੇ, ਉਹ ਆਪਣੇ ਵੀਚਾਰ ਟੈਲੀਫੋਨ, ਫੈਕਸ, ਈ.ਮੇਲ ਜਾਂ ਪੱਤਰਕਾ ਰਾਹੀਂ ਜ਼ਰੂਰ ਭੇਜਣ ਦੀ ਕ੍ਰਿਪਾਲਤਾ ਕਰਨ ਤਾਕਿ ਇਹ ਮਹਾਨ ਸਮਾਗਮ ਪੂਰੇ ਪਿਆਰ ਅਤੇ ਸਤਿਕਾਰ ਨਾਲ ਸਫਲਤਾ ਸਹਿਤ ਮਨਾਇਆ ਜਾ ਸਕੇ।

***ਪ੍ਰਾਰਥਕ***
***ਭਾਈ ਲਖਬੀਰ ਸਿੰਘ***

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 10 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ –**

**01888-255002**

**01888-255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ (ਸਕੂਲ) ਦੇ ਫੋਨ ਨੰਬਰ –** 01888-255003
**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਔਫ਼ ਟੈਕਨਾਲੌਜੀ –** 01888-255005, 255006. 255007



Sri Satguru Jagjit Singh Ji eLibrary NamdhariElibrary@gmail.com